### ਅਧਿਆਇ 4

# ਪੌਲੁਸ ਦਾ ਮਸੀਹ ਦੀ ਇੰਜੀਲ ਦਾ ਪ੍ਰਯੋਗੀ ਅਤੇ ਵਚਨ ਦੇ ਮੁਤਾਬਿਕ ਬਚਾਅ

## (ਭਾਗ 2)

ਪੌਲੁਸ ਨੇ ਸ਼ਰ੍ਹਾ ਨੂੰ ਮੰਨਣ ਤੇ ਮਸੀਹ ਵਿਚ ਨਿਹਚਾ ਦੀ ਉੱਤਮਤਾ ਦੇ ਤਰਕ ਨੂੰ ਅੱਗੇ ਤੋਰਿਆ (4:1–7)। 3:23–25 ਵਿਚ ਪੁੱਤਰ ਉੱਤੇ ਜਿਹੜਾ ਕਿ ਵਾਰਿਸ ਹੈ ਨਿਗਾਹਬਾਨ ਜਾਂ ਸਰਪਰੱਸਤ ਦੇ ਪਿਛਲੇ ਰੂਪਕ ਦੇ ਅਧਾਰ ਤੇ ਗੱਲ ਕਰਦਿਆਂ ਉਸ ਨੇ ਫੇਰ ਤੋਂ ਸ਼ਰ੍ਹਾ ਦੇ ਆਰਜ਼ੀ ਹੋਣ ਤੇ ਜ਼ੋਰ ਦਿੱਤਾ। ਉਸ ਨੇ ਦਾਅਵਾ ਕੀਤਾ ਕਿ ਮਸੀਹ ਵਿਚ ਮਿਲਣ ਵਾਲੀਆਂ ਬਰਕਤਾਂ ਨੂੰ ਪਾਉਣ ਦੇ ਬਾਅਦ ਸ਼ਰ੍ਹਾ ਦੀ ਰੂਹਾਨੀ ਗੁਲਾਮੀ ਵਿਚ ਵਾਪਸ ਜਾਣਾ ਮਸੀਹ ਦੇ ਅਨੰਦ ਅਤੇ ਆਸ ਨੂੰ ਗੁਆਉਣ ਦੇ ਬਰਾਬਰ ਸੀ (4:8–20)। ਇਹ ਸਮਝਾਉਂਦਿਆਂ ਕਿ ਮਸੀਹ ਵਿਚ ਅਜ਼ਾਦੀ, ਮੂਸਾ ਦੀ ਸ਼ਰ੍ਹਾ ਦੀ ਗੁਲਾਮੀ ਨਾਲੋਂ ਉੱਤਮ ਹੈ, ਸਾਰਾਹ ਅਤੇ ਹਾਜਰਾ ਦਾ ਰੂਪਕ ਦਿੰਦਿਆਂ ਇਸ ਭਾਗ ਨੂੰ ਖ਼ਤਮ ਕੀਤਾ (4:21–31)।

### ਸ਼ਰ੍ਹਾ ਦਾ ਆਰਜ਼ੀ ਹੋਣਾ: ਗੁਲਾਮ ਹੋਣ ਤੋਂ ਪੁੱਤਰ ਹੋਣ ਤਕ (4:1-7)

**[1]ਹੁਣ ਮੈਂ ਆਖਦਾ ਹਾਂ ਭਈ ਅਧਕਾਰੀ ਜਿੰਨਾ ਚਿਰ ਬਾਲਕ ਹੈ ਉਸ ਵਿਚ ਅਤੇ ਗੁਲਾਮ ਵਿਚ**
**ਕੁਝ ਭਿੰਨ ਭੇਤ ਨਹੀਂ ਭਾਵੇਂ ਉਹ ਸਭ ਦਾ ਮਾਲਕ ਹੈ। [2]ਪਰ ਉਸ ਮਿਆਦ ਤੀਕ ਜੋ ਪਿਤਾ ਦੇ ਪਹਿਲਾਂ**
**ਠਹਿਰਾਈ ਹੈ ਸਰਬਰਾਹਾਂ ਅਤੇ ਮੁਖਤਿਆਰਾਂ ਦੇ ਮਤਹਿਤ ਹੈ। [3]ਤਿਵੇਂ ਅਸੀਂ ਵੀ ਜਦ ਬਾਲਕ ਸਾਂ ਤਦ**
**ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿਚ ਸਾਂ। [4]ਪਰ ਜਾਂ ਸਮਾ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ**
**ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ। [5]ਇਸ ਲਈ ਜੋ ਮੁੱਲ ਦੇ ਕੇ**
**ਉਨ੍ਹਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪਰਾਪਤ**
**ਹੋਵੇ। [6]ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ**
**ਵਿਚ ਘੱਲ ਦਿੱਤਾ ਜਿਹੜਾ "ਅੱਬਾ", ਅਰਥਾਤ "ਹੇ ਪਿਤਾ" ਪੁਕਾਰਦਾ ਹੈ। [7]ਸੋ ਤੂੰ ਅਗਾਹਾਂ ਨੂੰ**
**ਗੁਲਾਮ ਨਹੀਂ ਸਗੋਂ ਪੁੱਤਰ ਹੈਂ ਅਤੇ ਜੇ ਪੁੱਤਰ ਹੈਂ ਤਾਂ ਪਰਮੇਸ਼ੁਰ ਦੇ ਰਾਹੀਂ ਅਧਕਾਰੀ ਵੀ ਹੈਂ।**

**ਆਇਤਾਂ 1, 2.** ਅਧਿਆਇ 3 ਵਿਚ ਪੌਲੁਸ ਨੇ ਇਕ ਬੱਚੇ ਦਾ ਰੂਪਕ ਵਰਤਿਆ ਜਿਸ ਨੂੰ ਉਸ ਦਾ ਨਿਗਾਹਬਾਨ ਜਾਂ ਸਰਬਰਾਹ ਸਕੂਲ ਵਿਚ ਲੈ ਜਾਂਦਾ ਅਤੇ ਵਾਪਿਸ ਲੈ ਕੇ ਆਉਂਦਾ ਸੀ। ਸਕੂਲ ਦੇ ਬਾਅਦ ਉਹ ਉਸ ਬੱਚੇ ਦੀ ਮਦਦ ਕਰਦਾ ਅਤੇ ਸਬਕ ਦੀ ਤਿਆਰੀ ਅਤੇ ਯਾਦ ਕਰਾਉਣ ਲਈ ਲੋੜ ਪੈਣ ਤੇ ਉਹ ਉਹਦੇ ਨਾਲ ਜ਼ਬਰਦਸਤੀ ਵੀ ਕਰਦਾ ਸੀ। ਪੌਲੁਸ ਨੇ ਜ਼ੋਰ ਦਿੰਦੇ ਹੋਏ ਆਪਣੇ ਐਲਾਨ ਨਾਲ ਆਪਣੇ ਖ਼ਤ ਦੇ ਇਸ ਭਾਗ ਨੂੰ ਖ਼ਤਮ ਕੀਤਾ ਕਿ ਗਲਾਤੀਆ ਦੇ ਮਸੀਹੀ ਲੋਕ ਜਿਨ੍ਹਾਂ

ਵਿੱਚੋਂ ਬਹੁਤੇ ਗੈਰਕੌਮ ਸਨ, ''ਮਸੀਹ ਯਿਸੂ ਉੱਤੇ ਨਿਹਚਾ ਕਰਕੇ ਸੱਭੇ ਪਰਮੇਸ਼ੁਰ ਦੇ ਪੁੱਤਰ'' ਸਨ। ਉਨ੍ਹਾਂ ਨੇ ''ਮਸੀਹ ਵਿਚ ਬਪਤਿਸਮਾ ਲਿਆ'' ਸੀ ਅਤੇ ਉਹ ''ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ'' ਸਨ (3:26–29)।

ਇਸਰਾਏਲੀਆਂ ਦੇ ਸ਼ਰ੍ਹਾ ਦੇ ਅਧੀਨ ਹੋਣ ਵੇਲੇ ਦੀ ਬਾਲ (ਜਾਂ ਨਬਾਲਗ) ਅਵਸਥਾ ਬਾਰੇ ਕਹਿਣ ਲਈ ਪੌਲੁਸ ਕੋਲ ਹੋਰ ਵੀ ਬਹੁਤ ਕੁਝ ਸੀ: **ਹੁਣ ਮੈਂ ਆਖਦਾ ਹਾਂ ਭਈ ਅਧਕਾਰੀ ਜਿੰਨਾ ਚਿਰ ਬਾਲਕ** [*nēpios*, ਨੇਪਿਓਸ] **ਹੈ ਉਸ ਵਿਚ ਅਤੇ ਗੁਲਾਮ** [*doulos*, ਡੂਲੋਸ] **ਵਿਚ ਕੁਝ ਭਿੰਨ ਭੇਤ ਨਹੀਂ ਭਾਵੇਂ ਉਹ ਸਭ ਦਾ ਮਾਲਕ ਹੈ। ਪਰ ਉਸ ਮਿਆਦ ਤੀਕ ਜੋ ਪਿਤਾ ਦੇ ਪਹਿਲਾਂ ਠਹਿਰਾਈ ਹੈ ਸਰਬਰਾਹਾਂ ਅਤੇ ਮੁਖਤਿਆਰਾਂ ਦੇ ਮਤਹਿਤ ਹੈ।** ਪੌਲੁਸ ਨੂੰ ਗਲਾਤੀਆਂ ਲਈ ਇਹ ਇਸ ਗੱਲ ਨੂੰ ਵਿਸਤਾਰ ਨਾਲ ਸਮਝਾਉਣ ਦੀ ਲੋੜ ਨਹੀਂ ਸੀ। ਉਨ੍ਹਾਂ ਦੇ ਨਗਰ ਲੰਮੇ ਸਮੇਂ ਤੋਂ ਯੂਨਾਨੀ ਭਾਸ਼ਾ ਬੋਲਣ ਵਾਲੇ ਸਨ ਅਤੇ ਸੰਕੇਤਕ ਰੂਪ ਵਿਚ ਉਹ ਹਕੂਮਤ ਦੀਆਂ ਯੂਨਾਨੀ–ਰੋਮੀ ਰਸਮਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ।

ਇਕ ਚੰਗੇ ਪਰਿਵਾਰ ਵਿਚ ਪਲੇ ਵਧੇ ਬੱਚਿਆਂ ਦੇ ''ਸਰਬਰਾਹ'' ਹੁੰਦੇ ਸਨ, ਜਿਹੜੇ ਉਨ੍ਹਾਂ ਦੀ ਦੇਖਭਾਲ ਕਰਦੇ ਅਤੇ ਉਸ ਸਮੇਂ ਦੀ ਕੋਇਨੀ (ਆਮ) ਯੂਨਾਨੀ ਭਾਸ਼ਾ ਸਿੱਖਣ ਵਿਚ ਮਦਦ ਕਰਦੇ ਸਨ। ਪਰਿਵਾਰ ਦੀ ਸਿੱਖਿਆ ਦੇ ਸਭ ਤੋਂ ਵੱਡੇ ਟੀਚੇ ਵਿੱਚੋਂ ਇਕ ਇਹ ਹੁੰਦਾ ਸੀ ਕਿ ਅਜਿਹੇ ਉਸਤਾਦਾਂ ਜਾਂ ਸਰਪਰੱਸਤਾਂ ਦਾ ਖ਼ਰਚਾ ਚੁੱਕ ਸਕਦੇ ਸਨ। ਮੁੰਡੇ ਲਈ ਬਾਲਕ ਹੋਣ ਤਕ ਆਪਣੇ ਸਰਬਰਾਹਾਂ (ਸਰਪਰੱਸਤਾਂ) ਦਾ ਹੁਕਮ ਮੰਨਣਾ ਜ਼ਰੂਰੀ ਹੁੰਦਾ ਸੀ। ਇਹ ਉਹ ਸਮਾਂ ਹੁੰਦਾ ਸੀ ਜਦੋਂ ਉਸ ਦਾ ਪਿਤਾ ਇਹ ਤੈਅ ਕਰਦਾ ਸੀ ਕਿ ਮੁੰਡਾ ਐਨਾ ਵੱਡਾ ਹੋ ਗਿਆ ਹੈ ਕਿ ਉਸ ਨੂੰ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ। ਯਹੂਦੀਆਂ ਵਿਚ ਇਹ ''ਬਾਰ ਮਿਤਜ਼ਵਾ'' ਦਾ ਸਮਾਂ ਹੁੰਦਾ ਸੀ। ਰੋਮੀਆਂ ਵਿਚ ਇਹ ਮੁੰਡੇ ਦੀ ਟੀਨ ਅਵਸਥਾ ਦਾ ਅੰਤ ਹੋਣਾ ਸੀ; ਫਿਰ ਉਸ ਨੂੰ ਚੋਗਾ ਪਾਉਣ ਦੀ ਇਜਾਜ਼ਤ ਹੁੰਦੀ ਅਤੇ ਜਵਾਨ ਬਾਲਗ ਦੇ ਰੂਪ ਵਿਚ ਉਸ ਦੀ ਨਵੀਂ ਸਥਿਤੀ ਨਾਲ ਉਸ ਨੂੰ ਕੁਝ ਹੋਰ ਇਖ਼ਤਿਆਰ ਦਿੱਤੇ ਜਾਂਦੇ ਸਨ।

ਇਸ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ ਕਿ ਪੌਲੁਸ ਇੱਥੇ ਯਹੂਦੀ ਰਸਮ ਦੀ ਗੱਲ ਕਰ ਰਿਹਾ ਸੀ ਜਾਂ ਰੋਮੀ ਰਸਮ ਦੀ। ਉਸ ਦਾ ਮਕਸਦ ਇਹ ਦਾਅਵਾ ਕਰਨਾ ਸੀ ਕਿ ਪਿਤਾ ਵੱਲੋਂ ''ਠਹਰਾਈ ਮਿਆਦ'' (*prothesmia*, ਪਰੋਥੇਸਮੀਆ) ਤਕ ਅਧਕਾਰੀ (''ਹੋਣ ਵਾਲਾ ਸਭ ਦਾ ਮਾਲਕ [*kurios*,[1] ਕੁਰਿਓਸ]'') ਗੁਲਾਮ ਨਾਲੋਂ ਅੱਡ ਨਹੀਂ ਹੁੰਦਾ ਸੀ। ਮੁੰਡੇ ਨੂੰ ਗੁਲਾਮਾਂ ਦੇ ਮਤਹਿਤ ਹੀ ਰੱਖਿਆ ਜਾ ਸਕਦਾ ਸੀ ਜਿਨ੍ਹਾਂ ਨੂੰ ਆਪਣੇ ਮਤਹਿਤ ਬਾਲਕਾਂ ਤੋਂ ਹੁਕਮ ਮਨਵਾਉਣ ਦਾ ਇਖ਼ਤਿਆਰ ਹੁੰਦਾ ਸੀ।

ਬਾਲਕ ਅਤੇ ਉਸ ਦੇ ਨਿਗਾਹਬਾਨ ਜਾਂ ਸਰਬਰਾਹ ਦਾ ਰੂਪਕ ਸ਼ਰ੍ਹਾ ਦੇ ਅਧੀਨ ਇਸਰਾਏਲ ਦੀ ਹਾਲਤ ਨੂੰ ਦਰਸਾਉਂਦਾ ਹੈ। ਇਸ ਅਧਿਆਇ ਵਿਚ ਅੱਗੇ ਪੌਲੁਸ ਨੇ ਸੀਨਾ ਉੱਤੇ ਨੇਮ ਦੀ ਗੱਲ ਕੀਤੀ ਸੀ (ਜੋ ਕਿ ਪ੍ਰਤੀਕ ਵਜੋਂ ਸਾਰਾਹ ਦੀ ਗੋੱਲੀ, ਹਾਜਰਾ ਸੀ)। ਹਾਜਰਾ ਨੂੰ ''ਆਪਣੇ ਬੱਚਿਆਂ ਸਣੇ ਗੁਲਾਮੀ ਵਿਚ ਪਈ'' (4:25) ਵਿਖਾ ਕੇ ਉਸ ਨੇ ਵਿਖਾਇਆ ਕਿ ਨੇਮ ਦੀ ਸੰਤਾਨ ਇਸਰਾਏਲੀ, ਸ਼ਰ੍ਹਾ ਦੇ ਗੁਲਾਮ ਸਨ।

ਗਲਾਤੀਆਂ ਨੂੰ ਕਈ ਵਾਰ ਪੌਲੁਸ ਦਾ ''ਮਸੀਹੀ ਅਜ਼ਾਦੀ ਦਾ ਰਾਜਪੱਤਰ'' ਕਿਹਾ ਗਿਆ ਹੈ। ਇਹ ਆਇਤਾਂ ਜਿਨ੍ਹਾਂ ਵਿਚ ਗੁਲਾਮੀ ਦੀ ਗੱਲ ਕੀਤੀ ਗਈ ਹੈ, ਗਲਾਤੀਆਂ ਦੀਆਂ ਇਨ੍ਹਾਂ ਕਲੀਸੀਆਵਾਂ ਦੀ ਜ਼ਿੰਦਗੀ ਅਤੇ ਪੱਤਰ ਦੇ ਉਦੇਸ਼ ਨੂੰ ਸਮਝਣ ਵਿਚ ਮਦਦ ਕਰਦੀਆਂ ਹਨ। ਸਾਨੂੰ ਇਸ ਤੱਥ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਇਨ੍ਹਾਂ ਕਲੀਸੀਆਵਾਂ ਨੂੰ ਬੜੀ ਕਾਮਯਾਬੀ ਨਾਲ ਖ਼ਤਮ ਕਰਨ ਲਈ ਉਨ੍ਹਾਂ ਉੱਤੇ ਸੁੰਨਤ ਨੂੰ ਜ਼ਬਰਦਸਤੀ ਮੜ੍ਹਨ ਦੀ ਕੋਸ਼ਿਸ਼ ਕਰ ਰਹੇ ਸਨ ਜਿਹੜੀ ਸੀਨੈ ਪਹਾੜ ਤੇ ਸ਼ਰ੍ਹਾ ਦਿੱਤੇ ਜਾਣ ਨਾਲ ਲਾਗੂ ਹੋਈ ਸੀ। ਇਸ ਖ਼ਤ ਵਿਚ ਅਜਿਹਾ ਕੋਈ ਸੰਕੇਤ ਨਹੀਂ ਹੈ, ਜਿਵੇਂ ਕਿ ਕੁਝ ਟੀਕਾਕਾਰਾਂ ਨੇ ਸੁਝਾਇਆ ਹੈ, ਕਿ ਪੌਲੁਸ ਇੱਥੇ ਆਪਣੇ ਕੰਮਾਂ ਦੇ ਰਾਹੀਂ ਧਾਰਮਿਕਤਾ ਨੂੰ ਕਮਾਉਣ ਦੇ ਕਰਮਕਾਂਡੀ ਕੰਮਾਂ ਦਾ ਸਾਹਮਣਾ ਕਰ ਰਿਹਾ ਹੋਵੇ।

ਪੌਲੁਸ ਦੇ ਉਸ ਮੁੰਡੇ ਦੀ ਉਦਾਹਰਣ ਦੀ ਪ੍ਰਾਸੰਗਿਕਤਾ ਤੋਂ ਅੱਗੇ ਵਧਣ ਤੋਂ ਪਹਿਲਾਂ ਜਿਹੜਾ ਅਜੇ ਬਾਲਗ ਨਹੀਂ ਹੋਇਆ ਸੀ, ''ਸਰਬਰਾਹਾਂ'' (*epitropos,* ਐਪਿਟ੍ਰੋਪੋਸ) ਅਤੇ ''ਮੁਖ਼ਤਿਆਰਾਂ'' (*oikonomos,* ਓਇਕੋਨੋਮੋਸ) ਤੇ ਵਿਚਾਰ ਕੀਤਾ ਜਾਂਦਾ ਚਾਹੀਦਾ ਹੈ। ਯੂਨਾਨੀ ਸਾਹਿਤ ਵਿਚ *epitropos* (ਐਪਿਟ੍ਰੋਪੋਸ) ਦੀ ਵਰਤੋਂ ''ਰਾਜਪਾਲ'' ਅਤੇ ''ਮੁਖ਼ਤਿਆਰ'' ਤੋਂ ਲੈ ਕੇ ਕਈ ਅਹੁਦਿਆਂ ਲਈ ਕੀਤੀ ਜਾਂਦੀ ਸੀ।[2] ਨਵੇਂ ਨੇਮ ਵਿਚ ਭਾਵੇਂ ਇਹ ਸ਼ਬਦ ਤਿੰਨ ਵਾਰ ਮਿਲਦਾ ਹੈ ਪਰ ਇਸ ਦਾ ਸਬੰਧ (*epitropē,* ਐਪਿਟ੍ਰੋਪ) ਸ਼ਬਦ ਨਾਲ ਹੈ ਜਿਸ ਦਾ ਅਰਥ ''ਇਜਾਜ਼ਤ,'' ''ਇਖ਼ਤਿਆਰ'' ਜਾਂ ''ਪੂਰੀ ਸ਼ਕਤੀ'' ਦੇਣਾ ਹੈ।[3] ਇਨ੍ਹਾਂ ਪਰਿਭਾਸ਼ਾਵਾਂ ਤੋਂ ਉਸ ਇਖ਼ਤਿਆਰ ਦੀ ਸਮਝ ਮਿਲਦੀ ਹੈ ਜਿਹੜਾ ਨਿਗਾਹਬਾਨ ਜਾਂ ਸਰਬਰਾਹ ਨੂੰ ਉਸ ਮੁੰਡੇ ਉੱਤੇ ਹੁੰਦਾ ਸੀ ਜਿਹੜਾ ਉਹਦੇ ਸਪੁਰਦ ਕੀਤਾ ਗਿਆ ਹੁੰਦਾ ਸੀ।

*Oikonomos* ਸ਼ਬਦ ਜੋ ਕਿ ਨਵੇਂ ਨੇਮ ਵਿਚ *epitropos* (ਐਪਿਟ੍ਰੋਪੋਸ) ਨਾਲੋਂ ਵਧੇਰੇ ਆਮ ਹੈ। ਘਰ ਦੀ ਦੇਖਭਾਲ ਕਰਨ ਵਾਲੇ ਪ੍ਰਬੰਧਕ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਘਰ ਦੇ ਮਾਲਿਕ ਦੇ ਕਿਤੇ ਘੁੰਮਣ ਜਾਣ ਵੇਲੇ ਉਸ ਦੀ ਜਾਇਦਾਦ ਦਾ ਜ਼ਿਮਾ ਦਿੱਤਾ ਜਾਂਦਾ ਹੈ (ਲੂਕਾ 12:42; ਵੇਖੋ 16:1, 3, 8)। ਮੂਲ ਵਿਚ ਉਹ ''ਘਰ (ਜਾਂ ਘਰ ਬਾਹਰ) ਦਾ ਕਾਨੂੰਨ'' ਹੁੰਦਾ ਸੀ। ਇਸ ਸ਼ਬਦ ਦੀ ਵਰਤੋਂ ਇਕ ਵਾਰ ਕੁਰਿੰਥੁਸ ਸ਼ਹਿਰ ਦੇ ਖ਼ਜਾਨਚੀ ਇਰਸਤੁਸ ਲਈ ਹੋਈ ਹੈ (ਰੋਮੀਆਂ 16:23), ਜਿਸ ਦਾ ਨਾਂਅ ਅੱਜ ਵੀ ਉਸ ਸ਼ਹਿਰ ਦੇ ਵੱਡੇ ਮੰਚ ਦੇ ਨੇੜੇ ਫ਼ਰਸ਼ ਉੱਤੇ ਉੱਕਰਿਆ ਹੈ। ਨਵੇਂ ਨੇਮ ਵਿਚ ਇਸ ਦੀ ਵਰਤੋਂ ਰਸੂਲਾਂ (1 ਕੁਰਿੰਥੀਆਂ 4:1, 2), ਬਜ਼ੁਰਗਾਂ/ਐਲਡਰਾਂ (ਤੀਤੁਸ 1:7), ਅਤੇ ਉਨ੍ਹਾਂ ਲਈ ਕੀਤੀ ਗਈ ਜਿਹੜੇ ''ਵੱਖੋ ਵੱਖ ਰੂਪਾਂ ਵਿਚ ਖ਼ੁਦਾ ਦੇ ਫ਼ਜ਼ਲ ਦੇ ਇੰਤਜ਼ਾਮ'' ਵਿਚ ਮਸੀਹੀ ਸੇਵਾਵਾਂ ਨਿਭਾਉਂਦੇ ਸਨ। (1 ਪਤਰਸ 4:10; NIV 1984)।

**ਆਇਤ 3.** ਇਸਰਾਏਲ ਦੇ ਅਜੇ ਵੀ ਬਾਲ ਅਵਸਥਾ ਵਿਚ ਹੋਣ ਦੀ ਗੱਲ ਕਰਦਿਆਂ ਪੌਲੁਸ ਨੇ ਲਿਖਿਆ, **ਤਿਵੇਂ ਅਸੀਂ ਵੀ ਜਦ ਬਾਲਕ ਸਾਂ ਤਦ ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿਚ ਸਾਂ।** 4:9 ਵਿਚ ਉਸ ਨੇ ਆਖਿਆ ਕਿ ਗਲਾਤੀਆ ਦੇ ਸਮਾਜਾਂ ਦੇ ਗੈਰਕੌਮ ਮਸੀਹੀ ''ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ ਦੀ ਵੱਲ ਮੁੜ *[ਜਾਂਦੇ]* ਸਨ ਜਿਨ੍ਹਾਂ ਦੇ ਬੰਧਨ *[ਉਹ]* ਨਵੇਂ ਸਿਰਿਓਂ ਆਉਣਾ ਚਾਹੁੰਦੇ ਸਨ।'' ਇਹਦਾ ਮਤਲਬ ਇਹ ਹੋਇਆ ਕਿ ''ਸੰਸਾਰੀ ਮੂਲ ਗੱਲਾਂ'' (*stoicheia,* ਸਟੋਇਕਿਆ) ਸ਼ਬਦ ਵਿਚ ਸ਼ਰ੍ਹਾ ਤਾਂ ਹੈ ਹੀ, ਪਰ ਇਸ ਨਾਲੋਂ ਵੀ ਵਧਕੇ ਕੁਝ ਹੋਰ ਹੋਵੇਗਾ।

*Stoicheia* ਜਿਸ ਦਾ ਅਨੁਵਾਦ ਨਵੇਂ ਨੇਮ ਵਿਚ ਹਮੇਸ਼ਾ ਬਹੁਵਚਨ ਰੂਪ ਵਿਚ ਹੋਇਆ ਹੈ, ਕਿਸੇ ਵੀ ਸਿਸਟਮ ਦੀਆਂ ਬੁਨਿਆਦੀ ਗੱਲਾਂ ਵਿਚ ਹੋ ਸਕਦਾ ਹੈ। ਯੂਨਾਨੀ ਸਾਹਿਤ ਵਿਚ ਇਸ ਸ਼ਬਦ ਦੀ ਵਰਤੋਂ ਵੱਖੋ ਵੱਖ ਸੰਦਰਭਾਂ ਵਿਚ ਕੀਤੀ ਜਾਂਦੀ ਹੈ। (1) *Stoicheia* ਵਰਣਮਾਲਾ ਦੇ ਅੱਖਰਾਂ ਨੂੰ ਆਖਿਆ ਜਾਂਦਾ ਹੈ ਅਤੇ (2) ਇਸ ਸ਼ਬਦ ਦੀ ਵਰਤੋਂ ਵਿਆਕਰਣ ਦੀ ਰਚਨਾ ਕਰਨ ਵਾਲੇ ਦੇ ਬੋਲਚਾਲ ਦੇ ਭਾਵਾਂ (ਨਾਉਂ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ ਆਦਿ) ਲਈ ਕੀਤੀ ਜਾਂਦੀ ਹੈ। (3) ਇਹ ਧਰਤੀ, ਹਵਾ, ਅੱਗ ਅਤੇ ਪਾਣੀ ਨੂੰ ਵੀ ਦਰਸਾਉਂਦਾ ਹੈ। ਜਿੱਥੋਂ ਤਕ ਤੱਤ ਦੇ ਯੂਨਾਨੀ ਭਾਵ ਦੀ ਗੱਲ ਸੀ ਇਨ੍ਹਾਂ ਚਾਰਾਂ ਤੱਤਾਂ ਤੋਂ ਭੌਤਿਕ ਸੰਸਾਰ ਬਣਿਆ ਸੀ (ਵੇਖੋ 2 ਪਤਰਸ 3:10, 12)। (4) *Stoicheia* ਨਜ਼ਰ ਆਉਣ ਵਾਲੇ ਅਕਾਸ਼ਾਂ ਵਿਚ ਵੱਸੇ ਤਾਰਾਮੰਡਲ ਦੇ ਤਾਰਿਆਂ ਨੂੰ ਦਰਸਾਉਂਦਾ ਹੈ (ਵੇਖੋ 1 ਕੁਰਿੰਥੀਆਂ 15:40, 41)। (5) ਯੂਨਾਨੀਆਂ ਦੀ ਦਾਰਸ਼ਨਿਕ ਅਤੇ ਅਧਿਆਤਮਿਕ ਭਾਸ਼ਾ ਵਿਚ ਇਸ ਸ਼ਬਦ ਦੀ ਵਰਤੋਂ ਸਿਰਫ਼ ਅਕਾਸ਼ੀ ਪਿੰਡਾਂ[4] ਲਈ ਹੀ ਨਹੀਂ ਬਲਕਿ ਤੱਤ ਦੇ ਭੌਤਿਕ ਤੱਤਾਂ ਨਾਲ ਜੁੜੇ ਬੁਨਿਆਦੀ ਰੁਝਾਨਾਂ ਲਈ ਵੀ ਹੁੰਦੀ ਸੀ।[5]

*Stoicheia* ਦਾ ਅਨੁਵਾਦ ਇਸ ਅਧਿਆਇ ਵਿਚ ਕਈ ਤਰ੍ਹਾਂ ਨਾਲ ਹੋਇਆ ਹੈ। ਇੱਥੇ ਇਸ ਦਾ ਅਰਥ ''ਮੁੱਢਲੇ ਸਿਧਾਂਤ'' (ASV), ''ਬੁਨਿਆਦੀ ਨਿਯਮ'' (NIV 1984), ਜਾਂ ''ਮੂਲ

ਨਿਯਮ'' (ESV) ਹੈ।[6] ਪੌਲੁਸ ਇਹ ਤਰਕ ਦੇ ਰਿਹਾ ਸੀ ਕਿ ਪਰਮੇਸ਼ੁਰ ਨੇ ਬਾਲਕ (ਸ਼ਰ੍ਹਾ ਅਧੀਨ ਯਹੂਦੀ) ਲਈ ਕੁਝ ਚੀਜ਼ਾਂ ਸਵੀਕਾਰ ਕਰ ਲਈਆਂ ਸਨ ਅਤੇ ਉਨ੍ਹਾਂ ਨੂੰ ਉਹਦੇ ਲਈ ਥਾਪ ਵੀ ਦਿੱਤਾ ਸੀ) ਪਰ ਕੁਝ ਗੱਲਾਂ ਵੱਡਿਆਂ ਲਈ (ਮਸੀਹੀ ਆਦਮੀ ਜਿਸ ਨੂੰ ਪੁੱਤਰ ਹੋਣ ਦਾ ਆਤਮਾ ਦਿੱਤਾ ਗਿਆ ਸੀ) ਬੇਲੋੜੀਆਂ ਸਨ। ਸੰਦਰਭ ਭਾਵੇਂ ਫ਼ਰਕ ਹੈ, ਪਰ 1 ਕੁਰਿੰਥੀਆਂ 13:11 ਵਿਚ ਅਜਿਹੀ ਹੀ ਸੋਚ ਨੂੰ ਦਰਸਾਇਆ ਗਿਆ ਹੈ: ''ਜਦ ਮੈਂ ਨਿਆਣਾ ਸਾਂ ਤਦ ਨਿਆਣੇ ਵਾਂਙੁ ਬੋਲਦਾ, ਨਿਆਣੇ ਵਾਂਙੁ ਸਮਝਦਾ ਅਤੇ ਨਿਆਣੇ ਵਾਂਙੁ ਜਾਚਦਾ ਸਾਂ। ਹੁਣ ਮੈਂ ਸਿਆਣਾ ਹੋਇਆ ਤਾਂ ਮੈਂ ਨਿਆਣਪੁਣੇ ਦੀਆਂ ਗੱਲਾਂ ਛੱਡ ਦਿੱਤੀਆਂ ਹਨ।''

ਪੌਲੁਸ ਗਲਾਤੀਆ ਦੇ ਇਨ੍ਹਾਂ ਅਨਾੜ੍ਹੀ ਚੇਲਿਆਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਆਪਣੇ ਬਾਹਰੀ ਸਾਜ ਸਮਾਨ ਨਾਲ ਸ਼ਰ੍ਹਾ ਇਕ ਭੌਤਿਕ ਜਹਾਜ਼ ਉੱਤੇ ਸਵਾਰ ਸੀ (ਵੇਖੋ ਇਬਰਾਨੀਆਂ 9; 10)। ਇਸ ਦੀਆਂ ਕਈ ਵਿਧੀਆਂ ਅਤੇ ਕੁਰਬਾਨੀਆਂ ''ਮੂਲ'' ਭਾਵ ਮੁੱਢਲੀਆਂ ਸਨ। ਸ਼ਰ੍ਹਾ ਇਕ ਸਪੱਸ਼ਟ, ਸਾਫ਼ ਸਾਫ਼ ਉਦਾਹਰਣ ਸੀ ਜਿਹੜੀ ਰੂਹਾਨੀ ਰਾਜ ਅਤੇ ਯਾਜਕੀ ਸੇਵਾ ਵੱਲ ਜਿਹੜੀ ਯਿਸੂ ਮਸੀਹਾ ਦੀ ਸੇਵਕਾਈ ਵਿਚ ਹੋਣ ਵਾਲੀ ਸੀ ਵੱਲ ਧਿਆਨ ਦੁਆਉਂਦੀ ਸੀ।

ਯਿਸੂ ਨੇ ਖੂਹ ਉੱਤੇ ਸਾਮਰੀ ਔਰਤ ਨੂੰ ਇਹੀ ਸਬਕ ਦਿੱਤਾ ਸੀ ਜਦ ਉਸ ਨੇ ਬੰਦਗੀ ਕੀਤੇ ਜਾਣ ਦੇ ਸਹੀ ਥਾਂ ਬਾਰੇ ਪੁੱਛਿਆ ਸੀ। ਇਹ ਥਾਂ ਗਿਰਾਜੀਮ ਪਹਾੜ ਉੱਤੇ ਸੀ ਜਾਂ ਯਰੂਸ਼ਲਮ ਵਿਚ? ਯਿਸੂ ਦੇ ਜਵਾਬ ਦੀ ਅਹਿਮੀਅਤ ਨੂੰ ਨਾਂ ਭੁੱਲੋ: ''... ਨਾਂ ਤਾਂ ਇਸ ਪਰਬਤ ਉੱਤੇ ਅਤੇ ਨਾਂ ਯਰੂਸ਼ਲਮ ਵਿਚ ... ਪਰ ਉਹ ਸਮਾਂ ਆਉਂਦਾ ਹੈ ਸਗੋਂ ਹੁਣੇ ਹੈ ਜੋ ਸੱਚੇ ਭਗਤ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਭਗਤੀ (ਬੰਦਗੀ) ਕਰਨਗੇ'' (ਯੂਹੰਨਾ 4:21–23)। ਦੂਜੇ ਸ਼ਬਦਾਂ ਵਿਚ, ਸਮੇਂ ਅਤੇ ਸਥਾਨ ਦੀਆਂ ਅਜਿਹੀਆਂ ਦੁਨਿਆਵੀ ਧਾਰਣਾਵਾਂ ਦੇ ਬਾਵਜੂਦ ਸੱਚੇ ਅਰਾਧਕਾਂ ਨੇ ਉਸ ਮੂਲ ਸਮੱਗਰੀ ਨਾਲ ਬਣੇ ਜਹਾਜ਼ ਤੋਂ ਉੱਪਰ ਉੱਠ ਕੇ ਆਤਮਾ ਦੇ ਜਹਾਜ਼ ਵਿਚ ਬੈਠ ਜਾਣਾ ਸੀ ਜਿਹੜਾ ਅਸਲ ਭਾਵ ਰੂਹਾਨੀ ਕੁਰਬਾਨੀਆਂ ਚੜ੍ਹਾਉਂਦਾ ਹੈ ਜਿਹੜੀਆਂ ਖ਼ੁਦਾ ਨੂੰ ਪਸੰਦ ਹਨ।

''ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿਚ'' ਦੀ ਪੂਰੀ ਅਭਿਵਿਅਕਤੀ ਤੋਂ ਪੌਲੁਸ ਦਾ ਕੀ ਅਰਥ ਸੀ? ਉਹ ਬਚਪਨ ਦੀਆਂ ਬੰਦਿਸ਼ਾਂ ਦੀ ਗੱਲ ਕਰ ਰਿਹਾ ਹੋ ਸਕਦਾ ਹੈ। ਸ਼ਾਇਦ ਉਹ ਆਖ ਰਿਹਾ ਸੀ ਕਿ ਯਹੂਦੀ ਲੋਕ ਜਦੋਂ ਆਤਮਾ ਦੇ ਵਾਸ ਤੋਂ ਵਿਹੂਣੇ ਸਨ, ਤਾਂ ਉਹ ਬਾਹਰੀ ਸੰਸਾਰ ਤਕ ਸੀਮਤ ਸਨ। ਉਨ੍ਹਾਂ ਦੇ ਖੰਭ ਅਜੇ ਨਿੱਕਲੇ ਨਹੀਂ ਸਨ ਅਤੇ ਉਹ ਸੰਸਾਰਕ ਦੇ ਹੇਠਲੇ ਦਾਇਰੇ ਤਕ ਸੀਮਤ ਸਨ। ਉਹ ਅਜੇ ਜ਼ਿੰਦਗੀ ਦੇ ਉਸ ਉਚੇਰੇ ਜਹਾਜ਼ ਦਾ ਝੂਟਾ ਨਹੀਂ ਲੈ ਸਕਦੇ ਸਨ। ਜਿਸ ਤਕ ਸਿਰਫ਼ ਆਤਮਾ ਦੀ ਸਮਰੱਥਾ ਦੇ ਰਾਹੀਂ ਜਾਇਆ ਜਾ ਸਕਦਾ ਹੈ।

**ਆਇਤ 4.** ਇਸਰਾਏਲੀਆਂ ਦੀ ਸ਼ਰ੍ਹਾ ਦੇ ਅਧੀਨ ਬੁਨਿਆਦੀ ਜਾਂ ਬਾਲ ਅਵਸਥਾ ਦੀ ਚਰਚਾ ਕਰਨ ਦੇ ਬਾਅਦ ਪੌਲੁਸ ਉਸ ਵੱਲ ਮੁੜਿਆ ਜਿਸ ਵਿਚ ਸਾਰੀ ਮਨੁੱਖਜਾਤੀ ਦੇ ਇਤਿਹਾਸ ਦਾ ਸਿਖਰ ਹੈ: **ਪਰ ਜਾਂ ਸਮਾ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਘੱਲਿਆ।** ਮਸੀਹਾ ਦਾ ਆਉਣਾ ਉਸ ਸਭ ਦੀ ਜੋ ਸੰਸਾਰ ਦੇ ਸਿਰਜੇ ਜਾਣ ਤੋਂ ਵੀ ਪਹਿਲਾਂ ਖ਼ੁਦਾ ਦੇ ਮਨ ਵਿਚ ਸੀ, ਸਭ ਤੋਂ ਵੱਡੀ ਘਟਨਾ ਸੀ। ਇਹ ''ਪਰਮੇਸ਼ੁਰ ਦੇ ਵਚਨ ਦੀ ਪੂਰੀ ਕਥਾ ਕਰਾਂ। ਅਰਥਾਤ ਉਸ ਭੇਤ ਦੀ ਜਿਹੜੀ ਸਾਰਿਆਂ ਜੁੱਗਾਂ ਅਤੇ ਪੀੜ੍ਹੀਆਂ ਤੋਂ ਗੁਪਤ ਰਿਹਾ ਪਰ ਹੁਣ ਉਹ ਦੇ ਸੰਤਾਂ ਉੱਤੇ ਪਰਗਟ ਹੋਇਆ'' (ਕੁਲੁੱਸੀਆਂ 1:25, 26) ਕਰਨ ਲਈ ਖ਼ੁਦਾ ਦੀ ਸਦੀਪਕ ਮੰਸ਼ਾ ਸੀ । ਇਹ ਸਾਨੂੰ ''ਸਮਿਆਂ ਦੀ ਪੂਰਨਤਾਈ'' ਤਕ ਲੈ ਆਉਂਦਾ ਹੈ ਤਾਂ ਜੋ ਅਜਿਹੀ ''ਜੁਗਤ ਹੋਵੇ ਤਾਂ ਜੋ ਉਹ ਸਭਨਾਂ ਨੂੰ ਜੋ ਸੁਰਗ ਵਿਚ ਅਤੇ ਜੋ ਧਰਤੀ ਉੱਤੇ ਹਨ ਮਸੀਹ ਵਿਚ ਇਕੱਠਾ ਕਰੇ'' (ਅਫ਼ਸੀਆਂ 1:10)।

''ਸਮਾਂ ਪੂਰਾ ਹੋਇਆ'' ਦੀ ਇਹ ਧਾਰਣਾ ਨਵੇਂ ਨੇਮ ਦੇ ਵੱਖੋ ਵੱਖ ਇਜ਼ਹਾਰਾਂ ਉੱਤੇ ਜ਼ੋਰ ਦਿੰਦੀ ਹੈ। ਯਿਸੂ ਨੇ ਜਦ ਧਰਤੀ ਉਤਲੀ ਆਪਣੀ ਸੇਵਕਾਈ ਸ਼ੁਰੂ ਕੀਤੀ, ਤਾਂ ਉਸ ਨੇ ਐਲਾਨ ਕੀਤਾ,

''ਸਮਾ ਪੂਰਾ ਹੋਇਆ ਅਤੇ ਪਰਮੇਸ਼ੁਰ ਦਾ ਰਾਜ ਨੇੜੇ ਆ ਗਿਆ ਹੈ'' (ਮਰਕੁਸ 1:15ੳ)। ਛੁਟਕਾਰਾ ਦੁਆਉਣ ਵਾਲੀ ਆਪਣੀ ਮੌਤ ਦਾ ਸਮਾਂ ਨੇੜੇ ਆਉਣ ਤੇ, ਉਸ ਨੇ ਆਖਿਆ, ''ਮੇਰਾ ਵੇਲਾ ਨੜੇ ਆ ਗਿਆ'' (ਮੱਤੀ 26:18)। ਤਿਮੋਥਿਉਸ ਨੇ ਲਿਖਿਆ ਕਿ ਮਸੀਹ ''ਨੇ ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰਕੇ ਦੇ ਦਿੱਤਾ ਅਤੇ ਉਹਦੀ ਸਾਖੀ ਆਪਣੇ ਵੇਲੇ ਸਿਰ ਹੋਈ''(1 ਤਿਮੋਥਿਉਸ 2:6)। ਉਸ ਨੇ ਇਹ ਵੀ ਆਖਿਆ, ''ਉਸ ਸਦੀਪਕ ਜੀਵਨ ਦੀ ਆਸ ਉੱਤੇ ਜਿਹ ਦਾ ਪਰਮੇਸ਼ੁਰ ਨੇ ਜੋ ਝੂਠ ਬੋਲ ਨਹੀਂ ਸਕਦਾ *ਸਨਾਤਨ ਸਮਿਆਂ* ਤੋਂ ਵਾਇਦਾ ਕੀਤਾ ਸੀ। ਪਰ ਵੇਲੇ ਸਿਰ ਆਪਣੇ ਵਚਨ ਨੂੰ ਉਸ ਪ੍ਰਚਾਰ ਦੇ ਰਾਹੀਂ ਪਰਗਟ ਕੀਤਾ'' (ਤੀਤੁਸ 1:2, 3; ASV)। ਯਹੂਦਾ ਨੇ ਰਸੂਲਾਂ ਦੀ ਗੱਲ ਵਿੱਚੋਂ ਦੁਹਰਾਇਆ ਜਿਨ੍ਹਾਂ ਨੇ ਆਖਿਆ ਸੀ ਕਿ ''*ਅੰਤ ਦੇ ਸਮੇਂ* ਠੱਠਾ ਕਰਨ ਵਾਲੇ ਹੋਣਗੇ'' (ਯਹੂਦਾਹ 18)।

ਇਨ੍ਹਾਂ ਹਵਾਲਿਆਂ ਵਿਚ ਇਸ ਸ਼ਬਦ ਦਾ ਅਰਥ ਭਾਵੇਂ ''ਸਮਾਂ'' ਹੋਇਆ ਹੈ, ਪਰ ਕਿਤੇ ਇਹ (*kairos,* ਕੇਰੋਸ) ਅਤੇ ਕਿਤੇ (*chronos,* ਚਰੋਨੋਸ) ਹੈ, ਪਰ ਵਿਚਾਰ ਇਹੀ ਹੈ ਕਿ ਸਾਡਾ ਖ਼ੁਦਾ ਇਤਿਹਾਸ ਦਾ ਖ਼ੁਦਾ ਹੈ। ਉਹ ਉਹ ਖ਼ੁਦਾ ਹੈ ਜਿਹੜਾ ਸਾਰੀ ਮਨੁੱਖਜਾਤੀ ਤੇ ਪੂਰੇ ਸੰਸਾਰ ਵਿਚ ਸਭ ਗੱਲਾਂ ਨੂੰ ਮਿਲਾ ਕੇ ਸਭ ਘਟਨਾਵਾਂ ਨੂੰ ਆਪਣੀ ਸਦੀਪਕ ਮੰਸ਼ਾ ਦੇ ਮੁਤਾਬਿਕ ਚਲਾਉਂਦਾ ਹੈ। ਆਇਤ 4 ਵਿਚ ਵਰਤਿਆ ਗਿਆ ਸ਼ਬਦ *kairos,* ਆਮ ਤੌਰ ਤੇ ਸਮੇਂ ਦਾ ਵਿਚਾਰ ਕਾਲਕ੍ਰਮ ਨੂੰ ਦਰਸਾਉਂਦਿਆਂ ਹੁੰਦਾ ਹੈ, ਜਦ ਕਿ *kairos* ਉਸ ਸਮੇਂ ਨੂੰ ਦਰਸਾਉਂਦਾ ਹੈ ਜਿਹੜਾ ਦਰੁੱਸਤ, ਸਹੀ ਜਾਂ ਢੁਕਵਾਂ ਹੈ। *kairos* ਉਹ ਸ਼ਬਦ ਹੈ ਜਿਸ ਦੀ ਵਰਤੋਂ ਫਸਲ ਦੇ ਪੱਕਣ ਲਈ ਹੋਈ ਹੈ ਜਿਵੇਂ ਸੁੱਕੀ ਅੰਜੀਰ ਦੇ ਰੁੱਖ ਦੀ ਕਹਾਣੀ ਵਿਚ (''ਕਿਉਂ ਜੋ ਹੰਜੀਰਾਂ ਦੀ ਰੁੱਤ ਨਾ ਸੀ''; ਮਰਕੁਸ 11:13)। ਇਹ ਕੁਦਰਤ ਦਾ ਕਾਨੂੰਨ ਹੈ ਕਿ ਫਲ ਤਦ ਤਕ ਨਹੀਂ ਪੱਕ ਸਕਦਾ ਜਦ ਤਕ ਕੁਝ ਪ੍ਰਕਿਰਿਆਵਾਂ ਵਿੱਚੋਂ ਦੀ ਨਾ ਲੰਘੇ, ਜਿਸ ਵਿਚ ਸਮਾਂ, ਪਾਣੀ ਅਤੇ ਧੁੱਪ ਦਾ ਹੋਣਾ ਜ਼ਰੂਰੀ ਹੈ।

ਬਿਲਕੁਲ ਸਹੀ ਸਮੇਂ ਤੇ ਖ਼ੁਦਾ ਨੇ ਆਪਣੇ ਪੁੱਤਰ ਨੂੰ **ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ।** ਇਸ ਵਾਕਖੰਡ ਨੂੰ ਹਲਕੇ ਵਿਚ ਨਹੀਂ ਲਿਆ ਜਾਣਾ ਚਾਹੀਦਾ ਕਿਉਂ ਜੋ ਇਹ ਉਸ ਅਹਿਮ ਸਚਿਆਈ ਦੇ ਰੂਪ ਵਿਚ ਜਿਸ ਨੂੰ ਨਿਹਚਾ ਨਾਲ ਕਬੂਲਿਆ ਜਾਣਾ ਜ਼ਰੂਰੀ ਹੈ, ਦੇ ਨਾਲ ਨਾਲ ਇਕ ਵੱਡੇ ਭੇਤ ਨੂੰ ਵੀ ਸਾਨੂੰ ਦੱਸਦਾ ਹੈ। ਯਿਸੂ ਮਨੁੱਖ ਦਾ ਪੁੱਤਰ, ਜੋ ਉਸ ਨੇ ਆਪਣੇ ਆਪ ਨੂੰ ਨਾਂਅ ਦੇਣਾ ਪਸੰਦ ਕੀਤਾ ਅਤੇ ਪਰਮੇਸ਼ੁਰ, ਦੋਵੇਂ ਸੀ। ਇਹ ਦੋਵੇਂ ਸ਼ਬਦ ਇਸ ਨਿਯਮ ਨੂੰ ਪੁਖਤਾ ਕਰਦੇ ਹਨ ਕਿ ਜੀਵ ''ਉਨ੍ਹਾਂ ਦੀ ਜਿਨਸ ਦੇ ਅਨੁਸਾਰ'' ਪੈਦਾ ਹੁੰਦੇ ਹਨ (ਉਤਪਤ 1:24, 25)। ਸਚਮੁਚ ਦੀ ਮਨੁੱਖੀ ਮਾਂ ਦੇ ਬਾਲਕ ਵਜੋਂ ਯਿਸੂ ਮਨੁੱਖ ਸੀ। ਪੌਲੁਸ ਨੇ ਲਿਖਿਆ, ''ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ'' (1 ਤਿਮੋਥਿਉਸ 2:5)। ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿਚ ਉਹ ਖ਼ੁਦਾ ਵੀ ਸੀ (ਯੂਹੰਨਾ 20:28; ਇਬਰਾਨੀਆਂ 1:8)।

ਮਸੀਹਾ ਅਤੇ ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿਚ ਯਿਸੂ ''ਦੇਹਧਾਰੀ ਹੋ ਕੇ ਆਇਆ'' (1 ਯੂਹੰਨਾ 4:2) ਅਤੇ ਇਸ ਕਰਕੇ ਉਹ ਸਚਮੁਚ ਦਾ ਮਨੁੱਖੀ ਜੀਵ ਸੀ। ਉਸ ਦਾ ਵਰਣਨ ''ਯਥਾਰਥ ਪਰਮੇਸ਼ੁਰ ਅਤੇ ਯਥਾਰਥ ਮਨੁੱਖ'' ਦੇ ਰੂਪ ਵਿਚ ਕੀਤਾ ਗਿਆ।[7] ਪਰਮੇਸ਼ੁਰ ਦੇ ਪੁੱਤਰ ਦੇ ਦੇਹਧਾਰੀ ਹੋਣ ਦੇ ਰੂਪ ਵਿਚ ਯਿਸੂ ਨੂੰ ਨਕਾਰਣਾ ਉਸ ਦਾ ਜਬਰਦਸਤ ਵਿਰੋਧ ਕਰਨ ਦਾ ਸਬੂਤ ਹੈ (1 ਯੂਹੰਨਾ 4:1–3; 2 ਯੂਹੰਨਾ 7)। ਹੋ ਸਕਦਾ ਹੈ ਕਿ ਅਸੀਂ ਮੁਕਤੀਦਾਤੇ ਦੇ ਕੁਆਰੀ ਤੋਂ ਪੈਦਾ ਹੋਣ ਦੇ ਭੇਤ ਨੂੰ ਕਦੇ ਸਮਝਾ ਨਾ ਸਕੀਏ। ਫਿਰ ਵੀ ਜੇ ਅਸੀਂ ਜਿਵੇਂ ਕਿ ਲਿਖਤ ਵਿਚ ਗਵਾਹੀ ਦਿੱਤੀ ਗਈ ਹੈ, ਰਸੂਲਾਂ ਅਤੇ ਨਬੀਆਂ ਦੀ ਗਵਾਹੀ ਨੂੰ ਮੰਨ ਲੈਂਦੇ ਹਾਂ ਤਾਂ ਸਾਡੇ ਲਈ ਇਸ ਨੂੰ ਨਿਹਚਾ ਨਾਲ ਮੰਨਣਾ ਜ਼ਰੂਰੀ ਹੈ। ਬਾਈਬਲ ਬਹੁਤ ਸਾਰੇ ਵਿਚਾਰ ਦੱਸਦੀ ਹੈ ਜਿਨ੍ਹਾਂ ਦੀ ਸਾਨੂੰ ਪੂਰੀ ਤਰ੍ਹਾਂ ਨਾਲ ਸਮਝ ਨਹੀਂ ਹੈ। ਪਰ ਜੇ ਅਸੀਂ ਉਨ੍ਹਾਂ ਉੱਤੇ ਧਿਆਨ ਲਾਉਂਦੇ ਰਹੀਏ ਤਾਂ ਸਮਾਂ ਪਾ ਕੇ ਕਿਸੇ ਸਮੇਂ ਸਾਨੂੰ ਉਨ੍ਹਾਂ ਦੀ ਬੇਹਤਰ ਸਮਝ ਆ ਸਕਦੀ ਹੈ। ਯਿਸੂ ''ਤੀਵੀਂ ਤੋਂ ਜੰਮਿਆ'' ਸੀ ਪਰ ਉਹ ਖ਼ੁਦਾ ਦੇ ਪਵਿੱਤਰ ਆਤਮਾ ਦੇ

ਰਾਹੀਂ, ਭਾਵ ''ਸਰਵਸ਼ਕਤੀਮਾਨ ਦੀ ਸਮਰੱਥ'' ਨਾਲ ਗਰਭ ਵਿਚ ਆਇਆ ਸੀ। ਇਹ ਬਿਲਕੁਲ ਉਵੇਂ ਹੋਇਆ ਜਿਵੇਂ ਫ਼ਰਿਸ਼ਤੇ ਨੇ ਮਰਿਅਮ ਨੂੰ ਆਖਿਆ ਸੀ, ਤਾਂ ਜੋ ''ਉਹ ਪਵਿੱਤਰ ਅਤੇ ਪਰਮੇਸ਼ੁਰ ਦਾ ਪੁੱਤਰ ਕਹਾਵੇ'' (ਲੂਕਾ 1:35)।

ਪੁਰਾਣੇ ਨੇਮ ਦੀ ਨਬੂਵਤ ਨੂੰ ਪੂਰਾ ਕਰਦਿਆਂ (ਮੀਕਾਹ 5:2), ਯਿਸੂ ਦਾ ਜਨਮ ਦਾਊਦ ਦੇ ਨਗਰ ਬੈਤਲਹਮ ਵਿਚ ਹੋਇਆ ਸੀ (ਮੱਤੀ 2:1–6; ਲੂਕਾ 2:1–7)। ''ਬੈਤਲਹਮ'' ਨਾਮ ਦਾ ਅਰਥ ਹੈ ''ਰੋਟੀ ਦਾ ਘਰ।'' ਯਿਸੂ ਦੀ ਬਾਅਦ ਵਾਲੀ ਸਿੱਖਿਆ ਦੀ ਰੌਸ਼ਨੀ ਵਿਚ ਇਹ ਦਿਲਚਸਪ ਹੈ: ''ਉਹ ਜੀਉਂਦੀ ਰੋਟੀ ਜੋ ਸੁਰਗੋਂ ਉਤਰੀ ਸੋ ਮੈਂ ਹਾਂ। ਜੇ ਕੋਈ ਇਸ ਰੋਟੀਓਂ ਕੁਝ ਖਾਵੇ ਤਾਂ ਉਹ ਸਦਾ ਤੀਕੁ ਜੀਉਂਦਾ ਰਹੇਗਾ ਅਤੇ ਜੋ ਰੋਟੀ ਮੈਂ ਦਿਆਂਗਾ ਸੋ ਮੇਰਾ ਮਾਸ ਹੈ ਜਿਹੜਾ ਜਗਤ ਦੇ ਜੀਉਣ ਲਈ ਮੈਂ ਦਿਆਂਗਾ'' (ਯੂਹੰਨਾ 6:51)। ਬੈਤਲਹਮ ਯਹੂਦੀ ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਦੀ ਨਜ਼ਰ ਤੋਂ ਬਚਿਆ ਨਹੀਂ ਸੀ। ਕਿਉਂ ਜੋ ਉਹ ਜਾਣਦੇ ਸਨ ਕਿ ਕਿਸੇ ਬੱਚੇ ਦੇ ਜਨਮ ਦੇ ਨੇੜੇ ਤੇੜੇ ਕੁਝ ਅਜੀਬੋ ਗਰੀਬ ਅਤੇ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਹੋਈਆਂ ਸਨ (ਮੱਤੀ 2:1–6)। ਫਿਰ ਵੀ ਯਿਸੂ ਦੇ ਆਪਣੀ ਸੇਵਕਾਈ ਵਿਚ ਦਾਖਲ ਹੋਣ ਤੇ ਅਜਿਹਾ ਲੱਗਿਆ ਕਿ ਇਹ ਘਟਨਾਵਾਂ ਉਨ੍ਹਾਂ ਨੂੰ ਭੁੱਲ ਚੁੱਕਿਆ ਹਨ ਅਤੇ ਯਹੂਦੀਆਂ ਨੇ ''ਸਮਿਆਂ ਦੇ ਨਿਸ਼ਾਨਾਂ'' (ਵੇਖੋ ਮੱਤੀ 16:3) ਤੇ ਗੌਰ ਨਹੀਂ ਕੀਤਾ ਸੀ। ਇਹ ਤੱਥ ਕਿ ਯਿਸੂ ਦੀ ਪਰਵਰਿਸ਼ ਗਲੀਲ ਦੇ ਨਾਸਰਤ ਵਿਚ ਹੋਈ ਸੀ ਉਸ ਨੂੰ ਯਹੂਦੀਆਂ ਅਤੇ ਬੈਤਲਹਮ ਦੀਆਂ ਘਟਨਾਵਾਂ ਤੋਂ ਅੱਡ ਕਰਦਾ ਸੀ (ਯੂਹੰਨਾ 7:41, 42)।

ਜਦ ਯਿਸੂ ਇਸ ਜਗਤ ਵਿਚ ਆਇਆ ਤਾਂ ਉਹ **ਸ਼ਰ੍ਹਾ ਦੇ ਮਤਹਿਤ ਜੰਮਿਆ** ਯਹੂਦੀ ਸੀ। ਯੂਨਾਨੀ ਲਿਖਤ (*genomenon hupo nomon,* ਜੀਨੋਮਿਨੋਲ ਹਿਓਪੋ ਨੋਮੋਨ) ਵਿਚ ਨਿਸ਼ਚਿਤ ਉਪਪਦ (''the'') ਨਹੀਂ ਹੈ। ਇਸ ਕਰਕੇ ਇਸ ਦਾ ਅਨੁਵਾਦ ''ਕਾਨੂੰਨ ਦੇ ਤਹਿਤ ਜੰਮਿਆ'' ਹੋ ਸਕਦਾ ਹੈ। ਪਰ NASB ਦੇ ਅਨੁਵਾਦਕਾਂ ਨੇ ਪੌਲੁਸ ਦੇ ਤਰਕ ਦੇ ਸੰਦਰਭ ਨੂੰ ਸਹੀ ਮੰਨਿਆ ਹੈ। ਜੋ ਇਬਰਾਨੀ ਬਾਈਬਲ ਤੇ ਕੇਂਦ੍ਰਿਤ ਹੈ। 4:5 ਵਿਚ ਵੀ ਇਹੀ ਹੈ। ਐਫ਼. ਐਫ਼. ਬਰੂਸ ਨੇ ਕਿਹਾ ਹੈ ਕਿ ''ਸ਼ਰ੍ਹਾ ਦੇ ਮਤਹਿਤ ਜੰਮਿਆ'' ਵਾਕਅੰਸ਼ ਇਸ ਤੱਥ ਨੂੰ ਵਿਖਾਉਂਦਾ ਹੈ ਕਿ ਯਿਸੂ ਉਦੋਂ ਪੈਦਾ ਹੋਇਆ ਜਦੋਂ ਪੁਰਾਣਾ ਨੇਮ ਅਜੇ ਯਹੂਦੀਆਂ ਦੀ ਸ਼ਰ੍ਹਾ ਸੀ ਅਤੇ ਉਹ ਉਸ ਪਰਿਵਾਰ ਦਾ ਹਿੱਸਾ ਸੀ ਜਿਹੜਾ ਉਸ ਸ਼ਰ੍ਹਾ ਦੇ ਮਤਹਿਤ ਰਹਿੰਦਾ ਸੀ। ਬਰੂਸ ਨੇ ਲਿਖਿਆ ਹੈ, ''ਯਹੂਦੀ ਮਾਤਾ ਦੀ ਕੁੱਖੋਂ ਜਨਮ ਲੈਣ ਕਰਕੇ ਯਿਸੂ ਯਹੂਦੀ ਸੀ। ਅਤੇ ਇਸ ਕਰਕੇ *[ hupo nomon,* ਹਿਓਪੋ ਨੋਮੋਨ 'ਸ਼ਰ੍ਹਾ ਦੇ ਮਤਹਿਤ' *]* ਉਹ ਕੈਦ–ਖਾਨੇ ਦੇ ਅੰਦਰ ਗਿਆ ਜਿੱਥੇ ਉਹਦੇ ਲੋਕਾਂ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ, ਤਾਂ ਜੋ ਉਹ ਉਨ੍ਹਾਂ ਨੂੰ ਛੁਡਾ ਸਕੇ।''[8]

ਇਕ ਬਾਲਕ ਦੇ ਰੂਪ ਵਿਚ ਯਿਸੂ ਦੀ ਸੁੰਨਤ ਅਠਵੇਂ ਦਿਨ ਹੋਈ ਅਤੇ ਬਾਅਦ ਵਿਚ ਉਸ ਨੂੰ ਸ਼ਰ੍ਹਾ ਨੂੰ ਪੂਰਾ ਕਰਨ ਲਈ ਖ਼ੁਦਾ ਦੇ ਸਾਹਮਣੇ ਪੇਸ਼ ਕਰਨ ਲਈ ਹੈਕਲ ਵਿਚ ਲਿਜਾਇਆ ਗਿਆ (ਲੂਕਾ 2:21–24, 39)। ਜਦ ਉਹ ਬਾਰਾਂ ਸਾਲਾਂ ਦਾ ਹੋਇਆ ਅਤੇ ਉਸ ਦੇ ਮਾਤਾ ਪਿਤਾ ਬੰਦਗੀ ਲਈ ਯਰੂਸ਼ਲਮ ਵਿਚ ਗਏ ਤਾਂ ਉਹ ਸਿਰਫ਼ ਉਨ੍ਹਾਂ ਦੇ ਨਾਲ ਹੀ ਨਹੀਂ ਗਿਆ ਬਲਕਿ ਆਪਣੇ ਮਾਪਿਆਂ ਦੀ ਜਾਣਕਾਰੀ ਬਿਨਾਂ ਉਨ੍ਹਾਂ ਦੇ ਨਾਸਰਤ ਵਿਚ ਵਾਪਸ ਜਾਣ ਵੇਲੇ, ਨਗਰ ਵਿਚ ਪਿੱਛੇ ਰਹਿ ਗਿਆ (ਲੂਕਾ 2:42–44)। ਯਿਸੂ ਦੀ ਤਲਾਸ਼ ਕਰਨ ਅਤੇ ਉਸ ਨੂੰ ਲੱਭ ਲੈਣ ਦੇ ਬਾਅਦ ਉਹ ਆਪਣੇ ਵਿਹਾਰ ਲਈ ਉਸ ਦੇ ਜਵਾਬ ਤੋਂ ਦੰਗ ਰਹਿ ਗਏ: ''ਕਾਹ ਨੂੰ ਤੁਸੀਂ ਮੈਨੂੰ ਲੱਭਦੇ ਸਾਓ? ਭਲਾ, ਤੁਸੀਂ ਨਹੀਂ ਜਾਣਦੇ ਸਾਓ ਭਈ ਮੈਨੂੰ ਚਾਹੀਦਾ ਹੈ ਜੋ ਆਪਣੇ ਪਿਤਾ ਦੇ ਕੰਮਾਂ ਵਿਚ ਲੱਗਾ ਰਹਾਂ?'' (ਲੂਕਾ 2:49)। ਅਜਿਹਾ ਲਗਦਾ ਹੈ ਕਿ ਬਚਪਨ ਤੋਂ ਹੀ ਯਿਸੂ ਨੂੰ ਆਪਣੇ ਖ਼ੁਦਾ ਵੱਲੋਂ ਮਸਹ ਕੀਤੇ ਹੋਣ ਦਾ ਪਤਾ ਸੀ। ਫਿਰ ਵੀ ''ਉਹ ਉਨ੍ਹਾਂ ਦੇ ਨਾਲ ਤੁਰ ਕੇ ਨਾਸਰਤ ਨੂੰ ਆਇਆ ਅਤੇ ਉਨ੍ਹਾਂ ਦੇ ਅਧੀਨ ਰਿਹਾ'' (ਲੂਕਾ 2:51ੳ)। ਇਸ ਤਰ੍ਹਾਂ ਨਾਲ ਉਸ ਨੇ ਕੂਚ 20:12 ਵਿਚ ਦੱਸੇ ਪੰਜਵੇਂ ਹੁਕਮ

ਨੂੰ ਪੂਰਾ ਕੀਤਾ ਕਿ ''ਤੂੰ ਆਪਣੇ ਪਿਤਾ ਅਰ ਆਪਣੀ ਮਾਤਾ ਦਾ ਆਦਰ ਕਰ।'' ਯਿਸੂ ਦਾ ਵਿਹਾਰ ਅਤੇ ਸਿੱਖਿਆ ਸ਼ਰ੍ਹਾ ਵਿਚ ਦੱਸੀਆਂ ਗੱਲਾਂ ਮੁਤਾਬਿਕ ਹੁੰਦੇ ਸਨ।

ਯਿਸੂ ਨਾ ਸਿਰਫ਼ ''ਸ਼ਰ੍ਹਾ ਦੇ ਮਤਹਿਤ ਜੰਮਿਆ'' ਬਲਕਿ ਇਸ ਨਾਲ ਜੁੜੀਆਂ ਕਈ ਨਬੂਵਤਾਂ ਨੂੰ ਪੂਰਾ ਕਰਦਿਆਂ ਸ਼ਰ੍ਹਾ ਦੇ ਮਤਹਿਤ ਅਤੇ ਸ਼ਰ੍ਹਾ ਦੇ ਮੁਤਾਬਿਕ ਮਰਿਆ ਵੀ।[9] ਸ਼ਰ੍ਹਾ ਨੂੰ ਪੂਰਾ ਕਰਦਿਆਂ ਉਸ ਨੇ ਸ਼ਰ੍ਹਾ ਦਾ ਸਰਾਪ ਆਪਣੇ ਉੱਤੇ ਲੈ ਲਿਆ। 3:13, 14 ਵਿਚ ਪੌਲੁਸ ਨੇ ਦਾਅਵਾ ਕੀਤਾ:

> ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਕਿਉਂ ਜੋ ਲਿਖਿਆ ਹੋਇਆ ਹੈ ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ। ਭਈ ਅਬਰਾਹਾਮ ਦੀ ਬਰਕਤ ਮਸੀਹ ਯਿਸੂ ਵਿਚ ਪਰਾਈਆਂ ਕੌਮਾਂ ਉੱਤੇ ਹੋਵੇ ਤਾਂ ਜੋ ਅਸੀਂ ਉਸ ਆਤਮਾ ਦੇ ਵਚਨ ਨੂੰ ਨਿਹਚਾ ਦੇ ਰਾਹੀਂ ਪਰਾਪਤ ਕਰੀਏ।

ਸ਼ਰ੍ਹਾ ਵਿਚ ਕਿਹਾ ਗਿਆ ਸੀ ਕਿ ਹਮੇਸ਼ਾ ਦੀ ਜ਼ਿੰਦਗੀ ਪਾਉਣ ਲਈ ਇਕ ਯਹੂਦੀ ਲਈ ਜ਼ਰੂਰੀ ਹੈ ਕਿ ਉਹ ਖ਼ੁਦਾ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਿਆਂ ਕਰੇ (3:10 ਤੇ ਟਿੱਪਣੀਆਂ ਵੇਖੋ)। ਪਰ ਯਿਸੂ ਨੂੰ ਛੱਡ ਕੋਈ ਵੀ ਅਜਿਹਾ ਕਰਨ ਦੇ ਯੋਗ ਨਹੀਂ ਸੀ। ਰੋਮੀਆਂ ਦੇ ਨਾਂਅ ਆਪਣੇ ਖ਼ਤ ਵਿਚ ਪੌਲੁਸ ਨੇ ਲਿਖਿਆ:

> ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ੁਰ ਨੇ ਆਪਣਾ ਪੁੱਤਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿਚ ਘੱਲ ਕੇ ਸਰੀਰ ਵਿਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ [*dikaiōma,* ਡਾਇਕਾਇਓਮਾ] ਦਿੱਤਾ। ਇਸ ਲਈ ਜੋ ਸਾਡੇ ਵਿਚ ਜਿਹੜੇ ਸਰੀਰ ਦੇ ਨਹੀਂ ਸਗੋਂ ਆਤਮਾ ਦੇ ਅਨੁਸਾਰ ਚੱਲਦੇ ਹਾਂ ਸ਼ਰਾ ਦਾ ਰਾਸਤ ਹੁਕਮ ਪੂਰਾ ਹੋਵੇ (ਰੋਮੀਆਂ 8:3, 4)।

ਖ਼ੁਦਾ ਨੇ ਸਲੀਬ ਉੱਤੇ ਛੁਟਕਾਰਾ ਦੁਆਉਣ ਵਾਲੀ ਮੌਤ ਮਰਨ ਲਈ ਆਪਣੇ ਪੁੱਤਰ ਨੂੰ ਘੱਲ ਕੇ ਸਾਡੇ ਲਈ ਉਹੀ ਕਰ ਦਿੱਤਾ। ਇਸ ਤੋ ਇਲਾਵਾ ਉਸ ਨੂੰ ਪਾਉਣ ਦੀਆਂ ਸਾਡੀਆਂ ਸਾਰੀਆ ਕੋਸ਼ਿਸ਼ਾਂ ਵਿਚ ਸਾਨੂੰ ਸ਼ਕਤੀਸ਼ਾਲੀ ਬਣਾਉਣ ਲਈ ਸਾਡੇ ਉੱਤੇ ਆਪਣਾ ਪਵਿੱਤਰ ਆਤਮਾ ਵਹਾ ਦਿੱਤਾ।

ਯਿਸੂ ਨੇ ਸ਼ਰ੍ਹਾ ਦੇ ਹੁਕਮਾਂ ਨੂੰ ਪੂਰਾ ਕੀਤਾ ਅਤੇ ਇਸ ਦੀ ਥਾਂ ਇਕ ''ਉੱਤਮ ਨੇਮ'' ਬੰਨ੍ਹ ਦਿੱਤਾ (ਇਬਰਾਨੀਆਂ 7:22)। ਇਹ ਨੇਮ ਨਿਹਚਾ ਕਰਨ ਵਾਲੇ ਨੂੰ ਸਿਰਫ਼ ਕਿਰਪਾ ਦੇ ਰਾਹੀਂ ਬਚਾਉਂਦਾ ਹੀ ਨਹੀਂ ਬਲਕਿ ਆਤਮਾ ਦੇ ਵਾਸ ਦੇ ਰਾਹੀਂ ਉਸ ਦੀ ਇੱਛਾਂ ਨੂੰ ਬਦਲ ਕੇ ਉਸ ਨੂੰ ਪ੍ਰੇਰਣਾ ਵੀ ਦਿੰਦਾ ਹੈ। ਸਾਨੂੰ ਆਪਣੀ ਵਡਿਆਈ, ਧੰਨਵਾਦ, ਭਗਤੀ ਅਤੇ ਤਾਰੀਫ਼ ਖ਼ੁਦਾ ਨੂੰ ਦੇਣੀ ਚਾਹੀਦੀ ਹੈ ਕਿਉਂ ਜੋ ਮਸੀਹੀ ਲੋਕ ਮੂਸਾ ਦੀ ਸ਼ਰ੍ਹਾ ਦੇ ਮਤਹਿਤ ਨਹੀਂ ਹਨ। ਅਸੀਂ ''ਜੀਵਨ ਦੇ ਆਤਮਾ ਦੀ ਸ਼ਰ੍ਹਾ [ਦੇ ਮਤਹਿਤ ਹਾਂ ਜਿਸ] ਨੇ ਮਸੀਹ ਯਿਸੂ ਵਿਚ [ਸਾਨੂੰ] ਪਾਪ ਅਤੇ ਮੌਤ ਦੀ ਸ਼ਰ੍ਹਾ ਤੋਂ ਛੁਡਾ ਦਿੱਤਾ'' (ਰੋਮੀਆਂ 8:2)। ਗਲਾਤੀਆਂ ਦੇ ਖ਼ਤ ਵਿਚ ਅੱਗੇ ਪੌਲੁਸ ਨੇ ਇਸ ਨੂੰ ''ਮਸੀਹ ਦੀ ਸ਼ਰ੍ਹਾ'' ਆਖਿਆ ਜੋ ਕਿ ਦੂਜਿਆਂ ਲਈ ਪ੍ਰੇਮ ਉੱਤੇ ਅਧਾਰਿਤ ਹੈ (ਗਲਾਤੀਆਂ 6:2)।

**ਆਇਤ 5.** ਯਿਸੂ ਜਗਤ ਵਿਚ ਆਇਆ **ਇਸ ਲਈ ਜੋ ਮੁੱਲ ਦੇ ਕੇ ਉਨ੍ਹਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ।** ''ਇਸ ਲਈ ਜੋ'' (*hina,* ਹਿਨਾ) ਯੋਜਕ ਹੈ ਜੋ ਕਿ ''ਉਦੇਸ਼'' ਟੀਚੇ ਜਾਂ ਮਹੱਤਵ'' ਦਾ ਸੰਕੇਤ ਦਿੰਦਾ ਹੈ।[10] ਕਿਰਿਆ ਸ਼ਬਦ ''ਛੁਡਾਵੇ'' (*exagorazō,* ਐਕਸਾਗੋਰੇਜ਼ੋ) ਪਿਛਲੇ ਅਧਿਆਇ ਵਿਚ ਦੁਹਰਾਇਆ ਗਿਆ ਹੈ ਅਤੇ ਇਸ ਨੂੰ ਦੋਬਾਰਾ ਤੋਂ ਲਿਆ ਗਿਆ ਹੈ ਅਤੇ ਕਈ ਵਾਰ ਇਹ ਗੁਲਾਮਾਂ ਦੀ ਅਜ਼ਾਦੀ ਨੂੰ ਖ਼ਰੀਦਣ ਦਾ ਸੰਕੇਤ ਦਿੰਦਾ ਹੈ (3:13 ਤੇ ਟਿੱਪਣੀਆਂ

ਵੇਖੋ)। 3:13 ਅਤੇ 4:5 ਵਿਚ ਪੌਲੁਸ ਨੇ ਕਿਹਾ ਕਿ ਯਿਸੂ ਨੇ ਲੋਕਾਂ ਨੂੰ ''ਸ਼ਰ੍ਹਾ ਦੇ ਸਰਾਪ ਤੋਂ'' ਅਤੇ ''ਸ਼ਰ੍ਹਾ'' ਤੋਂ ਛੁਡਾ ਲਿਆ। ਉਸ ਦੇ ਦਿਮਾਗ਼ ਵਿਜ ਮੁੱਖ ਤੌਰ ਤੇ ਯਹੂਦੀ ਮਸੀਹੀ ਰਹੇ ਹੋਣਗੇ ਕਿਉਂ ਜੋ ਇਕ ਸਮਾਂ ਸੀ ਜਦੋਂ ਇਹ ਲੋਕ ਸ਼ਰ੍ਹਾ ਅਤੇ ਸਰਾਪ ਦੇ ਅਧੀਨ ਸਨ ਪਰ ਹੁਣ, ਮਸੀਹ ਦੇ ਕਾਰਣ ਉਹ ਇਸ ਦੇ ਅਧੀਨ ਨਹੀਂ ਸਨ।[11] ਗੈਰਕੌਮ ਮਸੀਹੀਆਂ ਨੂੰ ਉਨ੍ਹਾਂ ਦੀ ''ਅਕਾਰਥ ਚਾਲ ਤੋਂ'' ਛੁਟਕਾਰੇ ਦੀ ਗੱਲ ਨਵੇਂ ਨੇਮ ਵਿਚ ਹੋਰ ਵੀ ਕਿਤੇ ਕੀਤੀ ਗਈ ਹੈ (1 ਪਤਰਸ 1:17–19)।

ਆਇਤ 5 ਵਿਚ ਉਦੇਸ਼ ਦਾ ਦੂਜਾ ਹਿੱਸਾ ਜੋ ਇਹ ਦੱਸਦਾ ਹੈ ਕਿ ਯਿਸੂ ਇਸ ਕਰਕੇ **ਭਈ** *[hina* ਹਿਨਾ*]* **ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪਰਾਪਤ ਹੋਵੇ।** ਖ਼ੁਦਾ ਦਾ ਇਰਾਦਾ ਉਨ੍ਹਾਂ ਨੂੰ ਜਿਹੜੇ ਸ਼ਰ੍ਹਾ ਦੇ ਗੁਲਾਮ ਸਨ, ਗੋਦ ਲੈ ਕੇ ਉਨ੍ਹਾਂ ਨੂੰ ਪੁੱਤਰਾਂ ਦੇ ਰੂਪ ਵਿਚ ਕਬੂਲ ਕਰਨ ਦਾ ਸੀ। ਇਹ ਉਸ ਨੂੰ ਹੋਰ ਸਾਫ਼ ਕਰ ਦਿੰਦਾ ਹੈ ਜਿਹੜਾ 3:23–25 ਅਤੇ 4:1, 2 ਵਿਚ ਪੌਲੁਸ ਨੇ ਦੱਸਿਆ ਸੀ ਕਿ ''ਨਿਹਚਾ ਆਈ'' ਅਤੇ ਵਾਰਿਸ ਹੁਣ ਬੱਚਾ ਨਹੀਂ ਰਿਹਾ। ''ਸਮਾਂ ਪੂਰਾ ਹੋਇਆ'' ਹੈ ਅਤੇ ਪ੍ਰਭੂ ਦੀ ਮੌਤ ਅਤੇ ਜੀ ਉੱਠਣ ਦੇ ਰਾਹੀਂ ਛੁਟਕਾਰਾ ਲਾਗੂ ਹੋ ਚੁੱਕਿਆ ਹੈ (4:4, 5; ਵੇਖੋ ਰੋਮੀਆਂ 4:25)। ਯਹੂਦੀ ਹੋਣ ਜਾਂ ਗੈਰਕੌਮ, ਸਭ ਲਈ ਯਿਸੂ ਮਸੀਹ ਦੇ ਰਾਹੀਂ ਨਿਹਚਾ ਵਿਚ ਗੋਦ ਲਿਆ ਜਾਣਾ ਉਪਲਬਧ ਹੈ। 3:26, 27 ਪੌਲੁਸ ਨੇ ਲਿਖਿਆ, ''ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ'' (ਵੇਖੋ ਯੂਹੰਨਾ 1:11–13)।

**ਆਇਤ 6.** ਪੌਲੁਸ ਨੇ ਅੱਗੇ ਕਿਹਾ, **ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ ਵਿਚ ਘੱਲ ਦਿੱਤਾ।** ਪੁੱਤਰਾਂ ਵਜੋਂ ਗੋਦ ਲਿਆ ਜਾਣਾ ਕਾਨੂੰਨੀ ਸੌਦੇ ਨਾਲੋਂ ਕਿਤੇ ਵਧ ਕੇ ਹੈ। ''ਆਪਣੇ ਪੁੱਤਰ ਦੇ ਆਤਮਾ'' ਭਾਵ ਪਵਿੱਤਰ ਆਤਮਾ ਨੂੰ ਦੇ ਕੇ ਖ਼ੁਦਾ ਨੇ ਆਪਣੇ ਬੱਚਿਆਂ ਨੂੰ ਆਪਣੀ ਮੌਜੂਦਗੀ ਦਿੱਤੀ ਹੈ। ਆਤਮਾ ਇਸ ਸੰਸਾਰ ਵਿਚ ਆਪਣੇ ਪਿਤਾ ਦੀ ਇੱਛਾ ਨੂੰ ਪੂਰਾ ਕਰਣ ਲਈ ਸਾਡੀ ਸਮਝ ਤੋਂ ਬਾਹਰ ਤਰੀਕਿਆਂ ਨਾਲ ਸਾਡੀ ਮਦਦ ਕਰਦਾ ਹੈ। ਉਹ ਖ਼ੁਦਾ ਦੇ ਨੇੜੇ ਆਉਣ ਤੇ ਸਾਡੀ ਮਦਦ ਇਸ ਢੰਗ ਨਾਲ ਕਰਦਾ ਹੈ ਜਿਵੇਂ ਸਾਡੇ ਲਈ ਪਹਿਲਾਂ ਸੰਭਵ ਨਹੀਂ ਸੀ। ਖ਼ੁਦਾਈ ਇੱਛਾ ਦੇ ਰਾਹੀਂ ਉਸ ਦੀ ਖ਼ੁਦਾਈ ਊਰਜਾ ਸਾਨੂੰ ਉਹ ਅਗਵਾਈ ਅਤੇ ਸਮਰੱਥਾ ਪ੍ਰਦਾਨ ਕਰਦੀ ਹੈ ਜਿਸ ਦਾ ਸਾਨੂੰ ਪਹਿਲਾਂ ਕਦੇ ਪਤਾ ਨਹੀਂ ਸੀ।

ਅਜਿਹਾ ਨਹੀਂ ਹੈ ਕਿ ਯਿਸੂ ਦੀ ਛੁਟਕਾਰਾ ਦੁਆਉਣ ਵਾਲੀ ਮੌਤ ਤੋਂ ਪਹਿਲਾਂ ਆਤਮਾ ਦੀਆਂ ਸ਼ਕਤੀਆਂ ਉਪਲਬਧ ਨਹੀਂ ਸਨ। ਇੰਜੀਲੀ ਯੁੱਗ ਤੋਂ ਬਹੁਤ ਪਹਿਲਾਂ ਖ਼ੁਦਾ ਦੇ ਲੋਕਾਂ ਨੂੰ ਅਨੋਖੇ ਢੰਗ ਨਾਲ ਪ੍ਰਭਾਵਸ਼ਾਲੀ ਸ਼ਕਤੀਆਂ ਦਿੱਤੀਆਂ ਜਾਂਦੀਆਂ ਸਨ। ਮੂਸਾ ਅਤੇ ਯਹੋਸ਼ੁਆ ਸਮਸੂਨ ਦੀ ਸਰੀਰਕ ਸ਼ਕਤੀ, ਦਾਊਦ ਦੀ ਕਾਵਿ ਪ੍ਰੇਰਣਾ ਅਤੇ ਸੁਲੇਮਾਨ ਦੀ ਵੱਡੀ ਬੁੱਧ ਦੇ ਰਾਹੀਂ ਕੀਤੇ ਗਏ ਸਮਰੱਥਾ ਦੇ ਕੰਮ ਇਸ ਦੀ ਮਿਸਾਲ ਹਨ। ਲਿਖਤ ਵਿਚ ਭਾਵੇਂ ਦੋਹਾਂ ਨੇਮਾਂ ਵਿਚਕਾਰ ਲੋਕਾਂ ਵਿਚ ਅਤੇ ਲੋਕਾਂ ਦੇ ਰਾਹੀਂ ਚਮਤਕਾਰਾਂ ਦੀਆਂ ਸ਼ਕਤੀਆਂ ਦੀ ਗਵਾਹੀ ਦੀ ਭਰਮਾਰ ਹੈ ਪਰ ਇੱਥੇ ਅਸੀਂ ਇਕ ਫ਼ਰਕ ਗੱਲ ਕਰ ਰਹੇ ਹਾਂ ਜਿਹੜੀ ਰਸੂਲਾਂ ਦੇ ਕਰਤੱਬ 2 ਵਿਚ ਪੈਂਟੀਕਾਸਟ ਵਾਲੇ ਦਿਨ ਅਤੇ ਪਵਿੱਤਰ ਆਤਮਾ ਦੇ ਵਹਾਏ ਜਾਣ ਤੋਂ ਪਹਿਲਾਂ ਉਨ੍ਹਾਂ ਕੋਲ ਨਹੀਂ ਸੀ।[12]

ਯੂਹੰਨਾ 7:37–39 ਵਿਚਲੇ ਯਿਸੂ ਦੇ ਵਚਨ ਦੀ ਚਰਚਾ ਵਿਚ ਯੋਗਦਾਨ ਪਾਉਂਦੇ ਹਨ:

> ਪਿਛਲੇ ਦਿਨ ਜਿਹੜਾ ਤਿਉਹਾਰ ਦਾ ਵੱਡਾ ਦਿਨ ਸੀ ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ ਜੇ ਕੋਈ ਤਿਹਾਇਆ ਹੋਵੇ, ਤਾਂ ਮੇਰੇ ਕੋਲ ਆਵੇ ਅਤੇ ਪੀਵੇ! ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ! ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ ਆਤਮਾ ਅਜੇ ਦਿੱਤਾ ਨਾ ਗਿਆ

ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ।

ਯੂਹੰਨਾ 7:37–39 ਤੋਂ ਅਜਿਹਾ ਜਾਪਦਾ ਹੈ ਕਿ ਉਹ ਆਤਮਾ ਜਿਸ ਦੀ ਗੱਲ ਯਿਸੂ ਕਰ ਰਿਹਾ ਸੀ, ਉਹ ਆਤਮਾ ਦੀ ਕੋਈ ਸ਼ਕਤੀ ਨਹੀਂ ਬਲਕਿ ਖ਼ੁਦ ਆਤਮਾ ਹੈ। ਉਹ ਆਤਮਾ ਦੇ ਜੀਵਨ ਨਾਲ ਸਬੰਧਿਤ ਜੀਵਨ ਦੇ ਗੁਣਾ ਦੀ ਗੱਲ ਕਰਦਾ ਲੱਗ ਰਿਹਾ ਹੈ ਜਿਹੜੇ ਵਿਸ਼ਵਾਸੀ ਦੇ ਅੰਦਰੋਂ ਨਿੱਕਲਦੇ ਹਨ। ਪਾਠਕ ਲਈ ਕਿਸੇ ਵਿਅਕਤੀ ਵੱਲੋਂ ਕੀਤੇ ਜਾਣ ਵਾਲੇ ਆਤਮਾ ਦੇ ਗੁਣਾਂ ਅਤੇ ਉਸ ਦੇ ਕੰਮਾਂ ਵਿਚ ਫ਼ਰਕ ਵੇਖਣਾ ਜ਼ਰੂਰੀ ਹੈ। ਉਸ ਦਾ ਆਤਮਿਕ ਸੁਭਾਅ ਭਾਵ ਉਸ ਦੇ ਵਜੂਦ ਦਾ ਰੂਹਾਨੀ ਪਹਿਲੂ ਜਿਹੜਾ ਮਨੁੱਖੀ ਵਿਸ਼ਵਾਸੀ ਨਾਲ ਸਬੰਧਿਤ ਹੈ, ਵਿਸ਼ਵਾਸ ਕਰਨ ਵਾਲੇ ਦੀ ਰੂਹਾਨੀਅਤ ਵਿਚ ਹੈ। ਇਹ ਫ਼ਰਕ ਕੁਰਿੰਥੁਸ ਦੀ ਕਲੀਸੀਆ ਵਿਚ ਵੇਖਿਆ ਜਾ ਸਕਦਾ ਹੈ ਜਿਸ ਵਿਚ ''ਕਿਸੇ [ਰੂਹਾਨੀ] ਦਾਤ [*charisma,* ਕੈਰਿਸਮਾ] ਵਿਚ ਘਾਟਾ ਨਹੀਂ'' ਸੀ। ਕਿਉਂ ਜੋ ਉਹ ''ਸਾਡੇ ਪ੍ਰਭੂ ਯਿਸੂ ਮਸੀਹ ਦੇ ਪ੍ਰਗਟ ਹੋਣ ਦੀ ਉਡੀਕ ਕਰਦੇ'' ਸਨ (1 ਕੁਰਿੰਥੀਆਂ 1:7)। ਫਿਰ ਵੀ ਕਲੀਸੀਆ ''ਹੁਣ ਤੀਕ ਸਰੀਰਕ'' ਸੀ ਅਤੇ ਵਚਨ ਤੋਂ ਬਾਹਰਾ ਸੀ (1 ਕੁਰਿੰਥੀਆਂ 3:1–3)। ਕੁਰਿੰਥੀਆਂ ਦੇ ਖ਼ਤ ਨੂੰ ਉੱਪਰੋਂ ਉੱਪਰੋਂ ਪੜ੍ਹਨ ਤੇ ਇਹ ਪ੍ਰਭਾਵ ਮਿਲਦਾ ਹੈ ਕਿ ਕਲੀਸੀਆ ਵਿਚ ਮੋਟੇ ਤੌਰ ਤੇ ਬੁਰਿਆਈ ਅਤੇ ਦੁਨੀਆਦਾਰੀ ਪਾਈ ਜਾਂਦੀ ਸੀ। ਇਸ ਤੋਂ ਵੀ ਵਧ ਕੇ ਇਸ ਦੇ ਕੁਝ ਮੈਂਬਰਾਂ ਦਾ ਵਿਹਾਰ ਅਜਿਹਾ ਸੀ ਅਤੇ ਉਹ ਅਜਿਹੇ ਵਿਹਾਰ ਉੱਤੇ ਫ਼ਖ਼ਰ ਕਰਦੇ ਸਨ (1 ਕੁਰਿੰਥੀਆਂ 5:1–6)।

4:6 ਵਿਚ ਪੌਲੁਸ ਆਤਮਾ ਦੇ ਵਾਸ ਦੀ ਗੱਲ ਕਰ ਰਿਹਾ ਸੀ, ਨਾ ਕਿ ਆਤਮਿਕ ਦਾਨਾਂ ਦੇ ਬਾਹਰੀ ਵਿਖਾਵੇ ਦੀ, ਬਲਕਿ ''ਸਾਡੇ ਦਿਲਾਂ ਵਿਚ'' ਆਤਮਾ ਦੇ ਘੱਲੇ ਜਾਣ ਦੀ ਗੱਲ ਕਰ ਰਿਹਾ ਸੀ। ਆਤਮਾ ਦਾ ਇਹ ਵਾਸ ਸਾਨੂੰ ਉਸ ਦੇ ਵਚਨ ਦੇ ਰਾਹੀਂ ਸੁਰਗੀ ਪਿਤਾ ਨਾਲ ਸਾਡੇ ਨਜ਼ਦੀਕੀ ਰਿਸ਼ਤੇ ਦੱਸਦਾ ਹੈ। ਆਤਮਾ ਸਾਨੂੰ ਪਰਮੇਸ਼ੁਰ ਨੂੰ **''ਅੱਬਾ ਅਰਥਾਤ ਹੇ ਪਿਤਾ''** ਕਹਿਣ ਵਿਚ ਉਵੇਂ ਹੀ ਮਦਦ ਕਰਦਾ ਹੈ ਜਿਵੇਂ ਖ਼ੁਦਾ ਦੀ ਪਵਿੱਤਰ ਅਤੇ ਤਕਲੀਫ਼ ਦੀ ਇੱਛਾ ਨੂੰ ਮੰਨਣ ਲਈ, ਬੜੀ ਨਜ਼ਦੀਕੀ ਨਾਲ ਯਿਸੂ ਦੀ ਮਦਦ ਕਰਦਾ ਸੀ। ਮਰਕੁਸ 14:36 ਵਿਚ ਯਿਸੂ ਨੇ ਪੁਕਾਰ ਕੇ ਆਖਿਆ, ''ਅੱਬਾ ਹੈ ਹੇ ਪਿਤਾ, ਤੈਥੋਂ ਸੱਭੋ ਕੁਝ ਹੋ ਸੱਕਦਾ ਹੈ। ਇਹ ਪਿਆਲਾ ਮੇਰੇ ਕੋਲੋਂ ਹਟਾ ਦਿਹ ਤਾਂ ਵੀ ਉਹ ਨਾ ਹੋਵੇ ਜਿਹੜਾ ਮੈਂ ਚਾਹੁੰਦਾ ਹਾਂ ਪਰ ਉਹ ਹੋਵੇ ਜਿਹੜਾ ਤੂੰ ਚਾਹੁੰਦਾ ਹੈਂ।'' ''ਅੱਬਾ'' ਪਹਿਲੀ ਸਦੀ ਦੌਰਾਨ ਰਹਿਣ ਵਾਲੇ ਯਹੂਦੀਆਂ ਦੀ ਭਾਸ਼ਾ ਅਰਾਮੀ ਤੋਂ ਲਿਆ ਗਿਆ ਹੈ।

ਯੂਨਾਨੀ ਲਿਖਤ ਵਿਚ ''ਪੁਕਾਰਦਾ ਹੈ'' (*krazon,* ਕ੍ਰੇਜ਼ੋਨ) ਅਲਿੰਗੀ ਕ੍ਰਿਦੰਤ ਹੈ ਜੋ ''ਆਤਮਾ'' (*pneuma,* ਨਿਉਮਾ) ਦੇ ਅਲਿੰਗੀ ਹੋਣ ਨਾਲ ਸਹਿਮਤ ਹੈ। ਇਹ ਵੇਰਵੇ ਨੂੰ ਕਿਸੇ ਵੀ ਤਰ੍ਹਾਂ ਨਾਲ ਆਤਮਾ ਦੇ ਅਨਿੱਜੀ ਹੋਣ ਨਾਲ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਤਾਂ ਸਿਰਫ਼ ਮੂਲ ਭਾਸ਼ਾ ਦੀ ਵਿਆਕਰਣੀ ਗੁਣ ਹੈ। ਵਚਨ ਇਹ ਆਖ ਰਿਹਾ ਹੈ ਕਿ ਪੁਕਾਰ ਭਾਵੇਂ ਸਾਡੇ ਦਿਲਾਂ ਵਿੱਚੋਂ ਹੀ ਨਿੱਕਲਦੀ ਹੈ ਪਰ ਇਹ ਪੁਕਾਰ ਕਰਣ ਵਾਲਾ ਆਤਮਾ ਹੀ ਹੈ। ਪਵਿੱਤਰ ਆਤਮਾ ਨੂੰ ਛੱਡ ਜਿਹੜਾ ਸਾਡੇ ਦਿਲਾਂ ਵਿਚ ਵਾਸ ਕਰਦਾ ਹੈ, ਜਿਵੇਂ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਉਵੇਂ ਪ੍ਰਾਰਥਨਾ ਕਰਨ ਵਿਚ ਸਾਡੀ ਦੁਰਬਲਤਾ ਵਿਚ ਸਾਡੀ ਮਦਦ ਵਿਚ ਆਉਣ ਵਾਲਾ ਹੋਰ ਕੋਈ ਨਹੀਂ ਹੈ (ਵੇਖੋ ਰੋਮੀਆਂ 8:26, 27)।

ਹੋਰਨਾਂ ਹਵਾਲਿਆਂ ਵਿਚ ਖ਼ਾਸਕਰ ਰੋਮੀਆਂ 8 ਵਿਚ ਆਤਮਾ ਦੇ ਵਾਸ ਬਾਰੇ ਦੱਸਿਆ, ਉਸਨੇ ਆਖਿਆ ਕਿ ''ਜਿਹਦੇ ਵਿਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਉਹਦਾ ਨਹੀਂ ਹੈ'' (ਰੋਮੀਆਂ 8:9)। ਇਸਦੇ ਉਲਟ ''ਜਿੰਨੇ ਪਰਮੇਸ਼ੁਰ ਦੀ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਉਹੀ ਪਰਮੇਸ਼ੁਰ ਦੇ ਪੁੱਤਰ ਹਨ'' (ਰੋਮੀਆਂ 8:14)। ਮੁੜ ਕੇ ਵਾਪਿਸ ਜਾਣ ਦੇ ਗੁਲਾਮੀ ਦਾ ਆਤਮਾ ਦੀ ਬਜਾਏ ਸਾਨੂੰ ''ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ ਅੱਬਾ, ਹੇ ਪਿਤਾ ਪੁਕਾਰਦੇ ਹਾਂ'' (ਰੋਮੀਆਂ 8:15; ESV)। ਆਤਮਾ ਦਾ ਵਾਸ ਸਾਡੇ ਅੰਦਰ ਹੈ ਅਤੇ ਉਹ ਸਾਡੇ ਲਈ ''ਅਕੱਥ ਹੌਕੇ ਭਰ ਕੇ

ਸਾਡੇ ਲਈ ਸਿਫ਼ਾਰਿਸ਼ ਕਰਦਾ ਹੈ'' (ਰੋਮੀਆਂ 8:26)। ਪੌਲੁਸ ਨੇ ਸੰਤਾਂ ਦੇ ਜੀ ਉੱਠਣ ਉੱਤੇ ਇਸ ਨੂੰ ਲਾਗੂ ਕਰਦਿਆਂ ਗੋਦ ਲਏ ਜਾਣ ਅਤੇ ਪੁੱਤਰ ਦੇ ਰੂਪਕ ਦੀ ਵਰਤੋਂ ਕੀਤੀ: ''ਸਗੋਂ ਅਸੀਂ ਆਪ ਵੀ ਜਿਨ੍ਹਾਂ ਨੂੰ ਆਤਮਾ ਦਾ ਪਹਿਲਾ ਫਲ ਮਿਲਿਆ ਆਪਣੇ ਆਪ ਵਿਚ ਹਾਹੁਕੇ ਭਰਦੇ ਹਾਂ ਅਤੇ ਪੁੱਤਰ ਹੋਣ ਦੀ ਅਰਥਾਤ ਆਪਣੀ ਦੇਹੀ ਦੇ ਨਿਸਤਾਰੇ ਦੀ ਉਡੀਕ ਵਿਚ ਬੈਠੇ ਹਾਂ'' (ਰੋਮੀਆਂ 8:23; NIV)।[13]

1 ਕੁਰਿੰਥੀਆਂ ਵਿਚ ਪੌਲੁਸ ਨੇ ਪਵਿੱਤਰ ਆਤਮਾ ਦੇ ਵਾਸ ਦੀ ਗੱਲ ਕੀਤੀ। ਕੁਰਿੰਥੁਸ ਦੇ ਮਸੀਹੀਆਂ ਨੂੰ ਪੌਲੁਸ ਨੇ ਪੁੱਛਿਆ, ''ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ?'' (1 ਕੁਰਿੰਥੀਆਂ 6:19)। ਆਤਮਾ ਕਲੀਸੀਆ ਵਿਚ ਵਾਸ ਕਰਦਾ ਹੈ (1 ਕੁਰਿੰਥੀਆਂ 3:16), ਜੋ ਕਿ ਪਰਮੇਸ਼ੁਰ ਦੀ ਹੈਕਲ ਵੀ ਹੈ ਅਤੇ ਮਸੀਹ ਦੀ ਦੇਹ ਵੀ (2 ਕੁਰਿੰਥੀਆਂ 6:16; ਅਫ਼ਸੀਆਂ 1:22, 23), ਮਸੀਹ ਇਸ ਦੇ ਅੰਗਾਂ ਵਿਚ ਜਿਨ੍ਹਾਂ ਨਾਲ ਇਹ ਦੇਹ ਬਣਦੀ ਹੈ, ਉਹ ਨਹੀਂ ਹੋਵੇਗਾ (1 ਕੁਰਿੰਥੀਆਂ 12:13, 24–27)? ਇਨ੍ਹਾਂ ਹਵਾਲਿਆਂ ਵਿਚ ਕਿਸੇ ਵਿਚ ਵੀ ਪੌਲੁਸ ਨਿਰੀ ਥਿਓਲੋਜੀ ਦੀ ਖੋਜ ਨਹੀਂ ਕਰ ਰਿਹਾ ਸੀ ਬਲਕਿ ਉਹ ਇਕ ਸੱਚਾਈ ਦੱਸ ਰਿਹਾ ਸੀ ਜਿਹੜੀ ਮਸੀਹ ਨਾਲ ਸਾਡੇ ਸਬੰਧ, ਸਾਡੇ ਰੂਹਾਨੀ ਵਿਚਾਰ ਦੇ ਨਮੂਨਿਆਂ ਉੱਤੇ ਆਤਮਾ ਦੇ ਮੁਤਾਬਿਕ ਸਾਡੇ ਚੱਲਣ ਲਈ ਨਿਰਣਾਇਕ ਹੈ।

ਆਤਮਾ ਪਰਮੇਸ਼ੁਰ ਦੇ ਬਾਲਕ ਵਿਚ ਸਿਰਫ਼ ਉਸ ਦੇ ਗਿਆਨ ਜਾਂ ਪਵਿੱਤਰ ਲਿਖਤ ਦੀ ਸਮਝ ਨਾਲ ਹੀ ਵਾਸ ਨਹੀਂ ਕਰਦਾ ਹੈ। ਇਸ ਸੱਚਿਆਈ ਨੂੰ ਰੋਮੀਆਂ 8:16 ਵਿਚ ਪੌਲੁਸ ਦੇ ਸ਼ਬਦਾਂ ਵਿਚ ਵਿਖਾਇਆ ਗਿਆ ਹੈ: ''ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ।'' ਸਾਡੀ ਆਤਮਾ ਦੀ ਕੋਈ ਵੀ ਗਵਾਹੀ ਜੋ ਅਸੀਂ ਵਿਸ਼ਵਾਸ ਕਰਦੇ ਹਾਂ ਉਸ ਦੀ ਸਮਝ ਦੇ ਪੱਕੇ ਯਕੀਨ ਨਾਲ ਹੀ ਮਿਲਦਾ ਹੈ। ਇਸ ਕਰਕੇ ਇਹ ਤਰਕਸੰਗਤ ਲਗ ਸਕਦਾ ਹੈ ਕਿ ਪੌਲੁਸ ਇੱਥੇ ਸਾਡੇ ਨਾਲ ਗਵਾਹੀ ਦੇਣ (*summartureō,* ਸੁਮੇਰਟੂਰੀਓ) ਦੀ ਗੱਲ ਕਰ ਰਿਹਾ ਹੈ।

ਆਤਮਾ ਦੇ ਵਿਅਕਤੀ ਅਤੇ ਕੰਮ ਦੇ ਬਿਨਾਂ ਕੀ ਜੀਵਨ ਜੀਉਣਾ ਸ਼ਰ੍ਹਾ ਦੇ ਤਹਿਤ ਭਗਤ ਯਹੂਦੀ ਦੀ ਜ਼ਿੰਦਗੀ ਜੀਣ ਨਾਲੋਂ ਅਸਾਨ ਨਹੀਂ ਹੋਵੇਗਾ। ਬਰੂਸ ਨੇ ਟਿੱਪਣੀ ਕੀਤੀ ਹੈ:

> ਪਰਮੇਸ਼ੁਰ ਦੀ ਇੱਛਾ ਨਾਲ ਮੇਖ ਖਾਂਦੇ ਢੰਗ ਦੇ ਰਾਹੀਂ ਜੋ ਕੁਝ ਸ਼ਰ੍ਹਾ ਲਈ ਜ਼ਰੂਰੀ ਸੀ ਉਹੀ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਵੀ ਜਿਹੜੇ ਹੁਣ ਪਵਿੱਤਰ ਆਤਮਾ ਦੇ ਚਲਾਏ ਚਲਦੇ ਹਨ ਪਾਇਆ ਜਾਂਦਾ ਹੈ। ਪੁਰਾਣੇ ਤਰੀਕੇ ਦੀ ਸੇਵਾ ਦੇ ਵੱਸ ਵਿੱਚੋਂ ਛੁਡਾਇਆ ਜਾਂਦਾ ਹੈ। ਪਰਮੇਸ਼ੁਰ ਦੇ ਹੁਕਮ ਹੁਣ ਪਰਮੇਸ਼ੁਰ ਦੇ ਹੁਕਮ ਦੀ ਸਮਰਥਾ ਬਣ ਗਏ ਹਾਂ।

ਫਿਰ ਉਸ ਨੇ ਇਕ ਪੁਰਾਣੇ ਭਜਨ ਦਾ ਹਿੱਸਾ ਦੁਹਰਾਇਆ:

> ਸ਼ਰ੍ਹਾ ਦਾ ਹੁਕਮ ਹੈ, ਭਜੋ ਅਤੇ ... ਕੰਮ ਕਰੋ,
> ਪਰ ਮੈਨੂੰ ਨਾ ਤਾਂ ਪੈਰ ਦਿੰਦੀ ਹੈ ਅਤੇ ਨਾ ਹੱਥ;
> ਪਰ ਇੰਜੀਲ ਕਿੰਨੀ ਚੰਗੀ ਖ਼ਬਰ ਦਿੰਦੀ ਹੈ,
> ਇਹ ਉੱਡਣ ਨੂੰ ਆਖਦੀ ਹੈ ਅਤੇ ਮੈਨੂੰ ਖੰਭ ਲਾ ਦਿੰਦੀ ਹੈ।[14]

**ਆਇਤ 7.** ਪੌਲੁਸ ਇਸਰਾਏਲ ਦੇ ਬਚਪਨੇ ਦੀ ਹਾਲਤ ਦੀ ਚਰਚਾ ਦੇ ਨਿਚੋੜ ਤੇ ਆ ਗਿਆ। ਹੁਣ ਜਦ ਕਿ ਵਾਰਿਸ ''ਉਸ ਮਿਆਦ ਦੇ ਮੁਤਾਬਿਕ ਜੋ ਪਿਤਾ ਨੇ ਪਹਿਲਾਂ ਠਹਿਰਾਈ ਹੈ'' ਵੱਡਾ ਹੋ ਗਿਆ ਹੈ (4:2) ਅਤੇ ਜਵਾਬਦੇਹੀ ਦੀ ਉਮਰ ਵਿਚ ਪਹੁੰਚ ਗਿਆ ਹੈ, ਤਾਂ ਹੁਣ ਉਹ ''ਸਰਬਰਾਹਾਂ

ਅਤੇ ਮੁਖ਼ਤਿਆਰਾਂ ਦੇ ਮਤਹਿਤ ਨਹੀਂ ਰਿਹਾ'' ਇਸ ਕਰਕੇ ਉਹ 3:25 ਵਾਲੇ ''ਨਿਗਾਹਬਾਨ'' ਦੀਆਂ ਸੇਵਾਵਾਂ ਦੇ ਬਿਨਾਂ ਕੰਮ ਚਲਾ ਸਕਦਾ ਹੈ। ਇਹ ਨਿਗਾਹਬਾਨ ਜਿਹੜਾ ਆਪਣੀਆਂ ਕਈ ਬੰਦਿਸ਼ਾਂ ਅਤੇ ਰੁਕਾਵਟਾਂ ਵਾਲੀ ਸ਼ਰ੍ਹਾ ਨੂੰ ਦਰਸਾਉਂਦਾ ਹੈ ਅਤੇ ''ਤੂੰ ਕਰੀਂ'' ਅਤੇ ਇਸ ਨੂੰ ''ਤੂੰ ਨਾ ਕਰੀਂ'' ਪਰਮੇਸ਼ੁਰ ਦੇ ਸਿਆਣੇ ਬਾਲਕ ਨੂੰ ਹੁਣ ਇਨ੍ਹਾਂ ਦੀ ਕੋਈ ਲੋੜ ਨਹੀਂ ਹੈ। ਪੁੱਤਰ ਹੋਣ ਦੀ ਆਤਮਾ ਨੂੰ ਵਹਾਏ ਜਾਣ ਦੇ ਰਾਹੀਂ ਉਹ ਜ਼ਿੰਮੇਵਾਰੀ ਵਾਲੇ ਵਿਹਾਰ ਦੀ ਉਮਰ ਤਕ ਅੱਪੜ ਗਿਆ ਹੈ। ਉਹ ਆਪਣੇ ਆਪ ਨੂੰ ਜਿਸ ਵੀ ਹਾਲਤ ਵਿਚ ਪਾਏ, ਆਪਣੇ ਪਿਤਾ ਨੂੰ ਭਾਉਣ ਲਈ ਵੱਡੇ ਫੈਸਲੇ ਲੈ ਸਕਦਾ ਹੈ।

ਸਿਆਣਪੁਣੇ ਦੀ ਉਮਰ ਦੀ ਧਾਰਣਾ ਦੀ ਵਿਆਖਿਆ ਵੰਡ ਕੇ ਕੀਤੀ ਜਾਣੀ ਚਾਹੀਦੀ ਹੈ। ਇਸ ਸੰਦਰਭ ਵਿਚ ਪੌਲੁਸ ਵਿਅਕਤੀ ਦੀ ਉਮਰ ਵੱਧਣ ਦੀ ਗੱਲ ਨਹੀਂ ਕਰ ਰਿਹਾ ਬਲਕਿ ਇਸਰਾਏਲ ਦੇ ਇਤਿਹਾਸ ਦੇ ਇਕ ਖ਼ਾਸ ਚਰਣ ਦੀ ਗੱਲ ਕਰ ਰਿਹਾ ਸੀ। ਉਹ ''ਸਮਾਂ ਪੂਰਾ ਹੋਇਆ'' ਦੀ ਗੱਲ ਕਰ ਰਿਹਾ ਸੀ (4:4), ਜਦੋਂ ਪਰਮੇਸ਼ੁਰ ਨੇ ਪਵਿੱਤਰ ਆਤਮਾ ਦੀ ਸਮਰੱਥਾ ਦੇਣ ਵਾਲੀ ਸ਼ਕਤੀ ਨੂੰ ਦੇਣ ਲਈ ਕੌਮ ਉੱਤੇ ਸਮੂਹਕ ਰੂਪ ਵਿਚ ਕੰਮ ਕੀਤਾ।[15] ਉਸ ਨੇ ਅਜਿਹਾ ਕੀਤਾ ''ਇਸ ਲਈ ਜੋ ਸਾਡੇ ਵਿਚ ਜਿਹੜੇ ਸਰੀਰ ਦੇ ਨਹੀਂ ਸਗੋਂ ਆਤਮਾ ਦੇ ਅਨੁਸਾਰ ਚੱਲਦੇ ਹਾਂ ਸ਼ਰਾ ਦਾ ਰਾਸਤ ਹੁਕਮ *[dikaiōma ਡਾਇਆਕੇਓਮਾ]* ਪੂਰਾ ਹੋਵੇ'' (ਰੋਮੀਆਂ 8:4)। ਪੌਲੁਸ ਨੇ ਇਸ ਤੱਥ ਦੇ ਜ਼ੋਰ ਦਿੱਤਾ ਕਿ ਇਹ ਬਰਕਤਾਂ ''ਪਹਿਲਾਂ ਯਹੂਦੀ ਅਤੇ ਫੇਰ ਯੂਨਾਨੀ ਦੇ'' ਲਈ ਸਨ (ਰੋਮੀਆਂ 1:16; ਵੇਖੋ 2:9, 10)। ਰਸੂਲਾਂ ਦੇ ਕਰਤੱਬ ਤੋਂ ਪਤਾ ਲਗਦਾ ਹੈ ਕਿ ਇੰਜੀਲ ਦੇ ਪ੍ਰਚਾਰ ਦੇ ਆਪਣੇ ਕੰਮ ਵਿਚ ਪੌਲੁਸ ਨੇ ਇਸ ਨਿਯਮ ਨੂੰ ਬਰਾਬਰ ਮੰਨਿਆ।

**ਸੋ** ਸ਼ਬਦ ਗਲਾਤੀਆਂ ਦੇ ਆਤਮਾ ਨੂੰ ਗ੍ਰਹਿਣ ਕਰਨ ਦੀ ਪਿਛਲੀ ਆਇਤ ਨੂੰ ਜੋੜ ਦਿੰਦਾ ਹੈ। ਆਤਮਾ ਵਿਸ਼ਵਾਸੀ ਨੂੰ ਅਜ਼ਾਦੀ ਦੁਆਉਂਦਾ ਹੈ, ਇਸ ਕਰਕੇ ਪੌਲੁਸ ਨੇ ਆਖਿਆ **ਤੂੰ ਅਗਾਹਾਂ ਨੂੰ ਗੁਲਾਮ ਨਹੀਂ ਸਗੋਂ ਪੁੱਤਰ ਹੈਂ।** ਪੁਰਾਣੇ ਜ਼ਮਾਨੇ ਵਿਚ ਗੁਲਾਮੀ ਭਾਵੇਂ ਆਮ ਸੀ, ਖ਼ਾਸਕਰ ਨੇੜਲੇ ਪੂਰਬ ਵਿਚ, ਪਰ ਅਜ਼ਾਦੀ ਪਾਉਣ ਦਾ ਮੌਕਾ ਜੇ ਮਿਲ ਜਾਂਦਾ ਤਾਂ ਹਰ ਕਿਸੇ ਦੀ ਤਰਜੀਹ ਤਕਰੀਬਨ ਇਹੀ ਹੁੰਦੀ (ਵੇਖੋ ਯੂਹੰਨਾ 8:31–36)।[16] ਯੂਨਾਨੀਆਂ ਵਿਚ ''ਧਾਰਮਿਕ ਗੁਲਾਮੀ ਤੋਂ ਮੁਕਤੀ'' ਦੀ ਇਕ ਕਾਲਪਨਿਕ ਰਸਮ ਦੇ ਰਾਹੀਂ[17] ਜਿਵੇਂ ਕਿ ਡੈਲਫ਼ੀ ਵਿਚਲੇ ਅਪੋਲੋ ਦੇ ਮੰਦਰ ਵਿਚ ਹੁੰਦਾ ਸੀ, ਗੁਲਾਮ ਨੂੰ ਛੱਡਿਆ ਜਾ ਸਕਦਾ ਸੀ। ਅਜ਼ਾਦੀ ਦਾ ਵਿਚਾਰ ਬਨਾਮ ਗੁਲਾਮੀ ਪੌਲੁਸ ਦੇ ਪੂਰਾ ਖ਼ਤ ਲਿਖਦਿਆਂ ਉਹਦੇ ਦਿਮਾਗ਼ ਵਿੱਚੋਂ ਨਿੱਕਲਿਆ ਨਹੀਂ।

ਇੱਥੇ ਰਸੂਲ ਦਾ ਫੋਕਸ ਸਿਆਸੀ ਅਜ਼ਾਦੀ ਨਹੀਂ ਸੀ ਬਲਕਿ ਉਹ ਸ਼ਰ੍ਹਾ ਤੋਂ ਜਾਂ ਕਿਸੇ ਵੀ ਅਜਿਹੇ ਸਿਸਟਮ ਤੋਂ ਜਿਸ ਵਿਚ ਧਰਮੀ ਪਰਮੇਸ਼ੁਰ ਦੀ ਨਜ਼ਰ ਵਿਚ ਧਰਮੀ ਠਹਿਰਾਏ ਜਾਣ ਲਈ ਹੁਕਮ ਮੰਨਣ ਦੀ ਸ਼ਰਤ ਸ਼ਾਮਿਲ ਹੋਵੇ, ਦੀ ਗੁਲਾਮੀ ਤੋਂ ਰੂਹਾਨੀ ਅਜ਼ਾਦੀ ਦੀ ਗੱਲ ਕਰ ਰਿਹਾ ਸੀ। ਪੌਲੁਸ ਦੇ ਦਿਮਾਗ ਵਿਚ ਛੁਟਕਾਰੇ ਅਤੇ ਮੁਕਤੀ ਦੀਆਂ ਧਾਰਣਾਵਾਂ ਸਨ ਜੋ ਕਿ ਦੋਵੇਂ ਮਸੀਹ ਦੀ ਆਮਦ ਅਤੇ ਮਨੁੱਖਾਂ ਦੇ ਪੁੱਤਰਾਂ ਵਿਚਕਾਰ ਉਸ ਦੇ ਮਿਸ਼ਨ ਨਾਲ ਜੁੜੀਆਂ ਹੁੰਦੀਆਂ ਸਨ। ਪਰ ਅਜਿਹਾ ਨਹੀਂ ਹੈ ਕਿ ਮਸੀਹੀ ਲੋਕ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਤੋਂ ਛੁਟ ਗਏ ਸਨ। ਜਿਹੜੇ ਲੋਕ ਪਾਪ ਅਤੇ ਸ਼ਰ੍ਹਾ ਦੇ ਜੂਲੇ ਤੋਂ ਛੁੱਟ ਗਏ ਸਨ ਉਨ੍ਹਾਂ ਨੂੰ ਪੌਲੁਸ ਨੇ ਆਖਿਆ, ''ਪਰ ਜਿਸ ਸਿੱਖਿਆ ਦੇ ਸੰਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ'' (ਰੋਮੀਆਂ 6:17ਅ, 18)। ਪਰਮੇਸ਼ੁਰ ਦਾ ਬਾਲਕ ਜਿਸ ਨੂੰ ਨਵਾਂ ਜਨਮ ਪਾਉਣ ਦੇ ਰਾਹੀਂ ਪਵਿੱਤਰ ਆਤਮਾ ਦਾ ਦਾਨ ਮਿਲਿਆ ਹੈ: ਹੁਕਮ ਮੰਨਣ *ਤੋਂ* ਨਹੀਂ ਬਲਕਿ ਹੁਕਮ ਮੰਨਣ *ਲਈ* ਅਜ਼ਾਦ ਹੋਇਆ ਹੈ। ਉਸ ਨੇ ਪਾਪ ਅਤੇ ਮੂਸਾ ਦੀ ਸ਼ਰ੍ਹਾ ਦੇ ਜੂਏ ਦੀ ਥਾਂ ਯਿਸੂ ਦਾ ਸਹਿਜ ਜੂਲਾ ਚੁੱਕ ਲਿਆ। ਅਤੇ ਉਸ ਦੇ ਰਾਜ ਦੀ ਸੇਵਾ ਲਈ ਸਵੈ ਇੱਛਾ ਨਾਲ ਹੁਕਮ ਮੰਨਣ ਨਾਲ ਭਰਤੀ ਹੋ ਗਿਆ ਹੈ (ਮੱਤੀ 11:28–30)। ਪ੍ਰੇਮੀ, ਕਿਰਪਾ ਭਰੀ ਸ਼ਕਤੀ ਦੇ ਅੱਗੇ ਗੋਡੇ ਟੇਕਣ ਨਾਲ ਸਾਨੂੰ ਉਹ ਅਜ਼ਾਦੀ ਮਿਲੀ

ਹੈ ਜਿਸ ਦੀ ਚਰਚਾ ਮੱਤੀ 11 ਅਤੇ ਗਲਾਤੀਆਂ 4 ਵਿਚ ਕੀਤੀ ਗਈ।

ਇਕ ਹੋਰ ਵੱਡੀ ਬਰਕਤ ਜਿਹੜੀ ਗੋਦ ਲਏ ਜਾਣ ਦੀ ਕਿਰਪਾ ਨਾਲ ਹੀ ਹੈ ਉਹ ਇਸ ਵਿਚ ਸ਼ਾਮਿਲ ਹੈ: **ਤਾਂ ਪਰਮੇਸ਼ੁਰ ਦੇ ਰਾਹੀਂ ਅਧਕਾਰੀ ਵੀ ਹੈਂ।** ''ਅਧਕਾਰ'' (*klēronomia,* ਕਲੇਰੋਨੋਮੀਆ) ਅਤੇ ''ਅਧਕਾਰੀ'' (*klēronomos,* ਕਲੇਰੋਨੋਮੋਸ) ਸ਼ਬਦਾਂ ਦਾ ਮੁੱਖ ਅਧਾਰ ਇਸਰਾਏਲ ਨੂੰ ਕਨਾਨ ਦੀ ਧਰਤੀ ਦੇਣ ਦਾ ਖ਼ੁਦਾ ਦਾ ਵਾਅਦਾ ਹੈ। ਜਿਸ ਵਿਚ ਲੋਕ ਮਿਸਰ ਦੀ ਗੁਲਾਮੀ ਦੇ ਜੂਲੇ ਹੇਠ ਕਰਾਹ ਰਹੇ ਸਨ (ਕੂਚ 2:24; 3:17)। ਖ਼ੁਦਾ ਨੇ ਆਪਣੇ ''ਪਲੋਠੇ'' ਇਸਰਾਏਲ (ਕੂਚ 4:22) ਨੂੰ ਅਧਕਾਰ (ਮੀਰਾਸ) ਦੀ ਬਰਕਤ ਦੇਣ ਲਈ ਗੁਲਾਮੀ ਵਿੱਚੋਂ ਕੱਢਿਆ। ਮੂਲ ਵਿਚ ਪਰਮੇਸ਼ੁਰ ਨੇ ਅਬਰਾਹਾਮ ਨੂੰ ਦੱਸਿਆ ਸੀ ਕਿ ਉਸਦੀ ਸੰਤਾਨ ''ਗੁਲਾਮੀ ਕਰੇਗੀ ਅਤੇ ਚਾਰ ਸੌ ਵਰ੍ਹਿਆਂ ਤੀਕ ਦੁੱਖ'' ਝੱਲੇਗੀ। ਉਸ ਸਮੇਂ ਦੇ ਬਾਅਦ ਉਨ੍ਹਾਂ ਨੇ ਛੁੱਟ ਜਾਣਾ ਸੀ ਅਤੇ ਉਨ੍ਹਾਂ ਨੂੰ ਕਨਾਨ ਦੇਸ਼ ਵਿਚ ਪਰਤ ਜਾਣ ਅਤੇ ਉਸ ਦੇ ਅਧਕਾਰ (ਮੀਰਾਸ) ਨੂੰ ਪਾਉਣ ਦੀ ਇਜਾਜ਼ਤ ਮਿਲਣੀ ਸੀ (ਉਤਪਤ 15:13–21)। ਇਸ ਦੇਸ਼ ਨੂੰ ''ਗੁਣੇ'' ਪਾ ਕੇ ਵੰਡਿਆ ਜਾਣਾ ਸੀ।[18] ਖ਼ੁਦਾ ਨੇ ਮੂਸਾ ਨੂੰ ਹਦਾਇਤ ਕੀਤੀ ਸੀ, ''ਤਾਂ ਵੀ ਗੁਣੇ ਪਾ ਕੇ ਧਰਤੀ ਵੰਡੀ ਜਾਵੇਗੀ। ਉਨ੍ਹਾਂ ਦੇ ਪਿਓ ਦਾਦਿਆਂ ਦੇ ਗੋਤਾਂ ਦੇ ਨਾਮਾਂ ਅਨੁਸਾਰ ਉਹ ਮਿਲਖ ਲੈਣ। ਗੁਣੇ ਪਾਉਣ ਨਾਲ ਮਿਲਖ ਬਹੁਤਿਆਂ ਅਤੇ ਥੋੜਿਆਂ ਵਿਚ ਵੰਡੀ ਜਾਵੇ'' (ਗਿਣਤੀ 26:55, 56)। ਇਹ ਪੱਕਾ ਨਹੀਂ ਹੈ ਕਿ ਅਜਿਹਾ ਕਿਵੇਂ ਹੋਇਆ ਪਰ ਅਜਿਹੇ ਮਾਮਲਿਆਂ ਵਿਚ ਖ਼ੁਦਾ ਵੱਲੋਂ ਨਤੀਜੇ ਇਵੇਂ ਹੀ ਤੈਅ ਕੀਤੇ ਜਾਣੇ ਸਨ। ਕਹਾਉਤਾਂ 16:33 ਤੋਂ ਇਹ ਸਪੱਸ਼ਟ ਹੈ: ''ਬੁੱਕਲ ਵਿਚ ਗੁਣੇ ਪਾਏ ਜਾਂਦੇ ਹਨ, ਪਰ ਉਨ੍ਹਾਂ ਦਾ ਫ਼ੈਸਲਾ ਯਹੋਵਾਹ ਵੱਲੋਂ ਹੀ ਹੁੰਦਾ ਹੈ।''

ਨਵੇਂ ਨੇਮ ਦੇ ਤਹਿਤ ਅਧਕਾਰੀਆਂ (ਵਾਰਸਾਂ) ਦਾ ਅਧਕਾਰ ਰੂਹਾਨੀ ਅਤੇ ਸੁਰਗੀ ਹੈ। 5:21 ਵਿਚ ਪੌਲੁਸ ਨੇ ਇਸ ਨੂੰ ''ਪਰਮੇਸ਼ੁਰ ਦਾ ਰਾਜ'' ਦੱਸਿਆ (ਵੇਖੋ 1 ਕੁਰਿੰਥੀਆਂ 15:50; ਅਫ਼ਸੀਆਂ 5:5)। ਪਤਰਸ ਨੇ ਇਸ ਨੂੰ ''ਅਵਿਨਾਸੀ, ਨਿਰਮਲ ਅਤੇ ਨਾ ਕੁਮਲਾਉਣ ਵਾਲਾ ਅਧਕਾਰ'' ਕਿਹਾ ''ਜੋ ਸੁਰਗ ਵਿਚ ਤੁਹਾਡੇ ਲਈ ਧਰਿਆ ਹੋਇਆ ਹੈ'' (1 ਪਤਰਸ 1:4)।

ਜੇ ਕਿਸੇ ਨੂੰ ਸਮਝ ਵਿਚ ਨਾ ਆਇਆ ਹੋਵੇ ਕਿ ''ਪਰਮੇਸ਼ੁਰ ਦੇ ਰਾਹੀਂ ਅਧਕਾਰੀ'' ਵਾਕਅੰਸ਼ ਤੋਂ ਕੀ ਭਾਵ ਹੈ ਤਾਂ ਉਹ ਦੇ ਲਈ ਇਹ ਜਾਣਨਾ ਤਸੱਲੀ ਦੇਣ ਲਈ ਹੋ ਸਕਦਾ ਹੈ ਕਿ ਜਿਨ੍ਹਾਂ ਨੇ ਹੱਥਲਿਖਤਾਂ ਦੀਆਂ ਮੁਢਲੀਆਂ ਯੂਨਾਨੀ ਪ੍ਰਤੀਆਂ ਬਣਾਈਆਂ ਉਨ੍ਹਾਂ ਨੂੰ ਵੀ ਸਮਝ ਨਹੀਂ ਸੀ। ''ਪਰਮੇਸ਼ੁਰ ਦੇ ਰਾਹੀਂ'' ਯਕੀਨਨ ਹੀ ਬੇਹਤਰੀਨ ਸਮਝ ਹੈ। ਪਰ ਦੂਜੀ ਸਦੀ ਦੇ ਅੰਤ ਤੋਂ ਅਤੇ ਨੌਵੀਂ ਸਦੀ ਦੇ ਬਾਅਦ ਦੀਆਂ ਪੱਤਰੀਆਂ ਵਿਚ ਘੱਟੋ ਘੱਟ ਅੱਠ ਵੱਖੋ ਵੱਖ ਸੰਸਕਰਣ ਮਿਲਦੇ ਹਨ: ''ਪਰਮੇਸ਼ੁਰ ਦਾ,'' ''ਪਰਮੇਸ਼ੁਰ ਦੇ ਕਾਰਣ,'' ''ਮਸੀਹ ਦੇ ਰਾਹੀਂ,'' ''ਯਿਸੂ ਮਸੀਹ ਦੇ ਰਾਹੀਂ,'' ''ਮਸੀਹ ਦੇ ਰਾਹੀਂ ਪਰਮੇਸ਼ੁਰ ਦਾ,'' ''ਯਿਸੂ ਮਸੀਹ ਦੇ ਰਹੀਂ ਪਰਮੇਸ਼ੁਰ ਦਾ,'' ''ਯਿਸੂ ਮਸੀਹ ਦੇ ਵਿਚ ਪਰਮੇਸ਼ੁਰ ਦੇ ਰਾਹੀਂ'' ਅਤੇ ''ਇਕ ਪਾਸੇ ਤਾਂ ਪਰਮੇਸ਼ੁਰ ਦੇ ਅਤੇ ਦੂਜੇ ਪਾਸੇ ਮਸੀਹ ਦੇ ਸੰਗੀ ਅਧਕਾਰੀ।'' ਇਨ੍ਹਾਂ ਵਿੱਚੋਂ ਕਈ ਯੂਨਾਨੀ ਹੱਥਲਿਖਤਾਂ ਵਿਚ ਨਹੀਂ ਮਿਲਦੇ ਪਰ ਪੁਰਾਣੇ ਲਾਤੀਨੀ, ਸੀਰੀਆਈ, ਕੌਪਟਿਕ, ਇਥੋਪਿਆਈ ਅਤੇ ਗੌਥਿਕ ਵਰਗੇ ਸੰਸਕਰਣਾਂ ਵਿਚ ਮਿਲਦੇ ਹਨ। ਇਨ੍ਹਾਂ ਵੱਖੋ ਵੱਖ ਅਨੁਵਾਦਾਂ ਵਿਚ ਇਸ ਤੱਥ ਦੀ ਗਵਾਹੀ ਹੈ ਕਿ ਸਦੀਆਂ ਤੋਂ ਨਕਲ ਕਰਨ ਵਾਲੇ ਅਤੇ ਅਨੁਵਾਦਕ ਇਸ ਸੰਦਰਭ ਵਿਚ ''ਦੇ ਰਾਹੀਂ'' ਦੇ ਅਰਥ ਨੂੰ ਸਮਝੇ ਨਹੀਂ ਸਨ। ਮੁੱਢਲੇ ਪਾਠਕਾਂ ਨੂੰ ''ਪਰਮੇਸ਼ੁਰ ਦੇ ਰਾਹੀਂ'' ਨਾਲੋਂ ''ਪਰਮੇਸ਼ੁਰ ਦਾ'' ਵਧੇਰੇ ਤਰਕਸੰਗਤ ਲਗਦਾ ਹੋਵੇਗਾ। ਸ਼ਾਇਦ ਵਿਆਖਿਆ ਕਰਦਿਆਂ ਕਿਸੇ ਸਿਖਾਉਣ ਵਾਲੇ ਨੇ ਉਸ ਹੱਥਲਿਖਤ ਦੇ ਮੂਲ ਪਾਠ ਦੇ ਉੱਪਰ ਜਿਸ ਨੂੰ ਉਹ ਵਰਤ ਰਿਹਾ ਸੀ, ''ਤੇ'' ਲਿਖ ਦਿੱਤਾ ਅਤੇ ਬਾਅਦ ਦੇ ਨਕਲ ਕਰਨ ਵਾਲਿਆਂ ਨੇ ਗਲਤੀ ਦੇ ਸੁਧਾਰ ਦੇ ਰੂਪ ਵਿਚ ਪਵਿੱਤਰ ਲਿਖਤ ਵਿਚ ਇਸ ਨੂੰ ਸ਼ਾਮਿਲ ਕਰ ਲਿਆ (ਇਹ ਅਹਿਸਾਸ ਨਾ ਕਰਦਿਆਂ ਕਿ ਇਹ ਸਿਰਫ਼ ਵਿਆਖਿਆਤਮਕ ਟਿੱਪਣੀ ਸੀ[19])।

## **ਪੌਲੁਸ ਦੀ ਨਿੱਜੀ ਬੇਨਤੀ** (4:8-20)

ਮਸੀਹ ਵਿਚ ਨਿਹਚਾ ਦੀ ਸ੍ਰੇਸ਼ਠਤਾ ਦੇ ਆਪਣੇ ਤਰਕ ਨੂੰ ਜਾਰੀ ਰੱਖਦਿਆਂ ਪੌਲੁਸ ਨੇ ਦੋ ਭਾਗਾਂ ਵਾਲੀ ਨਿੱਜੀ ਬੇਨਤੀ ਜੋੜ ਦਿੱਤੀ। ਪਹਿਲਾਂ ਤਾਂ ਰਸੂਲ ਨੇ ਗਲਾਤੀਆਂ ਦੇ ਮਸੀਹੀਆਂ ਨੂੰ ਰੂਹਾਨੀ ਗੁਲਾਮੀ ਵਿਚ ਨਾ ਮੁੜਨ ਦੀ ਚਿਤਾਵਨੀ ਦਿੱਤੀ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਪ੍ਰਭਾਵ ਵਿਚ ਕੁਝ ਗੈਰਕੌਮ ਮਸੀਹੀ ਸ਼ਰ੍ਹਾ ਦਾ ਜੂਲਾ ਚੁੱਕ ਦੇ ਇਹੀ ਕਰ ਰਹੇ ਸਨ (4:8–11)। ਦੂਜਾ ਉਸ ਨੇ ਉਨ੍ਹਾਂ ਨੂੰ ਅਤੇ ਉਸ ਦੇ ਸੰਦੇਸ਼ ਨੂੰ ਖੁਸ਼ੀ ਖੁਸ਼ੀ ਉਵੇਂ ਹੀ ਕਬੂਲਣ ਲਈ ਆਖਿਆ ਜਿਵੇਂ ਉਨ੍ਹਾਂ ਨੇ ਉਸ ਤੋਂ ਪਹਿਲੀ ਵਾਰ ਇੰਜੀਲ ਸੁਣਨ ਵੇਲੇ ਕੀਤਾ ਸੀ (4: 12–20)।

### **ਗਲਾਤੀਆਂ ਦਾ ਰੂਹਾਨੀ ਗੁਲਾਮੀ ਵਿਚ ਫਸਣਾ** (4:8-11)

**[8]ਪਰ ਉਸ ਵੇਲੇ ਪਰਮੇਸ਼ੁਰ ਤੋਂ ਅਣਜਾਣ ਜੋ ਸਾਓ ਤੁਸੀਂ ਉਨ੍ਹਾਂ ਦੇ ਬੰਧਨ ਵਿਚ ਸਾਓ ਜਿਹੜੇ ਅਸਲ ਵਿਚ ਈਸ਼ੁਰ ਨਹੀਂ ਸਨ। [9]ਪਰ ਹੁਣ ਜੋ ਤੁਸੀਂ ਪਰਮੇਸ਼ੁਰ ਨੂੰ ਜਾਣ ਗਏ ਹੋ ਸਗੋਂ ਪਰਮੇਸ਼ੁਰ ਨੇ ਤੁਹਾਨੂੰ ਜਾਣ ਲਿਆ ਤਾਂ ਕਿੱਕੁਰ ਤੁਸੀਂ ਫੇਰ ਉਨ੍ਹਾਂ ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ ਦੀ ਵੱਲ ਮੁੜ ਜਾਂਦੇ ਹੋ ਜਿਹਨਾਂ ਦੇ ਬੰਧਨ ਵਿਚ ਤੁਸੀਂ ਨਵੇਂ ਸਿਰਿਓਂ ਆਇਆ ਚਾਹੁੰਦੇ ਹੋ? [10]ਤੁਸੀਂ ਦਿਨਾਂ ਅਤੇ ਮਹੀਨਿਆਂ ਅਤੇ ਸਮਿਆਂ ਅਤੇ ਵਰਿਹਾਂ ਨੂੰ ਮੰਨਦੇ ਹੋ ! [11]ਤੁਹਾਡੇ ਲਈ ਮੈਂ ਡਰਦਾ ਹਾਂ ਭਈ ਕਿਤੇ ਐਉਂ ਨਾ ਹੋਵੇ ਜੋ ਮੈਂ ਤੁਹਾਡੇ ਲਈ ਐਵੇਂ ਮਿਹਨਤ ਕੀਤੀ ਹੋਵੇ।**

**ਆਇਤ 8.** ਮਸੀਹ ਵਿਚ ਨਿਹਚਾ ਨਾਲ ਧਰਮੀ ਠਹਿਰਾਏ ਜਾਣ ਦੀ ਬਰਕਤ ਦੀ ਬਜਾਇ ਸ਼ਰ੍ਹਾ ਦੇ ਸਰਾਪ ਦੀ ਚੋਣ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਮੂਰਖਤਾ ਨੂੰ ਵਿਖਾਉਣ ਦੇ ਬਾਅਦ (ਵੇਖੋ 3:24, 25) ਪੌਲੁਸ ਨੇ ਗਲਾਤੀਆਂ ਦੇ ਮਸੀਹੀ ਬਣਨ ਤੋਂ ਪਹਿਲਾਂ ਦੀ ਹਾਲਤ ਤੇ ਵਿਚਾਰ ਕੀਤਾ। ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਗੈਰਕੌਮ ਸਨ ਇਸ ਕਰਕੇ ਉਸ ਨੇ **ਉਸ ਵੇਲੇ** ਨੂੰ ਯਾਦ ਕੀਤਾ ਜਦੋਂ ਉਹ **ਪਰਮੇਸ਼ੁਰ ਤੋਂ ਅਣਜਾਣ** ਸਨ। ਇਹ ਸਥਿਤੀ ਗੁਲਾਮੀ ਦਾ ਇਕ ਰੂਪ ਵੀ ਸੀ। ਕਿਉਂ ਜੋ ਉਹ ਨਾ ਸਿਰਫ਼ ਮੂਰਤੀਪੂਜਾ ਦੇ ਵੱਸ ਵਿਚ ਸਨ ਬਲਕਿ ਮੂਰਤੀਪੂਜਕ ਸੰਸਾਰ ਦੇ ਬੇਕਾਰ ਅੰਧਵਿਸ਼ਵਾਸੀ ਅਤੇ ਆਮ ਨੈਤਿਕ ਨੀਚਤਾ ਦੇ ਵੱਸ ਵਿਚ ਵੀ ਸਨ (ਰੋਮੀਆਂ 1: 18–32)। ਅਫ਼ਸੀਆਂ ਦੇ ਨਾਂਅ ਆਪਣੇ ਖ਼ਤ ਵਿਚ ਰਸੂਲ ਨੇ ਅਜਿਹੇ ਲੋਕਾਂ ਦਾ ਵਰਣਨ ''ਆਸਾਹੀਣ ਅਤੇ ਜਗਤ ਵਿਚ ਪਰਮੇਸ਼ੁਰ ਰਹਿਤ'' ਲੋਕਾਂ ਦੇ ਰੂਪ ਵਿਚ ਕੀਤਾ (ਅਫ਼ਸੀਆਂ 2: 12)।

ਗੁਲਾਮੀ ਅਤੇ ਅਜ਼ਾਦੀ ਦੇ ਵਿਸ਼ੇ ਦੀ ਚਰਚਾ ਕਰਦਿਆਂ ਪੌਲੁਸ ਨੇ ਗਲਾਤੀਆਂ ਨੂੰ ਉਨ੍ਹਾਂ ਦੀ ਸਥਿਤੀ ਦੀ ਵਿਡੰਬਣਾ ਨੂੰ ਵਿਖਾਉਣ ਦੀ ਕੋਸ਼ਿਸ਼ ਕੀਤੀ। ਉਹ ਹੁਣੇ ਹੁਣੇ ''ਨਿਰਬਲ ਅਤੇ ਨਿਕਮੀਆਂ ਮੂਲ ਗੱਲਾਂ'' (4:9) ਤੋਂ ਛੁਟੇ ਸਨ ਅਤੇ ਮਸੀਹ ਵਿਚ ਉਨ੍ਹਾਂ ਨੂੰ ਸਭ ਬਰਕਤਾਂ ਅਤੇ ਸਹੂਲਤਾਂ ਵਾਲੀ ਨਵੀਂ ਨਵੀਂ ਅਜ਼ਾਦੀ ਮਿਲੀ ਸੀ। ਪਰ ਸ਼ਰ੍ਹਾ ਨੂੰ ਮੰਨ ਕੇ ਉਹ ਗੁਲਾਮੀ ਦੀ ਅਜਿਹੀ ਹੀ ਤਬਾਹੀ ਵਿਚ ਚਲੇ ਗਏ ਸਨ (ਵੇਖੋ 4:3)। ਉਹ ਅਜਿਹੀ ਨਦਾਨੀ ਭਰੀ ਗੱਲ ਕਿਵੇਂ ਕਰ ਸਕਦੇ ਸਨ (3: 1–5)? ਆਖ਼ਰ ਖ਼ੁਦਾ ਨੇ ਉਨ੍ਹਾਂ ਨੂੰ ਗੁਲਾਮਾਂ ਦੀ ਥਾਂ ਆਪਣੇ ਪੁੱਤਰ ਬਣਾ ਲਿਆ ਸੀ ਅਤੇ ਹੁਣ ਉਹ ਅਨੰਤ ਮੀਰਾਸ ਦੇ ਵਾਰਸ ਬਣ ਗਏ ਸਨ (4:7; ਵੇਖੋ 4: 1)। ਰਸੂਲ ਨੂੰ ਇਹ ਸਮਝ ਨਹੀਂ ਆਇਆ ਕਿ ਉਹ ਗੁਲਾਮੀ ਵਿਚ ਵਾਪਿਸ ਕਿਉਂ ਚਲੇ ਗਏ ਸਨ। ਇਕ ਅਰਥ ਵਿਚ ਉਹ ਪੁੱਛ ਰਿਹਾ ਸੀ ਕਿ ''ਇਕ ਕੈਦ ਵਿੱਚੋਂ ਛੁੱਟ ਕੇ ਤੁਸੀਂ ਆਪਣੀ ਮਰਜ਼ੀ ਨਾਲ ਦੂਜੀ ਕੈਦ ਵਿਚ ਜਾ ਰਹੇ ਹੋ?''

ਗੈਰਕੌਮਾਂ ਦੀ ਮਨਬਦਲੀ ਤੋਂ ਪਹਿਲਾਂ ਵਾਲੀ ਹਾਲਤ ਵਿਚ ਇਹ ਮਸੀਹੀ ਲੋਕ **ਉਨ੍ਹਾਂ ਦੇ ਬੰਧਨ ਵਿਚ** ਸਨ **ਜਿਹੜੇ ਅਸਲ ਵਿਚ ਈਸ਼ੁਰ ਨਹੀਂ ਸਨ।** ਪੌਲੁਸ ਦੀ ਭਾਸ਼ਾ ਇੱਥੇ 1 ਕੁਰਿੰਥੀਆਂ 8:5,

6 ਵਿਚਲੀ ਉਸ ਦੀ ਗੱਲ ਨੂੰ ਯਾਦ ਦੁਆਉਂਦੀ ਹੈ ਜਿਸ ਵਿਚ ਉਸ ਨੇ ਕਾਫ਼ਰਾਂ ਦੇ ''ਬਹੁਤ ਸਾਰੇ ਦੇਵਤਿਆਂ'' ਅਤੇ ਮਸੀਹੀਆਂ ਅਤੇ ਯਹੂਦੀਆਂ ਦੇ ''ਇੱਕੋ ਪਰਮੇਸ਼ੁਰ'' ਬਾਰੇ ਲਿਖਿਆ ਸੀ। ਇਹ ਆਇਤਾਂ ਢੁਕਵੀਆਂ ਤਾਂ ਹਨ ਪਰ ਇਸ ਆਇਤ ਦੇ NASB ਦੇ ਅਨੁਵਾਦ ਵਿਚ ਇਸ ਤੋਂ ਪਹਿਲਾਂ ਦੀ ਆਇਤ ਖੇਦਜਨਕ ਹੈ: ''ਅਸੀਂ ਜਾਣਦੇ ਹਾਂ ਜੋ ਮੂਰਤੀ ਜਗਤ ਵਿਚ ਕੁਝ ਨਹੀਂ ਅਤੇ ਇਕ ਪਰਮੇਸ਼ੁਰ ਤੋਂ ਛੁੱਟ ਦੂਜਾ ਕੋਈ ਨਹੀਂ'' (1 ਕੁਰਿੰਥੀਆਂ 8:4)। ਬੇਸ਼ੱਕ ਪ੍ਰਾਚੀਨ ਜਗਤ ਵਿਚ ਲੋਕਾਂ ਕੋਲ ਮੂਰਤੀਆਂ ਹੁੰਦੀਆਂ ਸਨ ਅਤੇ ਉਹ ਉਨ੍ਹਾਂ ਨੂੰ ਵਰਤਦੇ ਸਨ। ਪੌਲੁਸ ਇਸ ਤੱਥ ਨੂੰ ਦੱਸ ਰਿਹਾ ਸੀ ਕਿ ਜਗਤ ਵਿਚ ਮੂਰਤੀਆਂ ਦੀ ਕੋਈ ਅਹਿਮੀਅਤ ਨਹੀਂ ਹੈ। ਅਜਿਹਾ ਉਸ ਨੇ ਮੂਰਤੀਆਂ ਅੱਗੇ ਚੜ੍ਹਾਏ ਗਏ ਚੜ੍ਹਾਵੇ ਨੂੰ ਖਾਣ ਦੇ ਸਬੰਧ ਵਿਚ ਕਿਹਾ ਸੀ। ਇਸ ਨੂੰ ਖਾਣ ਵਿਚ ਸਹਿਜ ਰੂਪ ਵਿਚ ਕੁਝ ਵੀ ਗਲਤ ਨਹੀਂ ਹੈ, ਕਿਉਂ ਜੋ ਮਸੀਹੀ ਆਦਮੀ ਜਿਸਨੂੰ ਇਹ ਸਮਝ ਸੀ ਅਤੇ ਉਸ ਨੂੰ ਪਤਾ ਸੀ ਕਿ ਇਹ ਕੀ ਕਰ ਰਿਹਾ ਹੈ, ਦੂਸ਼ਿਤ ਕਰਨ ਜਾਂ ਕਿਸੇ ਤਰ੍ਹਾਂ ਨਾਲ ਰੂਹਾਨੀ ਨੁਕਸਾਨ ਨਹੀਂ ਪਹੁੰਚ ਸਕਦਾ ਸੀ। ਪਰ ਜੇ ਕਿਸੇ ਦਾ ਅੰਤਹਕਰਣ ਅਜੇ ਵੀ ਮੂਰਤੀ ਨਾਲ ਜੁੜਿਆ ਹੋਵੇ ਤਾਂ ਭਾਵੇਂ ਉਸ ਦਾ ਆਪਣਾ ਅੰਤਹਕਰਣ ਹੋਵੇ ਜਾਂ ਦੂਜੇ ਦਾ, ਖਾਣ ਤੋਂ ਪਰਹੇਜ਼ ਰੱਖਣਾ ਹੀ ਉਹਦੇ ਲਈ ਚੰਗਾ ਸੀ (1 ਕੁਰਿੰਥੀਆਂ 10:25–29)। ਦੂਜੇ ਪਾਸੇ ਪੌਲੁਸ ਨੇ ''ਜਿਹੜੇ ਦੇਵਤੇ ਕਰਕੇ ਸਦਾਉਂਦੇ ਹਨ'' ਜਾਂ ਅਜਿਹੀਆਂ ਕੁਰਬਾਨੀਆਂ ਵਿਚ ਜੋ ਵੀ ਹੋਵੇ, ਉਸ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਨਕਾਰਿਆ। ਇਨ੍ਹਾਂ ਬਾਹਲੇ ''ਦਿਉਤਿਆਂ'' ਦਾ ਖ਼ੁਦਾ ਨਾਲ ਕੋਈ ਸਬੰਧ ਨਹੀਂ ਸੀ।

**ਆਇਤ 9.** ਗੈਰਕੌਮ ਮਸੀਹੀ ਪਹਿਲਾਂ ਭਾਵੇਂ ਮੂਰਤੀਆਂ ਦੇ ਪੂਜਣ ਵਾਲੇ ਸਨ ਪਰ ਉਹ **ਪਰਮੇਸ਼ੁਰ ਨੂੰ ਜਾਣ ਗਏ** ਸਨ, ਸਗੋਂ **ਪਰਮੇਸ਼ੁਰ ਨੇ** ਉਨ੍ਹਾਂ ਨੂੰ **ਜਾਣ ਲਿਆ** ਸੀ। ''ਜਾਣ'' ਦਾ ਯੂਨਾਨੀ ਸ਼ਬਦ (*ginōskō,* ਗਿਨੋਸਕੋ) ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ''ਮੰਨਣਾ'' ਜਾਂ ''ਕਬੂਲਣਾ'' ਵੀ ਹੋ ਸਕਦਾ ਹੈ।[20] ਅਨੁਵਾਦਕ ਲਈ ਇਸ ਸੰਦਰਭ ਵਿਚ ਅਰਥਾਂ ਨੂੰ ਜੋੜਨਾ ਜ਼ਰੂਰੀ ਹੈ ਜਿਸ ਵਿਚ ਕੋਈ ਵੀ ਬਦਲ ਹੋ ਸਕਦਾ ਹੈ (ਵੇਖੋ ਜ਼ਬੂਰਾਂ 1:6; LXX; 1 ਕੁਰਿੰਥੀਆਂ 8:3)। ''ਜਾਣ ਗਏ'' ਇਨ੍ਹਾਂ ਗੈਰਕੌਮਾਂ ਦੀ ਮਨਬਦਲੀ ਵਿਚ ਗੈਰਕੌਮਾਂ ਦੇ ਖ਼ੁਦਾ ਵੱਲ ਮੁੜਨ ਦਾ ਇਸ਼ਾਰਾ ਹੈ। ਹੋਰ ਤਾਂ ਹੋਰ ''ਪਰਮੇਸ਼ੁਰ ਨੇ ਜਾਣ ਲਿਆ'' ਵਾਕਅੰਸ਼ ਖ਼ੁਦਾ ਵੱਲੋਂ ਉਨ੍ਹਾਂ ਨੂੰ ਆਪਣੇ ਲੋਕਾਂ ਦੇ ਰੂਪ ਵਿਚ ਕਬੂਲ ਕਰ ਲੈਣ ਲਈ ਵਰਤਿਆ ਹੋਵੇਗਾ।[21] 4:6, 7 ਵਿਚ ਇਸ ਸਬੰਧ ਨੂੰ ਪੁੱਤਰ ਹੋਣ ਦੇ ਅਰਥ ਵਿਚ ਵਿਖਾਇਆ ਗਿਆ ਹੈ।

ਗਲਾਤੀਆਂ ਨੂੰ ਮਸੀਹ ਵਿਚ ਇਹ ਅਨੋਖੀ ਅਜ਼ਾਦੀ ਮਿਲੀ ਹੋਈ ਸੀ, ਇਸ ਕਰਕੇ ਪੌਲੁਸ ਨੇ ਪੁੱਛਿਆ, **ਤਾਂ ਕਿੱਕੁਰ ਤੁਸੀਂ ਫੇਰ ਉਨ੍ਹਾਂ ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ ਦੀ ਵੱਲ ਮੁੜ ਜਾਂਦੇ ਹੋ ਜਿਹਨਾਂ ਦੇ ਬੰਧਨ ਵਿਚ ਤੁਸੀਂ ਨਵੇਂ ਸਿਰਿਓਂ ਆਇਆ ਚਾਹੁੰਦੇ ਹੋ?** ''ਮੂਲ ਗੱਲਾਂ'' (*stoicheia,* ਸਟੋਇਕੀਆ) ਸ਼ਬਦ 4:3 ਵਿੱਚੋਂ ਦੁਹਰਾਇਆ ਗਿਆ ਹੈ। ਉਸ ਆਇਤ ਵਿਚ ਇਹ ਯਹੂਦੀਆਂ ਲਈ ਸੀ ਜਿਹੜੇ ਸ਼ਰ੍ਹਾ ਦੇ ਮਤਹਿਤ ਹੋਣ ਕਰਕੇ ''ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿਚ'' ਸਨ। ਉਹ ਸ਼ਰ੍ਹਾ ਦੇ ਸਰੀਰਕ ਅਤੇ ਬੁਨਿਆਦੀ ਨਿਯਮਾਂ ਦੇ ਗੁਲਾਮ ਸਨ।

4:9 ਵਿਚ ਪੌਲੁਸ ਨੇ ਕਿਹਾ ਕਿ ਗੈਰਕੌਮ ਮਸੀਹੀ ਮੂਰਤੀਪੂਜਾ ਅਤੇ ਅਨੈਤਿਕ ਜੀਵਨ ਦੇ ਸਬੰਧ ਵਿਚ ''ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ'' ਦੀ ''ਗੁਲਾਮੀ'' (KJV) ਵਿਚ ਸਨ। ਰੋਮੀਆਂ 1–3 ਵਿਚ ਅਜਿਹਾ ਹੀ ਨਜ਼ਾਰਾ ਵਿਖਾਇਆ ਗਿਆ ਹੈ ਜਿੱਥੇ ਗੈਰਕੌਮਾਂ ਅਤੇ ਯਹੂਦੀਆਂ ਦੋਹਾਂ ਨੂੰ ਪਾਪ ਦੇ ਕਬਜ਼ੇ ਵਿਚ ਹੋਣ ਦੇ ਰੂਪ ਵਿਚ ਵਿਖਾਇਆ ਗਿਆ ਹੈ ਜਿਨ੍ਹਾਂ ਨੂੰ ਮੁਕਤੀਦਾਤੇ ਦੀ ਲੋੜ ਹੈ। ਰੋਮੀਆਂ 3:1, 2 ਵਿਚ ਪੌਲੁਸ ਨੇ ਇਸੇ ਸਵਾਲ ਤੇ ਵਿਚਾਰ ਕੀਤਾ ''ਸੋ ਯਹੂਦੀ ਦਾ ਕੀ ਵਾਧਾ ਅਤੇ ਸੁੰਨਤ ਦਾ ਕੀ ਲਾਭ ਹੈ?'' ਫਿਰ ਉਸ ਨੇ ਆਪੇ ਹੀ ਇਸ ਸਵਾਲ ਦਾ ਜਵਾਬ ਦਿੱਤਾ: ''ਹਰ ਪਰਕਾਰ ਕਰਕੇ ਬਹੁਤ। ਪਹਿਲੋਂ ਤਾਂ ਇਹੋ ਜੋ ਪਰਮੇਸ਼ੁਰ ਦੀਆਂ ਬਾਣੀਆਂ ਉਨ੍ਹਾਂ ਨੂੰ ਸੌਂਪੀਆਂ ਗਈਆਂ।'' ਫਿਰ

ਵੀ ਪਰਮੇਸ਼ੁਰ ਦੀਆਂ ਬਾਣੀਆਂ ਦਾ ਮਤਲਬ ਇਹ ਨਹੀਂ ਸੀ ਕਿ ਉਨ੍ਹਾਂ ਤਕ ਪਰਮੇਸ਼ੁਰ ਦੇ ਵਚਨ ਦੀ ਪਹੁੰਚ ਆਪਣੇ ਆਪ ਹੀ ਹੋ ਗਈ। ਇਸੇ ਸੰਦਰਭ ਵਿਚ ਪੌਲੁਸ ਨੇ ਅੱਗੇ ਪੁੱਛਿਆ, ''ਤਾਂ ਫੇਰ ਕੀ? ਭਲਾ, ਅਸੀਂ ਉਨ੍ਹਾਂ ਨਾਲੋਂ ਚੰਗੇ ਹਾਂ? ਰਤਾ ਵੀ ਨਹੀਂ! ਕਿਉਂ ਜੋ ਅਸੀਂ ਤਾਂ ਅੱਗੇ ਆਖ ਬੈਠੇ ਹਾਂ ਜੋ ਯਹੂਦੀ ਅਤੇ ਯੂਨਾਨੀ ਸਾਰਿਆਂ ਦੇ ਸਾਰੇ ਪਾਪ ਦੇ ਹੇਠ ਹਨ'' (ਰੋਮੀਆਂ 3:9)। ਖ਼ੁਦਾ ਤਕ ਅਤੇ ਰੂਹਾਨੀ ਜਹਾਜ਼ ਤਕ ਸਿਰਫ਼ ਮਸੀਹ ਹੀ ਪਹੁੰਚਾ ਸਕਦਾ ਹੈ (ਰੋਮੀਆਂ 3:21–26)। ਮਨੁੱਖ ਨੂੰ ਪਾਪ ਦੀ ਗੁਲਾਮੀ ਤੋਂ ਜੋ ਕਿ ਹਰ ਉਸ ਵਿਅਕਤੀ ਲਈ ਹੈ ਜੋ ਅਜੇ ਤਕ ਮਸੀਹ ਤੋਂ ''ਅਣਜਾਣ'' ਹੈ ਅਤੇ ''ਪਰਮੇਸ਼ੁਰ ਨੇ ਉਸ ਨੂੰ ਜਾਣਿਆ'' ਨਹੀਂ ਹੈ, ਪਾਪ ਦੀ ਗੁਲਾਮੀ ਤੋਂ ਉਹੀ ਛੁਡਾ ਸਕਦਾ ਸੀ।

ਮਸੀਹੀ ਲੋਕਾਂ ਨਾਲ ਜਿਨ੍ਹਾਂ ਨੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਝੂਠੀ ਸਿੱਖਿਆ ਨੂੰ ਮੰਨ ਲਿਆ ਸੀ ਗੱਲ ਕਰਦਿਆਂ ਪੌਲੁਸ ਦਾ ਇਹੀ ਮਤਲਬ ਸੀ। ਗੈਰਕੌਮ ਮਸੀਹੀਆਂ ਉੱਤੇ ਸ਼ਰ੍ਹਾ ਥੋਪ ਕੇ ਇਹ ਝੂਠੇ ਗੁਰੂ ਉਨ੍ਹਾਂ ਨੂੰ ''ਘਬਰਾਉਂਦੇ ਅਤੇ ਮਸੀਹ ਦੀ ਖੁਸ਼ਖ਼ਬਰੀ ਨੂੰ ਵਿਗਾੜਨਾ ਚਾਹੁੰਦੇ'' ਸਨ (ਗਲਾਤੀਆਂ 1:7; NIV)।

ਰਸੂਲ ਨੇ ਉਨ੍ਹਾਂ ਨੂੰ ''ਉਨ੍ਹਾਂ ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ ਦੀ ਵੱਲ'' ਨਾ ਮੁੜਨ ਦੀ ਚਿਤਾਵਨੀ ਦਿੱਤੀ। ''ਨਿਰਬਲ'' ਲਈ ਯੂਨਾਨੀ ਸ਼ਬਦ (*asthenēs,* ਅਸਥੇਨੇਸ) ''ਬਿਮਾਰੀ'' ਲਈ ਯੂਨਾਨੀ ਸ਼ਬਦ (*astheneia,* ਅਸਥੇਨਿਆ) ਦਾ ਵਿਸ਼ੇਸ਼ਣ ਰੂਪ ਹੈ। 4:13 ਵਿਚ ਪੌਲੁਸ ਨੇ ਆਪਣੀ ''ਸਰੀਰ ਦੀ ਮਾਂਦਗੀ'' ਦਾ ਸੰਕੇਤ ਦੇਣ ਦੇ ਮੂਲ ਅਰਥ ਵਿਚ ਇਸ ਸ਼ਬਦ ਨੂੰ ਵਰਤਿਆ। *Astheneia,* ਨੂੰ (*sthenos,* ਸਥੇਨੋਸ) ਤੋਂ ਲਿਆ ਗਿਆ ਹੈ, ਜਿਸ ਦਾ ਅਰਥ ''ਤੰਦਰੁਸਤ'' ਹੈ। ਅਗੇਤਰ (a) ''ਅਣ, ਨਿਰ'' ਵਾਂਗ ਨਕਾਰਾਤਮਕ ਅੱਖਰ ਹੈ ਇਸ ਕਰਕੇ ਇਹ ਸ਼ਬਦ ''ਬੀਮਾਰ'' ਦੇ ਬਰਾਬਰ ਹੈ ਅਤੇ ਇਸ ਦਾ ਅਨੁਵਾਦ ''ਕਮਜ਼ੋਰ,'' ''ਨਿਰਬਲ'' ਜਾਂ ''ਬਿਮਾਰ'' ਕੀਤਾ ਜਾ ਸਕਦਾ ਹੈ। ਪੌਲੁਸ ਇਹ ਆਖ ਰਿਹਾ ਸੀ ਕਿ ਸ਼ਰ੍ਹਾ ਦੀਆਂ ਬੁਨਿਆਦੀ ਗੱਲਾਂ ਜਿਨ੍ਹਾਂ ਵੱਲ ਇਹ ਗੈਰਕੌਮ ਮਸੀਹੀ ਮੁੜ ਰਹੇ ਸਨ, ਉਨ੍ਹਾਂ ਨੂੰ ਮੁਕਤੀ ਦੁਆਉਣ ਲਈ ਓਨੀਆਂ ਹੀ ਕਮਜ਼ੋਰ ਸਨ ਜਿੰਨੇ ਉਨ੍ਹਾਂ ਦੇ ਸਾਬਕਾ ਬਨਾਵਟੀ ਦਿਓਤੇ ਭਾਵ ਮੂਰਤੀਆਂ ਸਨ ਜਿਨ੍ਹਾਂ ਉੱਤੇ ਉਹ ਪਹਿਲਾਂ ਭਰੋਸਾ ਰੱਖਦੇ ਸਨ।

''ਨਿਕੰਮੀਆਂ'' (*ptōchos,*) ਜਾਂ ''ਕੰਗਾਲ'' (NIV) ਵਿਚ ਗਰੀਬ ਹੋਣ ਦਾ ਵਿਚਾਰ ਮਿਲਦਾ ਹੈ। ਯਿਸੂ ਨੇ ਇਹੀ ਸ਼ਬਦ ਵਰਤਿਆ ਸੀ ਜਦ ਉਸ ਨੇ ਆਖਿਆ, ''ਕੰਗਾਲ ਤਾਂ ਸਦਾ ਤੁਹਾਡੇ ਨਾਲ ਹਨ'' (ਮੱਤੀ 26:11ੳ)। ਕੰਗਾਲ ਵਿਅਕਤੀ ਜਿਹੜਾ ਜ਼ਿੰਦਗੀ ਜੀਣ ਲਈ ਸੰਘਰਸ਼ ਕਰ ਰਿਹਾ ਹੋਵੇ ਉਹ ਛੁਟਕਾਰਾ ਖ਼ਰੀਦਣ ਦੀ ਆਸ ਕਿਵੇਂ ਕਰ ਸਕਦਾ ਹੈ? ਮਨੁੱਖ ਕੋਲ ਅਜਿਹਾ ਕੁਝ ਨਹੀਂ ਹੈ ਜਿਸ ਨੂੰ ਉਹ ਪਾਪੀ ਰੂਹ ਦੇ ਛੁਟਕਾਰੇ ਲਈ ਖ਼ੁਦਾ ਅੱਗੇ ਪੇਸ਼ ਕਰ ਸਕੇ, ਭਾਵੇਂ ਉਹ ਕਿੰਨਾਂ ਵੀ ਕੀਮਤੀ ਕਿਉਂ ਨਾ ਹੋਵੇ। ਅਸੀਂ ਗਾਉਂਦੇ ਹਾਂ, ''ਦਿਲ ਕੇ ਦਾਗ ਕੋ ਧੋਵੇ ਕੌਣ? ਲਹੂ ਜੋ ਕਿ ਕਰੂਸ ਸੇ ਜਾਰੀ।''[22] ਸ਼ਰ੍ਹਾ ਦੀਆਂ ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ ਦਾ ਹਾਲ ਇਹੀ ਹੈ। ਪੁਰਾਣੇ ਨੇਮ ਦੀ ਵੇਦੀ ਉੱਤੇ ਚੜ੍ਹਾਈਆਂ ਜਾਣ ਵਾਲੇ ਲੱਖਾਂ ਬੇਦਾਗ ਜਾਨਵਰ ਯਹੂਦੀਆਂ ਦੇ ਪਾਪਾਂ ਨੂੰ ਕਦੇ ਵੀ ਪੂਰੀ ਤਰ੍ਹਾਂ ਨਾਲ ਮਿਟਾ ਨਹੀਂ ਸਕਣਗੇ। ਇਬਰਾਨੀਆਂ ਦੇ ਲੇਖਕ ਨੇ ਲਿਖਿਆ ਹੈ:

> ਸ਼ਰਾ ਜਿਹੜੀ ਆਉਣ ਵਾਲੀਆਂ ਚੰਗੀਆਂ ਵਸਤਾਂ ਦਾ ਪਰਛਾਵਾਂ ਹੀ ਹੈ ਪਰ ਉਨ੍ਹਾਂ ਵਸਤਾਂ ਦਾ ਅਸਲੀ ਸਰੂਪ ਨਹੀਂ, ਕੋਲ ਆਉਣ ਵਾਲਿਆਂ ਨੂੰ ਜਿਹੜੇ ਵਰਹੇ ਦੇ ਵਰਹੇ ਸਦਾ ਇੱਕੋ ਪਰਕਾਰ ਦੇ ਬਲੀਦਾਨ ਚੜ੍ਹਾਉਂਦੇ ਹਨ ਕਦੇ ਕਾਮਿਲ ਨਹੀਂ ਕਰ ਸੱਕਦੀ ਹੈ। . . . ਕਿਉਂ ਜੋ ਅਣਹੋਣਾ ਹੈ ਭਈ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ (ਇਬਰਾਨੀਆਂ 10:1–4)।

ਇਹੀ ਕਾਰਣ ਹੈ ਕਿ ਅਸੀਂ ਗੈਰਕੌਮ ਮਸੀਹੀਆਂ ਦੇ ਇਕ ਕੈਦ (ਮੂਰਤੀਪੂਜਾ ਅਤੇ ਬੁਰਿਆਈ) ਛੱਡ ਕੇ ਦੂਜੀ ਕੈਦ (ਸ਼ਰ੍ਹਾ ਦੀ ਗੁਲਾਮੀ) ਵੱਲ ਜਾਣ ਅਤੇ ਅਜਿਹਾ ਆਪਣੀ ਮਰਜ਼ੀ ਨਾਲ ਕਰਨ ਦੀ

ਗੱਲ ਕਰਦੇ ਹਾਂ! ਕਿੰਨੀ ਵਿਡੰਬਣਾ ਵਾਲੀ ਗੱਲ ਹੈ; ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਪੌਲੁਸ ਨੇ ਖ਼ਤ ਵਿਚ ਐਨੀ ਸਖ਼ਤ ਭਾਸ਼ਾ ਕਿਉਂ ਵਰਤੀ: ''ਹੇ ਮੂਰਖ ਗਲਾਤੀਓ'' (3:1); ''ਕੀ ਤੁਸੀਂ ਇਹੋ ਜਿਹੇ ਮੂਰਖ ਹੋ? ਭਲਾ, ਆਤਮਾ ਦੁਆਰਾ ਅਰੰਭ ਕਰ ਕੇ ਤੁਸੀਂ ਹੁਣ ਸਰੀਰ ਦੁਆਰਾ ਸਮਾਪਤ ਕਰਦੇ ਹੋ?'' (3:3)। ਸ਼ਰ੍ਹਾ ਅਤੇ ਕਿਸੇ ਵੀ ਸ਼ਰ੍ਹਾ ਦੇ ਰਾਹੀਂ ਧਾਰਮਿਕਤਾ ਮਨੁੱਖੀ ਦੇਹ ਦੀ ਪ੍ਰਾਪਤੀ ਅਤੇ ਵਿਅਕਤੀ ਦੀ ਆਪਣੀ ਧਾਰਮਿਕਤਾ ਮੰਨੀ ਜਾਵੇਗੀ। ਪਰ ਮਸੀਹ ਵਿਚ ਧਾਰਮਿਕਤਾ ਸਾਡੇ ਪਰਮੇਸ਼ੁਰ ਦੀ ਕਿਰਪਾ ਦਾ ਦਾਨ ਹੈ ਜਿਹੜਾ ਸਾਨੂੰ ਸ਼ਰ੍ਹਾ ਦੀ ਗੁਲਾਮੀ ਤੋਂ ਛੁਡਾਉਂਦਾ ਹੈ।

**ਆਇਤ 10.** ਇਸ ਸੰਦਰਭ ਵਿਚ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਇਨ੍ਹਾਂ ਗੈਰਕੌਮ ਮਸੀਹੀਆਂ ਨੂੰ ਆਪਣੀਆਂ ਪੁਰਾਣੀਆਂ ਕਾਫ਼ਿਰ ਧਾਰਮਿਕ ਰੀਤਾਂ ਵਿਚ ਮੁੜਨ ਲਈ ਕੋਈ ਲਾਲਚ ਦਿੱਤਾ ਜਾ ਰਿਹਾ ਸੀ। ਬਲਕਿ ਉਹ ਉਨ੍ਹਾਂ ਨੂੰ ਚੰਗੇ ਯਹੂਦੀ ਮਸੀਹੀ ਬਣਾਉਣ ਲਈ ਜਿਵੇਂ ਕਿ ਉਹ ਆਪਣੇ ਆਪ ਨੂੰ ਮੰਨਦੇ ਸਨ, ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਉਪਰਾਲਿਆਂ ਨੂੰ ਮੰਨ ਰਹੇ ਸਨ। ਇਸ ਕਰਕੇ ਇਹ ਤੈਅ ਕਰਨ ਲਈ ਕਿ **ਦਿਨਾਂ ਅਤੇ ਮਹੀਨਿਆਂ ਅਤੇ ਸਮਿਆਂ ਅਤੇ ਵਰਿਹਾਂ** ਤੋਂ ਪੌਲੁਸ ਦਾ ਕੀ ਭਾਵ ਸੀ ਸਾਨੂੰ ਸ਼ਰ੍ਹਾ ਨੂੰ ਵੇਖਣਾ ਪਵੇਗਾ, ਨਾ ਕਿ ਉਸ ਸਮੇਂ ਦੇ ਯੂਨਾਨੀ–ਰੋਮੀ ਧਰਮਾਂ ਨੂੰ।

ਆਮ ਤੌਰ ਤੇ ਸਮੇਂ ਦੀਆਂ ਵੰਡਾਂ ਲਾਹੇਵੰਦ ਕੰਮ ਕਰਦੀਆਂ ਸਨ। ਲਿਖਤ ਵਿਚ ਇਨ੍ਹਾਂ ਦਾ ਪਹਿਲੀ ਵਾਰ ਵੇਰਵਾ ਸਰਿਸ਼ਟੀ ਦੇ ਵਰਣਨ ਵਿਚ ਮਿਲਦਾ ਹੈ। ਉਤਪਤ 1:14 ਦੇ ਮੁਤਾਬਿਕ, ''ਪਰਮੇਸ਼ੁਰ ਨੇ ਆਖਿਆ ਕਿ ਅਕਾਸ਼ ਦੇ ਅੰਬਰ ਵਿਚ ਜੋਤਾ ਹੋਣ ਤਾਂ ਜੋ ਉਹ ਦਿਨ ਨੂੰ ਰਾਤ ਅੱਡ ਕਰਨ, ਨਾਲੇ ਉਹ ਨਿਸ਼ਾਨਾਂ ਤੇ ਰੁੱਤਾਂ ਤੇ ਦਿਨਾਂ ਤੇ ਵਰ੍ਹਿਆਂ ਲਈ।''

ਪੌਲੁਸ ਦੇ ''ਦਿਨਾਂ ਅਤੇ ਮਹੀਨਿਆਂ ਅਤੇ ਸਮਿਆਂ ਅਤੇ ਵਰਿਹਾਂ'' ਦੇ ਪਿਛੋਕੜ ਲਈ ਪੁਰਾਣੇ ਨੇਮ ਨੂੰ ਧਿਆਨ ਵਿਚ ਰਖਣ ਤੇ ਕਈ ਹਵਾਲੇ ਨਜ਼ਰ ਆਉਂਦੇ ਹਨ। ਜਿਹੜੇ ਹੈਕਲ ਜਾਂ ਡੇਰੇ ਨਾਲ ਜੁੜੇ ਹਨ। ਪਵਿੱਤਰ ਦਿਨਾਂ ਦੇ ਧਾਰਮਿਕ ਪਰਬਾਂ ਦੀ ਸਥਾਪਨਾ ਬਾਰੇ ਲੇਵੀਆਂ ਦੀ ਪੋਥੀ 23 ਵਿਚ ਪੜ੍ਹਨ ਨੂੰ ਮਿਲਦਾ ਹੈ ਜਿਸ ਵਿਚ ਕੁਰਬਾਨੀਆਂ ਚੜ੍ਹਾਉਣ ਦੇ ਸਹੀ ਸਹੀ ਸਮਿਆਂ ਦਾ ਵਿਸਤਾਰ ਨਾਲ ਵਰਣਨ ਹੈ। ਤੰਬੂ ਪਹਿਲਾਂ ਇਸਰਾਏਲੀਆਂ ਦੀ ਬੰਦਗੀ ਦਾ ਸਥਾਪਿਤ ਕੇਂਦਰ ਬਿੰਦੂ ਹੋਇਆ। ਬਾਅਦ ਵਿਚ ਸੁਲੇਮਾਨ ਨੇ ''ਸੱਬਤਾਂ, ਅਮੱਸਿਆ, ਅਰ ਯਹੋਵਾਹ ਸਾਡੇ ਪਰਮੇਸ਼ੁਰ ਦਿਆਂ ਠਹਿਰਾਇਆਂ ਹੋਇਆਂ ਪਰਬਾਂ ਉੱਤੇ ਕੁਰਬਾਨੀਆਂ ਚੜ੍ਹਾਉਣ ਲਈ ਹੈਕਲ ਬਣਵਾ ਦਿੱਤੀ'' (2 ਇਤਹਾਸ 2:4)। ਖ਼ੁਦਾ ਦੇ ਹੁਕਮਾਂ ਦੇ ਮਤਹਿਤ ਕੁਰਬਾਨੀਆਂ ''ਸਬਤਾਂ ਨੂੰ ਅਮਵੱਸਿਆ ਨੂੰ ਅਤੇ ਵਰ੍ਹੇ ਵਿਚ ਕਈ ਵਾਰ ਮੁਕਰਰਾ ਅਤੇ ਤਿਓਹਾਰਾਂ ਉੱਤੇ ਪਤੀਰੀ ਰੋਟੀ ਦੇ ਪਰਬ ਉੱਤੇ ਅਰ ਹਫ਼ਤਿਆਂ ਦੇ ਪਰਬ ਉੱਤੇ ਅਤੇ ਡੇਰਿਆਂ ਦੇ ਪਰਬ ਉੱਤੇ ਚੜ੍ਹਾਈਆਂ ਜਾਂਦੀਆਂ ਸਨ'' (2 ਇਤਹਾਸ 8:13)। ਢੀਠ ਇਸਰਾਏਲੀਆਂ ਦੇ ਤੌਬਾ ਨਾ ਕਰਨ ਤੇ ਖ਼ੁਦਾ ਨੇ ਐਲਾਨ ਕੀਤਾ ਕਿ ''ਮੈਂ ਉਹ ਦੇ ਪਰਬ, ਉਹ ਦੀਆਂ ਅਮੱਸਿਆਂ, ਉਹ ਦੇ ਸਬਤ ਅਤੇ ਉਹ ਦੇ ਸਭ ਮਿੱਥੇ ਹੋਏ ਪਰਬ ਵਿਰਾਨ ਕਰਾਂਗਾ'' (ਹੋਸ਼ੇਆ 2:11)। ਸੁਲੇਮਾਨ ਵਾਂਗ ਹਿਜ਼ਕੀਯਾਹ ਨੇ ਯਹੂਦਾ ਰਾਜ ਨੂੰ ਹੁਕਮ ਦਿੱਤਾ ਕਿ ''ਸਬਤਾਂ ਅਤੇ ਅਮੱਸਿਆਂ ਅਤੇ ਮਿੱਥੇ ਹੋਏ ਪਰਬਾਂ ਦੀਆਂ ਹੋਮ ਬਲੀਆਂ ਜਿਵੇਂ ਯਹੋਵਾਹ ਵਿਵਸਥਾ ਵਿਚ ਲਿਖਿਆ ਹੈ'' ਚੜ੍ਹਾਈਆਂ ਜਾਣ (2 ਇਤਹਾਸ 31:3)।

ਗਲਾਤੀਆਂ ਵਿਚ ਪੌਲੁਸ ਵੱਲੋਂ ਅਜਿਹੇ ਸ਼ਬਦਾਂ ਦੀ ਵਰਤੋਂ ਇਨ੍ਹਾਂ ਨਿਯਮਾਂ ਦੇ ਸਬੰਧ ਵਿਚ ਹੈ ਜਿਹੜੇ ਪੁਰਾਣੇ ਨੇਮ ਨੂੰ ਭਾਵੇਂ ਅਹਿਮ ਹਨ, ਪਰ ਨਵੇਂ ਨੇਮ ਵਿਚ ਮਸੀਹੀ ਲੋਕਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ। ਰਸੂਲ ਨੇ ਉਨ੍ਹਾਂ ਦੇ ਕਮਜ਼ੋਰ ਅੰਤਹਕਰਣ ਅਤੇ ਨੂੰ ਵੀ ਵਿਖਾਇਆ ਜਿਹੜੇ ਲੰਮੇ ਸਮੇਂ ਤੋਂ ਇਨ੍ਹਾਂ ਨੂੰ ਮੰਨਦੇ ਰਹਿਣ ਕਰਕੇ ਅਜੇ ਵੀ ਅਜਿਹੀਆਂ ਧਾਰਣਾਵਾਂ ਵਿਚ ਫਸੇ ਹੋਏ ਸਨ। ਰੋਮੀਆਂ 14:1–15:3 ਵਿਚ ਉਸ ਨੇ ਤਾਕਤਵਰਾਂ ਨੂੰ ਵੀ ਉਨ੍ਹਾਂ ਪ੍ਰਤੀ ਵਿਚਾਰਵਾਨ ਹੋਣ ਲਈ ਆਖਿਆ। ਰੋਮੀਆਂ ਦਾ ਸੰਦਰਭ ਇਹ ਨਹੀਂ ਵਿਖਾਉਂਦਾ ਕਿ ਪੌਲੁਸ ਨੇ ਹਾਲ ਹੀ ਵਿਚ ਮਸੀਹ ਵਿਚ ਆਏ ਗੈਰਕੌਮਾਂ ਦੀ ਗੱਲ ਕੀਤੀ ਜਾਂ ਯਹੂਦੀਆਂ ਦੀ। ਉਸ ਦੀ ਚਿੰਤਾ ਇਹ ਸੀ ਕਿ ਖ਼ਾਸ ਭੋਜਨਾਂ ਦੇ ਖਾਣ

ਅਤੇ ਖ਼ਾਸ ਪਰਬਾਂ ਦੇ ਮਨਾਉਣ ਦੇ ਤਰੀਕੇ ਨਾਲ ਕਮਜ਼ੋਰਾਂ ਦੇ ਅੰਤਹਕਰਣ ਉੱਤੇ ਅਸਰ ਪੈ ਰਿਹਾ ਸੀ। ਉਸ ਨੇ ਲਿਖਿਆ:

> ਇਕ ਨੂੰ ਨਿਹਚਾ ਹੈ ਭਈ ਹਰ ਵਸਤ ਦਾ ਖਾਣਾ ਜੋਗ ਹੈ ਪਰ ਜਿਹੜਾ ਕੱਚਾ ਹੈ ਉਹ ਸਾਗ ਪੱਤ ਹੀ ਖਾਂਦਾ ਹੈ। ... ਕੋਈ ਇਕ ਦਿਨ ਨੂੰ ਦੂਜੇ ਦਿਨ ਨਾਲੋਂ ਚੰਗਾ ਸਮਝਦਾ ਹੈ। ਕੋਈ ਜਣਾ ਸਭਨਾਂ ਦਿਨਾਂ ਨੂੰ ਇੱਕੋ ਜਿਹਾ ਸਮਝਦਾ ਹੈ। ਹਰ ਕੋਈ ਆਪੋ ਆਪਣੇ ਮਨ ਵਿਚ ਪੱਕੀ ਨਿਹਚਾ ਰੱਖੇ (ਰੋਮੀਆਂ 14:2–5)।

ਕਿਸੇ ਦਾ ਆਪਣਾ ਹੋਵੇ ਜਾਂ ਕਿਸੇ ਹੋਰ ਦਾ, ਕਮਜ਼ੋਰ ਅੰਤਹਕਰਣ ਨਾਲ ਜੁੜਿਆ ਨਾ ਹੋਵੇ ਤਾਂ ਅਜਿਹੇ ਬਾਹਰੀ ਕਰਮਕਾਂਡਾਂ ਦਾ ਭਾਵੇਂ ਜੋ ਵੀ ਅਸਰ ਹੋਵੇ, ਪਰ ਇੰਜੀਲ ਦੇ ਰੂਹਾਨੀ ਸਾਰ ਉੱਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ। ਪੌਲੁਸ ਨੇ ਆਖਿਆ ਕਿ ''ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ, ਸਗੋਂ ਪਵਿੱਤਰ ਆਤਮਾ ਵਿਚ ਧਾਰਮਿਕਤਾ ਸ਼ਾਂਤੀ ਅਤੇ ਆਨੰਦ ਹੈ'' (ਰੋਮੀਆਂ 14:17; NIV)। ਉਸ ਨੇ ਇਹ ਵੀ ਲਿਖਿਆ ''ਮੈਂ ਨਿਤਾਣਿਆਂ ਲਈ ਨਿਤਾਣਾ ਬਣਿਆ ਭਈ ਨਿਤਾਣਿਆਂ ਨੂੰ ਖਿੱਚ ਲਿਆਵਾਂ। ਮੈਂ ਸਭਨਾਂ ਲਈ ਸਭ ਕੁਝ ਬਣਿਆ ਹਾਂ ਤਾਂ ਜੋ ਮੈਂ ਹਰ ਤਰਾਂ ਨਾਲ ਕਈਆਂ ਨੂੰ ਬਚਾਵਾਂ'' (1 ਕੁਰਿੰਥੀਆਂ 9:22)।

ਗਲਾਤੀਆਂ 4:10 ਅਤੇ ਕੁਲੁੱਸੀਆਂ 2:16, 17 ਦੀ ਤੁਲਨਾ ਕਰਨਾ ਧਿਆਨ ਖਿੱਚਣ ਵਾਲਾ ਹੈ:

> *ਇਸ ਲਈ ਖਾਣ ਪੀਣ ਯਾ ਤਿਉਹਾਰ ਯਾ ਅਮੱਸਿਆਂ ਯਾ ਸਬਤਾਂ ਦੇ ਵਿਖੇ* ਕੋਈ ਤੁਹਾਡੇ ਉੱਤੇ ਦੋਸ਼ ਨਾ ਲਾਵੇ। ਏਹ ਤਾਂ ਹੋਣ ਵਾਲੀਆਂ ਗੱਲਾਂ ਦਾ ਪਰਛਾਵਾਂ ਹਨ ਪਰ ਦੇਹ ਮਸੀਹ ਦੀ ਹੈ।

ਇਹ ਨਵੇਂ ਨੇਮ ਦਾ ਹਵਾਲਾ ਹੈ ਜਿਹੜਾ 2 ਇਤਹਾਸ ਤੋਂ ਲਈਆਂ ਆਇਤਾਂ ਨਾਲ ਬਹੁਤ ਮੇਲ ਖਾਂਦਾ ਹੈ। ਪੌਲੁਸ ਦੇ ਸਮੇਂ ਦੇ ਪਦਨਾਮ ਪੁਰਾਣੇ ਨੇਮ ਦੀਆਂ ਰਸਮਾਂ ਨਾਲ ਜਿਹੜੀਆਂ ਹਫ਼ਤਾਵਾਰੀ (''ਸਬਤ''), ਮਹੀਨੇਵਾਰ (''ਅਮੱਸਿਆ''), ਅਤੇ ਸਲਾਨਾ (''ਪਰਬ'') ਰੂਪ ਵਿਚ ਠਹਿਰਾਏ ਹੁੰਦੇ ਸਨ, ਬਹੁਤ ਹੱਦ ਤਕ ਮੇਲ ਖਾਂਦੇ ਸਨ। ਇਸ ਤੋਂ ਇਲਾਵਾ ''ਪਰਛਾਵਾਂ ਹਨ'' ਸ਼ਬਦਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਇਹ ਰਸਮਾਂ ਆਉਣ ਵਾਲੇ ਇੰਜੀਲੀ ਯੁੱਗ ਦੀ ਭਵਿੱਖ ਦੀ ਤਸਵੀਰ (ਵੇਖੋ ਇਬਰਾਨੀਆਂ 8:5; 10:1)। ਇਹ ਨਿਰਣਾਇਕ ਤੌਰ ਤੇ ਕਿਸੇ ਵੀ ਧਾਰਣਾ ਨੂੰ ਕਿ ਪੌਲੁਸ ਮੂਰਤੀਪੂਜਾ ਨਾਲ ਜੁੜੀ ਕਿਸੇ ਚੀਜ਼ ਦੀ ਗੱਲ ਕਰ ਰਿਹਾ ਹੋਵੇਗਾ, ਖ਼ਾਰਜ ਕਰ ਦਿੰਦਾ ਹੈ? ਦਿੱਕਤ ਯਹੂਦੀ ਮਤ ਦੀ ਸੀ, ਜਿਸ ਨੂੰ ਯਹੂਦੀ ਲਤ ਫਸਾਉਣ ਵਾਲੇ ਬੜੀ ਹੀ ਕਾਮਯਾਬੀ ਨਾਲ ਮਸੀਹੀ ਸ਼ਗਿਰਦੀ ਲਈ ਲੋੜੀਂਦੀ ਸ਼ਰਤ ਦੇ ਰੂਪ ਵਿਚ, ਇੰਜੀਲ ਵਿਚ ਲਾ ਰਹੇ ਸਨ। ਪੌਲੁਸ ਨੇ ਕਿਹਾ ਕਿ ਇਹ ਇੰਜੀਲ ਦਾ ਵਿਗਾੜ ਸੀ। ਬਲਕਿ ਅਸਲ ਵਿਚ ਇਹ ਇੰਜੀਲ (ਖੁਸ਼ਖ਼ਬਰੀ) ਹੈ ਹੀ ਨਹੀਂ ਸੀ (ਗਲਾਤੀਆਂ 1:6, 7)।

**ਆਇਤ 11.** ਗਲਾਤੀਆਂ ਦੇ ਯਹੂਦੀ ਮਤ ਦੇ ਰੁਝਾਨਾਂ ਨੂੰ ਧਿਆਨ ਵਿਚ ਰਖਦਿਆਂ ਪੌਲੁਸ ਨੇ ਕਿਹਾ, **ਤੁਹਾਡੇ ਲਈ ਮੈਂ ਡਰਦਾ ਹਾਂ ਭਈ ਕਿਤੇ ਐਉਂ ਨਾ ਹੋਵੇ ਜੋ ਮੈਂ ਤੁਹਾਡੇ ਲਈ ਐਵੇਂ ਮਿਹਨਤ ਕੀਤੀ ਹੋਵੇ।** ਉਸ ਨੂੰ ਫਿਕਰ ਸੀ ਕਿ ਸ਼ਰ੍ਹਾ ਨੂੰ ਮੰਨਣ ਤੇ ਅਧਾਰਤ ਧਾਰਮਿਕਤਾ ਲਈ ਮਸੀਹ ਵਿਚ ਉਨ੍ਹਾਂ ਦੀ ਰੂਹਾਨੀ ਅਜ਼ਾਦੀ ਖੁਸ ਨਾ ਜਾਵੇ। ਅਜਿਹਾ ਹੀ ਵਿਚਾਰ 2 ਕੁਰਿੰਥੀਆਂ 6:1 ਵਿਚ ਮਿਲਦਾ ਹੈ ਜਿੱਥੇ ਰਸੂਲ ਨੇ ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ ਸਮਝਾਇਆ ਕਿ ਉਹ ''ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ ਨਾ'' ਲੈਣਾ। ਅਜਿਹਾ ਜੋ ਸਕਦਾ ਹੈ ਕਿ ਕੋਈ ਮਸੀਹ ਦੀ ਖੁਸ਼ਖ਼ਬਰੀ ਨੂੰ ਮੰਨਦਾ ਹੋਵੇ ਅਤੇ ਫਿਰ ਉਸ ਦੀ ਜ਼ਿੰਦਗੀ ਅਜਿਹੀ ਹੋ ਸਕਦੀ ਹੈ ਜਿਵੇਂ ਉਹ ਇਸ ਦਾ ਇਨਕਾ ਕਰ ਰਿਹਾ ਹੋਵੇ, ਭਾਵੇਂ ਯਹੂਦੀ ਮਤ ਦੀ ਸਿੱਖਿਆ ਨਾਲ ਹੋਵੇ ਜਾਂ ਫਿਰ ਉਦਾਰਵਾਦੀ ਸਿੱਖਿਆ ਨਾਲ। ਦੋਹਾਂ ਹਾਲਤਾਂ ਵਿਚ

ਉਹ ਮਸੀਹ ਤੋਂ ''ਅੱਡ ਹੋ'' ਜਾਂਦਾ ਹੈ ਜਾਂ ''ਕੱਟ ਦਿੱਤਾ'' ਜਾਂਦਾ ਹੈ (NIV; ਗਲਾਤੀਆਂ 5:4)।

ਪੌਲੁਸ ਇਹ ਨਹੀਂ ਸੋਚਣਾ ਚਾਹੁੰਦਾ ਸੀ ਕਿ ਉਸ ਨੇ ਗਲਾਤੀਆਂ ਉੱਤੇ ''ਐਵੇਂ ਮਿਹਨਤ ਕੀਤੀ।'' ''ਮਿਹਨਤ'' ਲਈ ਸ਼ਬਦ (*kopiaō,* ਕੋਪਿਆਓ) ਦਾ ਅਰਥ ''ਮੁਸ਼ਕਿਲ ਕੰਮ ਕਰਨਾ,'' ''ਮਜ਼ਬੂਤ'' ''ਕੋਸ਼ਿਸ਼'' ਜਾਂ ''ਸੰਘਰਸ਼'' ਹੈ। ਇਹ ਅਜਿਹੇ ਕਿਸੇ ਮੁਸ਼ਕਿਲ ਕੰਮ ਲਈ ਕਿਹਾ ਜਾਂਦਾ ਹੈ ਜੋ ਆਦਮੀ ਨੂੰ ''ਥਕਾ ਦਿੰਦਾ'' ਜਾਂ ''ਢਿੱਲਾ ਕਰ ਦਿੰਦਾ'' ਹੈ।[23] ਗਲਾਤੀਆਂ ਦੀਆਂ ਕਲੀਸੀਆਵਾਂ ਪੌਲੁਸ ਅਤੇ ਬਰਨਬਾਸ ਦੇ ਰਾਹੀਂ ਪਹਿਲੀ ਮਿਸ਼ਨਰੀ ਯਾਤਰਾ ਦੌਰਾਨ ਸਥਾਪਤ ਕੀਤੀਆਂ ਗਈਆਂ ਸਨ (ਕਰਤੱਬ 13; 14)। ਉਨ੍ਹਾਂ ਨੇ ਇੰਜੀਲ ਸੁਣਾਉਣੀ ਜਾਰੀ ਰੱਖੀ ਭਾਵੇਂ ਸਤਾਨੇ ਵੀ ਗਏ ਸਨ। ਲੁਸਤਰਾ ਵਿਚ ਪੌਲੁਸ ਉੱਤੇ ਪੱਥਰਾਅ ਕੀਤਾ ਗਿਆ ਸੀ ਅਤੇ ਉਸ ਨੂੰ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ ਗਿਆ ਸੀ (ਕਰਤੱਬ 14:19)। ਯਕੀਨਨ ਹੀ ਉਹ ਨਹੀਂ ਚਾਹੁੰਦਾ ਸੀ ਕਿ ਇਹ ਨਿੱਜੀ ਕੁਰਬਾਨੀਆਂ ''ਐਵੇਂ'' (*eikē,* ਈਕ) ਜਾਂ ਭਾਵ ''ਬੇਕਾਰ ਜਾਣ।''[24]

### ਗਲਾਤੀਆਂ ਦੇ ਵਿਹਾਰ ਤੇ ਪੌਲੁਸ ਦੀ ਪਰੇਸ਼ਾਨੀ (4:12-20)

**[12]ਹੇ ਭਰਾਵੋ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਮੇਰੇ ਜਿਹੇ ਬਣੋ ਇਸ ਲਈ ਜੋ ਮੈਂ ਵੀ ਤੁਹਾਡੇ ਜਿਹਾ ਬਣਿਆ ਹਾਂ। ਤੁਸੀਂ ਮੇਰੇ ਨਾਲ ਬੁਰੇ ਨਹੀਂ ਵਰਤੇ, [13]ਪਰ ਤੁਸੀਂ ਜਾਣਦੇ ਹੋ ਜੋ ਮੈਂ ਸਰੀਰ ਦੀ ਮਾਂਦਗੀ ਕਰਕੇ ਪਹਿਲੀ ਵਾਰ ਤੁਹਾਨੂੰ ਖੁਸ਼ਖ਼ਬਰੀ ਸੁਣਾਈ। [14]ਅਤੇ ਉਹ ਜੋ ਮੇਰੇ ਸਰੀਰ ਵਿਚ ਤੁਹਾਡੇ ਲਈ ਇਕ ਪਰਤਾਵਾ ਸੀ ਉਹ ਨੂੰ ਤੁਸਾਂ ਤੁੱਛ ਨਾ ਜਾਣਿਆ, ਨਾ ਉਸ ਤੋਂ ਸੂਗ ਕੀਤੀ ਪਰ ਮੈਨੂੰ ਪਰਮੇਸ਼ੁਰ ਦੇ ਦੂਤ ਦੀ ਨਿਆਈਂ ਸਗੋਂ ਮਸੀਹ ਯਿਸੂ ਦੀ ਨਿਆਈਂ ਕਬੂਲ ਕੀਤਾ। [15]ਸੋ ਹੁਣ ਤੁਹਾਡਾ ਧੰਨਵਾਦ ਕਿੱਥੇ ਗਿਆ? ਕਿਉਂ ਜੋ ਮੈ ਤੁਹਾਡੇ ਲਈ ਸਾਖੀ ਭਰਦਾ ਹਾਂ ਭਈ ਜੇ ਹੋ ਸੱਕਦਾ ਤਾਂ ਤੁਸੀਂ ਆਪਣੀਆਂ ਅੱਖਾਂ ਵੀ ਕੱਢ ਕੇ ਮੈਨੂੰ ਦੇ ਦਿੰਦੇ ! [16]ਫੇਰ ਕੀ ਮੈਂ ਤੁਹਾਨੂੰ ਸੱਚੀ ਗੱਲ ਆਖਣ ਨਾਲ ਤੁਹਾਡਾ ਵੈਰੀ ਬਣ ਗਿਆ? [17]ਓਹ ਤੁਹਾਨੂੰ ਫੁਸਲਾਉਂਦੇ ਤਾਂ ਬਹੁਤ ਹਨ ਪਰ ਭਲੀ ਨੀਤ ਨਾਲ ਨਹੀਂ ਸਗੋਂ ਓਹ ਤੁਹਾਨੂੰ ਛੇਕਿਆ ਚਾਹੁੰਦੇ ਹਨ ਭਈ ਤੁਸੀਂ ਵੀ ਉਨ੍ਹਾਂ ਨੂੰ ਫੁਸਲਾਓ। [18]ਪਰ ਭਲਾ ਇਹ ਹੈ ਜੋ ਭਲੀ ਗੱਲੇ ਸਦਾ ਤੁਹਾਨੂੰ ਫੁਸਲਾਉਣ ਅਤੇ ਨਾ ਕੇਵਲ ਓਸ ਵੇਲੇ ਜਾਂ ਮੈਂ ਤੁਹਾਡੇ ਕੋਲ ਹੋਵਾਂ। [19]ਹੇ ਮੇਰੇ ਬੱਚਿਓ, ਜਿੰਨਾ ਚਿਰ ਤੁਹਾਡੇ ਵਿਚ ਮਸੀਹ ਸੂਰਤ ਨਾ ਫੜ ਲੈ ਮੈਨੂੰ ਤੁਹਾਡੇ ਲਈ ਫੇਰ ਪੀੜਾਂ ਲੱਗੀਆਂ ਹੋਈਆਂ ਹਨ। [20]ਅਤੇ ਮੈਂ ਚਾਹੁੰਦਾ ਸਾਂ ਜੋ ਹੁਣ ਤੁਹਾਡੇ ਕੋਲ ਹੁੰਦਾ ਅਤੇ ਹੋਰ ਤਰਾਂ ਬੋਲਦਾ ਕਿਉਂ ਜੋ ਤੁਹਾਡੀ ਵੱਲੋਂ ਮੈਂ ਦੁਬਧਾ ਵਿਚ ਪਿਆ ਹੋਇਆ ਹਾਂ।**

4:12–20 ਵਿਚ ਪੌਲੁਸ ਨੇ ਇਕ ਜੋਸ਼ ਭਰੀ ਅਪੀਲ ਕੀਤੀ ਜੋ ਕਿ ਅਧਿਆਇ 1 ਅਤੇ 2 ਵਾਂਗ ਤਾਜ਼ਗੀ ਦੇਣ ਵਾਲੀ ਆਤਮਕਥਾ ਹੈ। ਉਸ ਨੇ ਜ਼ੋਰ ਦੇ ਕੇ ਆਪਣੇ ''ਬੱਚਿਆਂ'' ਨਾਲ ਗੱਲ ਕੀਤੀ ਜਿਨ੍ਹਾਂ ਲਈ ਉਹਨੂੰ ''ਫੇਰ ਪੀੜਾਂ ਲੱਗੀਆਂ ਹੋਈਆਂ'' ਸਨ (4:19)। ਉਸਤਾਦ ਪੌਲੁਸ ਜਿਹੜਾ ਕਿ ਰੱਬੀ ਗਮਲੀਏਲ ਦਾ ਹੋਣਹਾਰ ਵਿਦਿਆਰਥੀ ਰਿਹਾ ਸੀ (1:14; ਕਰਤੱਬ 22:3) ਅਤੇ ਆਪਣੇ ''ਧਰਮ ਦੇ ਸਭਨਾਂ ਤੋਂ ਖਰੇ ਪੰਥ ਦੇ ਅਨੁਸਾਰ ਫ਼ਰੀਸੀ ਦੀ ਚਾਲ'' ਚਲਦਾ ਸੀ (ਕਰਤੱਬ 26:5) ਹੁਣ ਢਿੱਲਾ ਪੈ ਗਿਆ ਸੀ। ਨਿਹਚਾ ਵਿਚ ਆਪਣੇ ਪਿਆਰੇ ਬੱਚਿਆਂ ਨੂੰ ਆਪਣੇ ਨਮੂਨੇ ਨੂੰ ਮੰਨਣ ਦੀ ਭੀਖ ਮੰਗ ਰਿਹਾ ਸੀ।

**ਆਇਤ 12.** ਰਸੂਲ ਨੇ ਇਨ੍ਹਾਂ ਸ਼ਬਦਾਂ ਨਾਲ ਆਪਣੀ ਅਪੀਲ ਸ਼ੁਰੂ ਕੀਤੀ: **ਹੇ ਭਰਾਵੋ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਮੇਰੇ ਜਿਹੇ ਬਣੋ।** ਹੋਰ ਕਈ ਸੰਸਕਰਣਾਂ ਦੇ ਨਾਲ NASB ਵਿਚ ਕਿਰਿਆ ਸ਼ਬਦ ਦਾ ਅਨੁਵਾਦ ''ਬਣੋ'' ਕੀਤਾ ਗਿਆ ਹੈ (ਵੇਖੋ NKJV; NIV; NRSV; NCV;

ESV)। ਪਰ ਯੂਨਾਨੀ ਲਿਖਤ ਵਿਚ (*ginesthe,* ਗਿਨੇਸਥ) *ginomai* (ਗਿਨੋਮੇ) ਦਾ ਵਰਤਮਾਨ ਅਦੇਸ਼ ਸੂਚਕ ਰੂਪ ਹੈ ਅਤੇ ਇਸ ਦਾ ਸਹੀ ਸਹੀ ਅਨੁਵਾਦ ''ਹੋਣਾ'' (ਵੇਖੋ KJV) ਹੋਣਾ ਚਾਹੀਦਾ ਹੈ। ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਪੌਲੁਸ ਨੇ ਲੋਕਾਂ ਨੂੰ ਜੋ ਉਹ ਪਹਿਲਾਂ ਸਨ, ਉਹੀ ਬਣੇ ਰਹਿਣ ਦੀ ਨਸੀਹਤ ਨਹੀਂ ਦਿੱਤੀ ਹੋਵੇਗੀ। ਅਤੇ ਅਜਿਹਾ ਅਨੁਵਾਦਕਾਂ ਦੀ ਸੋਚ ਦੇ ਕਾਰਣ ਹੋ ਸਕਦਾ ਹੈ। ਤਾਂ ਵੀ ''ਬਣੋ'' ਦੇ ਇਸ ਅਰਥ ਦੀਆਂ ਕਈ ਉਦਾਹਰਣਾਂ ਪੌਲੁਸ ਦੇ ਲੇਖਾਂ ਵਿਚ ਮਿਲਦੀਆਂ ਹਨ: ''ਸੋ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਮੇਰੀ ਰੀਸ ਕਰੋ'' (1 ਕੁਰਿੰਥੀਆਂ 4:16)। ''ਹੁਣ ਮੈਂ ਤੁਹਾਡੀ ਵਡਿਆਈ ਕਰਦਾ ਹਾਂ ਕਿ ਸਭਨੀ ਗੱਲੀ ਤੁਸੀਂ ਮੈਨੂੰ ਚੇਤੇ ਰੱਖਦੇ ਹੋ'' (1 ਕੁਰਿੰਥੀਆਂ 11:1)। ''ਸੋ ਤੁਸੀਂ ਪਿਆਰਿਆਂ ਪੁੱਤਰਾਂ ਵਾਂਗੂ ਪਰਮੇਸ਼ੁਰ ਦੀ ਰੀਸ ਕਰੋ'' (ਅਫ਼ਸੀਆਂ 5:1)। ਇਹ ਵਿਆਕਰਣੀ ਵਰਤੋਂ ਇਹ ਵਿਖਾਉਂਦੀ ਹੈ ਕਿ ਜਦ ਪੌਲੁਸ ਨੇ ਆਖਿਆ ਕਿ ''ਤੁਸੀਂ ਮੇਰੀ ਰੀਸ ਕਰੋ'' ਤਾਂ ਉਹ ਅਸਲ ਵਿਚ ਇਹ ਆਖ ਰਿਹਾ ਸੀ ਕਿ ''ਮੇਰੀ ਰੀਸ ਕਰਨਾ ਨਾ ਛੱਡੋ।''

ਰਸੂਲਾਂ ਦੀ ਉਦਾਹਰਣ ਦੀ ਨਕਲ ਕਰਨ ਦੀ ਗੱਲ ਮਸੀਹੀ ਲੋਕਾਂ ਦੇ ਨਾਂਅ ਨਵੇਂ ਨੇਮ ਦੇ ਖ਼ਤਾਂ ਵਿਚ ਬਾਰ ਬਾਰ ਆਉਣ ਵਾਲਾ ਵਿਸ਼ਾ ਹੈ।[25] ਪੌਲੁਸ ਨੂੰ ਆਪਣੇ ਨਮੂਨੇ ਸਣੇ, ਨਮੂਨੇ ਦੀ ਸ਼ਕਤੀ ਦਾ ਪਤਾ ਸੀ। ਇੰਜੀਲ ਦਾ ਪ੍ਰਚਾਰ ਆਪਣੇ ਆਪ ਵਿਚ ਸ਼ਕਤੀਸ਼ਾਲੀ ਹੈ, ਪਰ ਇਹ ਖ਼ਾਸ ਤੌਰ ਤੇ ਉਦੋਂ ਹੋਰ ਸ਼ਕਤੀਸ਼ਾਲੀ ਹੋ ਜਾਂਦਾ ਹੈ ਜਦੋਂ ਉਸ ਵਿਅਕਤੀ ਵਿਚ ਮੂਰਤ ਰੂਪ ਵਿਚ ਮਿਲਦਾ ਹੈ ਜਿਹੜਾ ਉਵੇਂ ਹੀ ਜ਼ਿੰਦਗੀ ਬਸਰ ਕਰ ਰਿਹਾ ਹੁੰਦਾ ਹੈ ਜਿਵੇਂ ਉਹ ਪ੍ਰਚਾਰ ਕਰਦਾ ਸੀ। ਪੌਲੁਸ ਯਿਸੂ ਮਸੀਹ ਦਾ ਪੂਰੀ ਤਰ੍ਹਾਂ ਨਾਲ ਸਮਰੱਥਾ ਪਾਇਆ ਹੋਇਆ ਰੂਪ ਸੀ। ਉਹਦੇ ਸਿਰਫ਼ ਬਚਨ ਹੀ ਇਖ਼ਤਿਆਰ ਵਾਲੇ ਨਹੀਂ ਸਨ ਕਿਉਂ ਜੋ ਉਹ ਖ਼ੁਦਾ ਵੱਲੋਂ ਸਨ, ਬਲਕਿ ਉਸ ਦੀ ਜ਼ਿੰਦਗੀ ਅਤੇ ਉਦਾਹਰਣ ਵੀ ਅਜਿਹੇ ਹੀ ਸਨ। ਇਹ ਗੱਲ ਫ਼ਿਲਿੱਪੈ ਦੀ ਕਲੀਸੀਆ ਦੇ ਨਾਮ ਲਿਖੀ ਉਸ ਦੀ ਗੱਲ ਤੋਂ ਸਾਫ਼ ਹੋ ਜਾਂਦੀ ਹੈ: ''ਜੋ ਕੁਝ ਤੁਸਾਂ ਸਿੱਖਿਆ ਅਤੇ ਮੰਨ ਲਿਆ ਅਤੇ ਸੁਣਿਆ ਅਤੇ ਮੇਰੇ ਵਿਚ ਡਿੱਠਾ ਓਹੀਓ ਕਰੋ ਤਾਂ ਸ਼ਾਂਤੀ ਦਾਤਾ ਪਰਮੇਸ਼ੁਰ ਤੁਹਾਡੇ ਅੰਗ ਸੰਗ ਹੋਵੇਗਾ'' (ਫ਼ਿਲਿੱਪੀਆਂ 4:9)।

ਪੌਲੁਸ ਨੇ ਅੱਗੇ ਆਖਿਆ, **ਇਸ ਲਈ ਜੋ ਮੈਂ ਵੀ ਤੁਹਾਡੇ ਜਿਹਾ ਬਣਿਆ ਹਾਂ।** NASB ਵਿਚ ਉਨ੍ਹਾਂ ਸ਼ਬਦਾਂ ਨੂੰ ਤਿਰਛੇ ਕੀਤਾ ਗਿਆ ਹੈ ਜਿਹੜੇ ਮੂਲ ਯੂਨਾਨੀ ਲਿਖਤ ਵਿਚ ਨਹੀਂ ਸਨ। ਆਇਤ 12 ਵਿਚ ਇਹ ਅਸਲ ਵਿਚ ਇਸ ਤਰ੍ਹਾਂ ਹੈ, ''ਮੈਂ ਅਜਿਹਾ ਇਸ ਕਰਕੇ *ਹਾਂ* ਕਿਉਂ ਜੋ ਮੈਂ ਉਹੋ ਜਿਹਾ *ਬਣਿਆ ਹਾਂ* ਜਿਹੋ ਜਿਹੇ ਤੁਸੀਂ ਹੋ।'' ਪ੍ਰਾਚੀਨ ਯੂਨਾਨੀ ਅਤੇ ਇਬਰਾਨੀ ਦੋਹਾਂ ਵਿਚ ਕਿਰਿਆ ਸ਼ਬਦ ''ਹੋਣਾ'' ਆਮ ਤੌਰ ਤੇ ਗੱਲ ਆਪਣੇ ਆਪ ਸਪੱਸ਼ਟ ਲੱਗਣ ਤੇ ਇਸ ਨੂੰ ਬੇਲੋੜਾ ਮੰਨੇ ਜਾਣ ਕਰਕੇ ਛੱਡ ਦਿੱਤਾ ਜਾਂਦਾ ਸੀ। ਪਰ ਕਈ ਵਾਰ ''ਹੋਣਾ'' ਦੇ ਸਮੇ ਸੀਮਾਂ ਦਾ ਸਵਾਲ ਅਨੁਵਾਦਕ ਤੇ ਛੱਡ ਦਿੱਤਾ ਜਾਂਦਾ ਹੈ। ਭਲਾ ਇਹ ਭੂਤ, ਵਰਤਮਾਨ ਜਾਂ ਭਵਿੱਖ ਹੈ? ਨਾਲੇ ਜੇ ਇਹ ਭੂਤ ਹੈ ਤਾਂ ਕਿਹੋ ਜਿਹਾ ਭੂਤ (ਕਾਲ) ਵਿਖਾਇਆ ਜਾ ਰਿਹਾ ਹੈ?

ਯੂਨਾਨੀ ਲਿਖਤ ਵਿਚ ਇੱਥੇ ਮੂਲ ਵਿਚ ਇਵੇਂ ਹੈ, ''ਮੇਰੇ ਵਰਗੇ ਬਣੋ, ਕਿਉਂ ਜੋ ਮੈਂ ਵੀ ਤੁਹਾਡੇ ਵਰਗਾ ਹਾਂ।'' ਆਖ਼ਰੀ ਵਾਕਅੰਸ਼ ਵਿਚ ਕਿਰਿਆ ਸ਼ਬਦ ਨਹੀਂ ਹੈ ਇਸ ਕਰਕੇ ਯੂਨਾਨੀ ਵਿਆਕਰਣ ਦੇ ਨਿਯਮਾਂ ਵਿਚ ਇਹ ਜ਼ਰੂਰੀ ਹੈ ਕਿ ਅਰਥ ਕੱਢਣ ਲਈ ''ਹੋਣਾ'' ਦਾ ਕੋਈ ਰੂਪ ਇਸ ਵਿਚ ਜੋੜਿਆ ਜਾਵੇ। ਭਲਾ ਪੌਲੁਸ ਗਲਾਤੀਆਂ ਨਾਲ ਕੋਈ ਆਪਣੀ ਪਹਿਲੀ ਮੁਲਾਕਾਤ ਨੂੰ ਪਿੱਛੇ ਵੱਡ ਇਸ ਤਰੀਕੇ ਨੂੰ ਯਾਦ ਕਰ ਰਿਹਾ ਸੀ ਜਿਵੇਂ ਉਨ੍ਹਾਂ ਨੇ ਉਸ ਨੂੰ ਕਬੂਲ ਕੀਤਾ ਸੀ। ਜਾਂ ਉਹ ਲਿਖੇ ਜਾਣ ਦੇ ਸਮੇਂ ਦੇ ਨੇੜੇ ਦੀ ਕਿਸੇ ਗੱਲ ਤੇ ਵਿਚਾਰ ਕਰ ਰਿਹਾ ਸੀ? ਸੱਚ ਤਾਂ ਇਹ ਹੈ ਕਿ ਇਹ ਸਾਰੀ ਗੱਲ ਵਿਆਖਿਆ ਦੀ ਹੈ। ਅਤੇ ਸਾਡਾ ਫੈਸਲਾ ਕਿਸੇ ਵੀ ਤਰ੍ਹਾਂ ਨਾਲ ਅਸਾਨ ਨਹੀਂ ਹੋਵੇਗਾ, ਜਿਵੇਂ ਕਿ ਇਸ ਆਇਤ ਉੱਤੇ ਟੀਕਾਕਾਰਾਂ ਦੇ ਚਰਚਿਆਂ ਤੋਂ ਪਤਾ ਲਗਦਾ ਹੈ। ਅਸਲ ਵਿਚ ਸੰਦਰਭ ਹੋਵੇ ਜਾਂ ਕਿਸੇ ਹੋਰ ਤਰ੍ਹਾਂ ਨਾਲ, ਪੌਲੁਸ ਦੇ ਆਮ ਢੰਗ ਨੂੰ ਅਤੇ ਕੰਮ ਕਰਨ ਦੇ ਤਰੀਕੇ ਨੂੰ ਜਾਣਨ ਲਈ ਅਸੀਂ ਸਿਰਫ਼ ਤਰੀਕੇ

ਲੱਭ ਸਕਦੇ ਹਾਂ। ਜਿਵੇਂ ਕਿ ਆਰ. ਐਲਨ ਕੋਲ ਨੇ ਆਇਤ ਦੀ ਆਪਣੀ ਚਰਚਾ ਦੇ ਸ਼ੁਰੂ ਵਿਚ ਕਿਹਾ, ਉਸ ਨੇ ਆਖਿਆ ਕਿ ''ਮੁੱਢਲਾ ਵਾਕ ਪਹਿਲੀ ਪਹੇਲੀ ਹੈ। ਮੂਲ ਵਿਚ ਇਹ ਹੈ 'ਮੇਰੇ ਵਰਗੇ ਬਣੋ, ਜਿਵੇਂ ਮੈਂ ਵੀ ਤੁਹਾਡੇ ਵਰਗਾ (ਬਣ ਗਿਆ ਹਾਂ)'।''[26]

ਇਹ ਬੇਕਾਇਦਾ ਵਿਆਕਰਣ ਪੌਲੁਸ ਦੇ ਭਾਵੁਕ ਹੋਣ ਦੀ ਸਥੀਤੀ ਦੀ ਝਲਕ ਦਿੰਦੀ ਹੋ ਸਕਦੀ ਹੈ। ਅਜਿਹੀਆਂ ਗੱਲਾਂ ਸਿਰਫ਼ ਆਮ ਬੋਲਚਾਲ ਵਿਚ ਨਹੀਂ ਬਲਕਿ ਲਿਖਣ ਦੇ ਢੰਗ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਮੁੱਖ ਤੌਰ ਤੇ ਇਹ ਸਮਝਾਉਣ ਲਈ ਕਿ ਪੌਲੁਸ ਦੇ ਲੇਖ ਵਿਚ ''ਜਿਹੋ ਜਿਹਾ ਮੈਂ ਹਾਂ ਉਹੋ ਜਿਹੇ ਬਣੋ'' ਲਿਖਣ ਦੀ ਪ੍ਰੇਰਣਾ ਕਿਵੇਂ ਮਿਲੀ ਹੋਵੇਗੀ, ਦੇ ਦੋ ਸੁਝਾਅ ਦਿੱਤੇ ਗਏ ਹਨ। (1) ਉਹ ਨਿਹਚਾ ਵਿਚ ਆਪਣੇ ਬੱਚਿਆਂ ਦੇ ਰੂਪ ਵਿਚ ਗਲਾਤੀਆਂ ਨੂੰ ਉਸ ਦਾ ਆਪਣਾ ਆਦਰਸ਼ ਮੰਨਦਿਆਂ ਆਪਣੀ ਰੀਸ ਕਰਦੇ ਰਹਿਣ ਦੀ ਬੇਨਤੀ ਕਰ ਰਿਹਾ ਸੀ। ਉਹ ਨਹੀਂ ਚਾਹੁੰਦਾ ਸੀ ਕਿ ਉਹ ਉਸ ਵਿਚ ਆਪਣੇ ਭਰੋਸੇ ਨੂੰ ਕਮਜ਼ੋਰ ਕਰਕੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਬਹਿਕਾਵੇ ਵਿਚ ਆ ਜਾਣ। ਇਸ ਗੱਲ ਵਿਚ ਪੌਲੁਸ ਆਪਣੀ ਰੂਹਾਨੀ ਸੰਤਾਨ ਨੂੰ ਆਪਣੇ ਰੂਹਾਨੀ ਪਿਤਾ ਦੀ ਨਕਲ ਕਰਦਿਆਂ ਰਹਿਣ ਲਈ ਸਮਝਾਉਣ ਦੀ ਆਮ ਰੀਤ ਨੂੰ ਮੰਨ ਰਿਹਾ ਹੋਵੇਗਾ। (2) ਉਹ ਉਨ੍ਹਾਂ ਨੂੰ ਉਨ੍ਹਾਂ ਚਿਤਾਵਨੀਆਂ ਜਿਹੜੀਆਂ ਉਹ ਉਨ੍ਹਾਂ ਨੂੰ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ (ਉਨ੍ਹਾਂ ਦੇ ਨਤੀਜਿਆਂ ਸਣੇ) ਤੋਂ ਦੂਰ ਰੱਖਣ ਵਾਲੀ ਹਰ ਰੁਕਾਵਟ ਤੋਂ ਲਾਂਭੇ ਰੱਖਣਾ ਚਾਹੁੰਦਾ ਸੀ। ਇਸ ਗੱਲ ਵਿਚ ਉਹ ਇਹ ਆਖ ਰਿਹਾ ਸੀ, ''ਉਵੇਂ ਹੀ ਬਣੇ ਰਹੋ ਜਿਵੇਂ ਮੈਂ ਸਾਡੇ ਪਹਿਲੀ ਵਾਰ ਮਿਲਣ ਵੇਲੇ ਸਾਂ, ਕੋਈ ਜਾਤੀ ਜਾਂ ਪੁਰਾਣੇ ਧਾਰਮਿਕ ਮਤਭੇਦ ਨੂੰ ਮਸੀਹ ਵਿਚ ਸਾਡੇ ਇਕ ਹੋਣ ਵਿਚ ਰੁਕਾਵਟ ਨਾ ਬਣਨ ਦਿਓ।''

ਅਸੀਂ ਜਿਸ ਵੀ ਬਦਲ ਨੂੰ ਮੰਨੀਏ, ਪੌਲੁਸ ਦਾ ਸੰਦੇਸ਼ ਅਸਲ ਵਿਚ ਉਹੀ ਸੀ। ਉਸ ਨੇ ਗਲਾਤੀਆਂ ਨੂੰ ਹਮੇਸ਼ਾ ਉਵੇਂ ਹੀ ਕਬੂਲਿਆ ਸੀ ਜਿਵੇਂ ਹੋਰਨਾ ਗੈਰਕੌਮ ਮਸੀਹੀਆਂ ਨੂੰ, ਉਨ੍ਹਾਂ ਦੇ ਖ਼ੁਦਾ ਦੀ ਸੰਤਾਨ ਅਤੇ ਆਪਣੀ ਸੰਤਾਨ ਦੇ ਰੂਪ ਵਿਚ ਗੋਦ ਲਏ ਜਾਣ ਵਿਚ ਕੋਈ ਫ਼ਰਕ ਕੀਤੇ ਬਗੈਰ। ਜੇ ਇਹ ਸਹੀ ਹੈ ਤਾਂ ਦੂਜੇ ਵਾਕਅੰਸ਼ ਦਾ ਹੋ ਸਕਦਾ ਹੈ ''ਕਿਉਂ ਜੋ ਮੈਂ ਵੀ ਤੁਹਾਡੇ ਵਰਗਾ ਹੀ ਸਾਂ।'' ਦੂਜੇ ਸ਼ਬਦਾਂ ਵਿਚ, ਮੈਂ ਨਸਲੀ ਤੌਰ ਤੇ ਜ਼ਿੰਦਗੀ ਦੇ ਪੁਰਾਣੇ ਢੰਗ, ਰੰਗ ਰੂਪ ਜਾਂ ਕਿਸੇ ਗੱਲ ਵਿਚ ਕੋਈ ਮਤਭੇਤ ਨਹੀਂ ਕੀਤਾ।

ਰਸੂਲ ਨੇ ਅੱਗੇ ਆਖਿਆ, **ਤੁਸੀਂ ਮੇਰੇ ਨਾਲ ਬੁਰੇ ਨਹੀਂ ਵਰਤੇ।** ਇਸ ਗੱਲ ਦੇ ਸਬੰਧ ਵਿਚ ਬਰੂਸ ਦਾ ਵਿਚਾਰ ਖ਼ਾਸ ਤੌਰ ਤੇ ਧਿਆਨ ਖਿੱਚਦਾ ਹੈ। ਉਸ ਨੇ 2 ਕੁਰਿੰਥੀਆਂ 6:11–13 ਨਾਲ ਤੁਲਨਾ ਕੀਤੀ, ਜਿੱਥੇ ਪੌਲੁਸ ਨੇ ਆਪਣੇ ਬੱਚਿਆਂ ਨਾਲ ਇਕ ਪਿਤਾ ਦੇ ਗੱਲ ਕਰਨ ਵਾਂਗ ਕੁਰਿੰਥੁਸ ਦੇ ਆਪਣੇ ਨਰਾਜ਼ ਵਿਸ਼ਵਾਸੀਆਂ ਅੱਗੇ ਦਿਲ ਦੀ ਗੱਲ ਖੋਲ੍ਹ ਦਿੱਤੀ। ਸੰਦਰਭ ਵਿਚ ਪੌਲੁਸ ਨੇ ਕੁਰਿੰਥੀਆਂ ਨੂੰ ਯਕੀਨ ਦੁਆਇਆ ਕਿ ਉਸ ਨੇ ਇਨ੍ਹਾਂ ਦਾ ਕਿਸੇ ਦਾ ਮਾੜਾ ਨਹੀਂ ਕੀਤਾ ਸੀ (2 ਕੁਰਿੰਥੀਆਂ 7:2), ਜਿਵੇਂ ਉਸ ਨੇ ਗਲਾਤੀਆਂ ਨੂੰ ਯਕੀਨ ਦੁਆਇਆ ਕਿ ਉਨ੍ਹਾਂ ਵਿੱਚੋਂ ਕਿਸੇ ਨੇ ਉਹਦੇ ਨਾਲ ਮਾੜਾ ਨਹੀਂ ਕੀਤਾ। ਰਸੂਲ ਨੇ ਨਿਚੋੜ ਕੱਢਿਆ, ''ਦੋਸਤਾਂ ਵਿਚਕਾਰ ਕਿਸੇ ਵੱਲੋਂ ਵੀ ਇਕ ਦੂਜੇ ਨਾਲ ਮਾੜਾ ਕੀਤੇ ਜਾਣ ਦਾ ਸ਼ੱਕ ਨਹੀਂ ਕੀਤਾ ਜਾਣਾ ਚਾਹੀਦਾ।''[27]

ਜੇ. ਬੀ. ਲਾਈਟਫ਼ੁਟ ਨੇ ਮੰਨਿਆ ਕਿ ਇਨ੍ਹਾਂ ਸ਼ਬਦਾਂ ਦੇ ਘੱਟੋ ਘੱਟ ਦੋ ਵੱਖੋ ਵੱਖ ਅਰਥ ਹੋ ਸਕਦੇ ਹਨ: (1) ''[ਤੁਸਾਂ] ਪਹਿਲਾਂ ਕਦੇ ਮੇਰੀ ਗੱਲ ਨਹੀਂ ਮੋੜੀ; ਹੁਣ ਵੀ ਨਾ ਮੋੜਨਾ'' ਅਤੇ (2) ''ਸ਼ਿਕਾਇਤ ਦਾ ਮੇਰੇ ਕੋਲ ਕੋਈ ਨਿੱਜੀ ਅਧਾਰ ਨਹੀਂ ਹੈ।'' ਬਾਅਦ ਵਾਲੇ ਅਰਥ ਨੂੰ ''ਸੰਦਰਭ ਲਈ ਬੇਹਤਰ ਮੰਨਿਆ ਗਿਆ'' ਦਾ ਪੱਖ ਲੈਂਦਿਆਂ ਲਾਈਟਫ਼ੁਟ ਨੇ ਸੁਝਾਅ ਦਿੱਤਾ ਕਿ ''ਅਸਲ ਵਿਆਖਿਆ ਕਿਸੇ ਅਣਜਾਣ ਹਾਲਾਤ ਹੇਠ ਲੁਕੀ ਹੈ ਜਿਸ ਦਾ ਪੌਲੁਸ ਸੰਕੇਤ ਦਿੰਦਾ ਹੈ।''[28]

ਇਹ ਤੈਅ ਕਰਨ ਲਈ ਕਿ ਸਾਡੇ ਕੋਲ ਉਸ ਦਾ ਐਨਾਂ ਘੱਟ ਵੇਰਵਾ ਹੋਣ ਤੇ ਸਾਡੀ ਵਿਆਖਿਆ ਕੀ ਹੋਵੇ, ਸਾਨੂੰ ਆਪਣੀਆਂ ਕਮੀਆਂ ਨੂੰ ਮੰਨ ਲੈਣਾ ਚਾਹੀਦਾ ਹੈ। ਇਨ੍ਹਾਂ ਹਾਲਤਾਂ ਵਿਚ ਸਾਡਾ ਨਿਚੋੜ

ਸਿਰਫ਼ ਸੰਭਾਵਨਾ ਹੀ ਮੰਨਿਆ ਜਾ ਸਕਦਾ ਹੈ। ਇਕ ਅਸਾਨ ਸੂਚਕਵਾਕ (ਜਿਵੇਂ ਕਿ ਇੱਥੇ ਹੈ) ਜਾਂ ਸਭ ਤੋਂ ਆਮ ਛੋਟੇ ਸ਼ਬਦ (ਜਾਂ ਉਨ੍ਹਾਂ ਦਾ ਨਾ ਹੋਣ, ਜਿਵੇਂ ਕਿ ਪਿਛਲੀ ਆਇਤ ਵਿਚ ਸੀ) ਨਾਲ ਸਭ ਤੋਂ ਵੱਡੀ ਦਿੱਕਤ ਹੋ ਸਕਦੀ ਹੈ। ਇਹ ਪੱਕਾ ਨਹੀਂ ਹੈ ਕਿ ਕਿਸੇ ਚਰਚਾ ਵਿਚ ਇੱਥੇ ਪੌਲੁਸ ਦੀ ਸਿੱਧੀ ਜਿਹੀ ਗੱਲ ਕਿਉਂ ਹੈ। ਭਲਾ ਉਹ ਗਲਾਤੀਆਂ ਨਾਲ ਆਪਣੇ ਪਹਿਲੀ ਵਾਰ ਸੰਪਰਕ ਵਿਚ ਆਉਣ ਦੇ ਸਮੇਂ ਨੂੰ ਯਾਦ ਕਰ ਰਿਹਾ ਸੀ ਜਾਂ ਉਹ ਹਾਲ ਦੀ ਕਿਸੇ ਹੋਰ ਘਟਨਾ ਦੀ ਗੱਲ ਕਰ ਰਿਹਾ ਸੀ (ਜਿਹਨੂੰ ਉਹ ਅਤੇ ਗਲਾਤੀਆ ਦੇ ਲੋਕ ਚੰਗੀ ਤਰ੍ਹਾ ਜਾਣਦੇ ਸਨ, ਪਰ ਅਸੀਂ ਸਿਰਫ਼ ਕਿਆਫ਼ਾ ਲਾ ਸਕਦੇ ਹਾਂ)?

ਇਹ ਵਿਚਾਰ ਕਰਨ ਤੋਂ ਬਾਅਦ ਕਿ ਪੌਲੁਸ ਦੀ ਗੱਲ ਬਾਰੇ ਹੋਰਨਾਂ ਨੇ ਕੀ ਲਿਖਿਆ ਹੈ, ਸਾਨੂੰ ਲੱਗ ਸਕਦਾ ਹੈ ਕਿ ਇਹ ਸੁਝਾਅ ਦੇਣਾ ਸਹੀ ਰਹੇਗਾ ਕਿ ਇਸ ਤੋਂ ਅਗਲੀਆਂ ਆਇਤਾਂ ਵਿਚ ਇਹਦਾ ਬੇਹਤਰ ਜਵਾਬ ਹੋ ਸਕਦਾ ਹੈ। ਜੇ ਇਹ ਮੰਨ ਲਿਆ ਜਾਵੇ ਕਿ ਗਲਾਤੀਆ ਵਿਚ ਪੌਲੁਸ ਦਾ ਪਹਿਲੀ ਵਾਰ ਜਾਣਾ ਇਸ ਹਵਾਲੇ ਦਾ ਬੁਨਿਆਦੀ ਢਾਂਚਾ ਸੀ ਅਤੇ ਜੋ ਕੁਝ ਉਹਦੇ ਬਾਅਦ ਹੋਇਆ ਉਹ ਉਸ ਢਾਂਚੇ ਵਿਚਲੀ ਤਸਵੀਰ ਸੀ ਤਾਂ ਸਾਡੀ ਲਿਖਤ ਦੀਆਂ ਕਈ ਕਥਿਤ ਮੁਸ਼ਕਿਲਾਂ ਆਪਣੇ ਆਪ ਹੱਲ ਹੋ ਸਕਦੀਆਂ ਹਨ। ਜਿਸ ਨਾਲ ਇਹ ਸੰਦਰਭ ਦਾ ਵਹਾਅ ਬੜਾ ਸੁਭਾਵਕ ਹੋ ਕੇ ਤੁਲਨਾਤਮਕ ਤੌਰ ਤੇ ਅਸਾਨ ਹੋ ਜਾਵੇਗਾ। ਇਸ ਪੱਤਰ ਵਿਚ ਇਕ ਤੋਂ ਵੱਧ ਵਾਰ ਪੌਲੁਸ ਨੇ ਉਸ ਦੀ ਵਰਤੋਂ ਕੀਤੀ ਜਿਸ ਨੂੰ ਗਲਾਤੀਆਂ ਨੂੰ ਸ਼ਖ਼ਤ ਅਤੇ ਤਕਲੀਫ਼ਦੇਹ ਫਟਕਾਰ ਲੱਗੀ ਹੋਵੇਗੀ।

ਸੰਖੇਪ ਵਿਚ, ਉਸ ਨੇ ਆਖਿਆ, ''ਤੁਸੀਂ ਇਹ ਕਿਵੇਂ ਕਰ ਸਕਦੇ ਹੋ? ਮੇਰੇ ਵੱਲੋਂ ਤੁਹਾਨੂੰ ਸਾਡੇ ਪ੍ਰਭੂ ਯਿਸੂ ਦੇ ਸਲੀਬ ਦਿਤੇ ਜਾਣ ਦੀ ਗੱਲ ਐਨੀਂ ਸਾਫ਼ ਸਾਫ਼ ਸਮਝਾਉਣ ਦੇ ਬਾਵਜੂਦ ਤੁਸੀਂ ਐਨੇ ਬੇਵਕੂਫ਼ੀ ਭਰੇ ਢੰਗ ਨਾਲ ਵਿਹਾਰ ਕਿਵੇਂ ਕਰ ਸਕਦੇ ਹੋ!'' (ਵੇਖੋ 3:1)। ਖ਼ੁਦਾ ਦੇ ਪ੍ਰੇਮ ਨੂੰ ਯਿਸੂ ਦੇ ਜ਼ਖ਼ਮਾਂ ਵਿੱਚੋਂ ਦੀ ਵਹਿੰਦਿਆਂ ਆਪਣੀਆਂ ਅੱਖਾਂ ਨਾਲ ਵੇਖਣ ਦੇ ਬਾਅਦ ਇਹ ਮਸੀਹੀ ਲੋਕ ਉਸ ਤੋਂ ਮੂੰਹ ਫੇਰ ਕੇ ਸ਼ਰ੍ਹਾ ਦੇ ਜੂਲੇ ਨੂੰ ਆਪਣੇ ਉੱਤੇ ਕਿਵੇਂ ਲੈ ਸਕਦੇ ਸਨ? ਸ਼ਰ੍ਹਾ ਉਨ੍ਹਾਂ ਨੂੰ ਬਚਾਉਣ ਦੀ ਥਾਂ ਉਨ੍ਹਾਂ ਨੂੰ ਉਸ ਨਾਲੋਂ ਥੋੜ੍ਹਾ ਜਿਹਾ ਫ਼ਰਕ ਜਿਹਦੇ ਰਾਹੀਂ ਉਹ ਮਸੀਹ ਨੂੰ ਜਾਣਨ ਤੋਂ ਪਹਿਲਾਂ ਗੁਲਾਮ ਸਨ ਗੁਲਾਮੀ ਵਿਚ ਵਾਪਸ ਧੱਕਦੀ ਸੀ। ਜ਼ਿੰਦਗੀ ਦੁਆਉਣ ਦੀ ਥਾਂ ਸ਼ਰ੍ਹਾ ਨੇ ਉਨ੍ਹਾਂ ਨੂੰ ਮੌਤ ਦੁਆਉਣੀ ਸੀ।

ਇਸ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ 4:12 ਤੋਂ 4:13–16 ਵਿਚਲੇ ਸਬੰਧ ਨੂੰ ਇਸ ਤਰ੍ਹਾਂ ਨਾਲ ਲਿਖਿਆ ਜਾ ਸਕਦਾ ਹੈ:

> ਹੇ ਭਰਾਵੋ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ, ਤੁਸੀਂ ਮੇਰੇ ਵਰਗੇ ਬਣ ਜਾਓ ਜਿਹੋ ਜਿਹਾ ਮੈਂ ਗਲਾਤੀਆ ਵਿਚ ਤੁਹਾਡੇ ਕੋਲ ਆਉਣ ਵੇਲੇ ਬਣਿਆ ਸਾਂ। ਕਿਉਂ ਜੋ ਭਾਵੇਂ ਅਸੀਂ ਯਹੂਦੀ ਸਾਂ ਅਤੇ ਤੁਸੀਂ ਗੈਰਕੌਮ ਫਿਰ ਵੀ ਅਜਿਹੀ ਕਿਸੇ ਵੀ ਗੱਲ ਦੀਪਰਵਾਹ ਕਿਤੇ ਬਗੈਰ ਮੈਂ ਤੁਹਾਡੇ ਵਰਗਾ ਬਣ ਗਿਆ। ਤੁਸੀ ਮੇਰਾ ਕੁਝ ਵਿਗਾੜਿਆ ਨਹੀਂ, ਪਰ ਜਦ ਕਿ ਤੁਸੀਂ ਜਾਣਦੇ ਹੋ ਕਿ ਮੈਂ ਸਰੀਰਕ ਕਮਜੋਰ ਕਰਕੇ ਤੁਹਾਨੂੰ ਪਹਿਲੀ ਵਾਰ ਇੰਜੀਲ ਸੁਣਾਈ ਸੀ। ਮੇਰੀ ਬਿਮਾਰੀ ਦਾ ਭਾਵੇਂ ਤੁਹਾਨੂੰ ਪਤਾ ਸੀ ਜੋ ਤੁਸੀਂ ਮੈਨੂੰ ਠੁਕਰਾ ਸਕਦੇ ਸੀ, ਪਰ ਤੁਸਾਂ ਅਜਿਹਾ ਨਹੀਂ ਕੀਤਾ। ਇਹਦੇ ਉਲਟ ਤੁਸਾਂ ਮੈਨੂੰ ਇਵੇਂ ਕਬੂਲ ਕੀਤਾ ਜਿਵੇਂ ਮੈਂ ਖ਼ੁਦਾ ਦਾ ਘੱਲਿਆ ਹੋਇਆ ਫ਼ਰਿਸ਼ਤਾ ਜਾਂ ਇਸ ਨਾਲੋਂ ਵੀ ਵਧ ਕੇ ਹੋਵਾਂ ਭਾਵ ਜਿਵੇਂ ਯਿਸੂ ਹੀ ਤੁਹਾਡੇ ਸਾਹਮਣੇ ਖਲੋਤਾ ਹੋਵੇ। ਤੁਹਾਡਾ ਪਹਿਲਾਂ ਵਾਲਾ ਅਨੰਦ ਕਿੱਥੇ ਗਿਆ? ਕਿਉਂ ਜੋ ਮੈਂ ਗਵਾਹੀ ਦਿੰਦਾ ਹਾਂ ਕਿ ਤੁਸਾਂ ਮੇਰੀ ਸੇਵਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਅਸਲ ਵਿਚ ਹੋ ਸਕਦਾ ਤਾਂ ਤੁਸੀਂ ਮੈਨੂੰ ਆਪਣੀਆਂ ਅੱਖਾਂ ਦੇ ਦੇਣ ਲਈ ਤਿਆਰ ਸੀ ਬਲਕਿ ਤੁਸਾਂ ਦੇ ਵੀ ਦਿੱਤੀਆਂ ਸਨ! ਭਲਾ ਇਹ ਸਚਮੁਚ ਹੋ ਸਕਦਾ ਹੈ ਕਿ ਇਸ ਸਭ ਦੇ ਬਾਵਜੂਦ ਹੁਣ ਮੈਂ ਤੁਹਾਡਾ ਵੈਰੀ ਇਸ ਕਰਕੇ ਬਣ ਗਿਆ ਹਾਂ ਕਿਉਂ ਜੋ ਓਨ੍ਹਾ ਲੋਕਾਂ ਤੁਹਾਨੂੰ ਸਾਫ਼ ਸਾਫ਼ ਦੱਸ ਰਿਹਾ ਹਾਂ ਬਾਰੇ ਜਿਹੜਾ ਤੁਹਾਥੋਂ ਅੱਡ ਕਰਨ ਦੀ ਕੋਸ਼ਿਸ਼ ਕਰਦੇ ਹਨ?

ਮੰਨਿਆ ਕਿ ਇਹ ਸਿਰਫ਼ ਇਕ ਵਿਆਖਿਆ ਹੈ ਪਰ ਇਸ ਵਿਚ ਮੂਲ ਵਿਚ ਲਿਖੀਆਂ ਗੱਲਾਂ ਦਾ ਸਭ ਵੇਰਵਾ ਹੈ ਇਹ ਸਾਨੂੰ ਪੌਲੁਸ ਦੇ ਫ਼ਰਕ ਦੇ ਵਿਹਾਰ ਨੂੰ ਉਸ ਦੇ ਵਿਹਾਰ ਨੂੰ ਸਮਝਣ ਵਿਚ ਮਦਦ ਕਰ ਸਕਦਾ ਹੈ। 4:13–15 ਵਿਚ ਪਹਿਲੀ ਮੁਲਾਕਾਤ ਵੇਲੇ ਕਹੀਆਂ ਗਈਆਂ ਗੱਲਾਂ ਦੀ ਯਾਦ ਸੀ। ਇਹ ਲਗਦਾ ਹੈ ਕਿ ਗਲਾਤੀਆਂ 4:12 ਵੀ ਉਸ ਯਾਦ ਦਾ ਇਕ ਹਿੱਸਾ ਸੀ। ਜੇ ਇਹ ਗੱਲ ਹੈ ਤਾਂ ਇਸ ਆਇਤ ਦਾ ਬੇਹਤਰ ਅਨੁਵਾਦ ਹੈ ''ਜਿਹੋ ਜਿਹਾ ਮੈਂ ਸਾਂ ਉਹੋ ਜਿਹੇ ਬਣੋ [ਸਾਡੀ ਪਹਿਲੀ ਮੁਲਾਕਾਤ ਵੇਲੇ] ਕਿਉਂ ਜੋ ਮੈਂ ਵੀ ਤੁਹਾਡੇ ਵਰਗਾ ਸਾਂ [ਤੁਸੀਂ ਜਿਹੋ ਜਿਹੇ ਸੀ ਉਹੋ ਜਿਹੇ ਤੁਹਾਨੂੰ ਕਬੂਲ ਕਰਨ ਵਿਚ]।'' ਇਹਦਾ ਮਤਲਬ ਇਹੋ ਹੋਇਆ ਕਿ ਹੁਣ ਦੇ ਹਾਲਾਤ ਵਿਚ ਪੌਲੁਸ ਇਹ ਜਾਣਦਿਆਂ ਕਿ ਕੋਈ ਸੁਭਾਵਕ ਪਿਤਾ ਆਪਣੇ ਬੱਚਿਆਂ ਨੂੰ ਜਾਣਬੁੱਝ ਕੇ ਕਦੇ ਗੁਮਰਾਹ ਨਹੀਂ ਕਰੇਗਾ ਜਾਂ ਉਨ੍ਹਾਂ ਦਾ ਨੁਕਸਾਨ ਨਹੀਂ ਕਰੇਗਾ। ਉਸ ਦੀ ਵਰਤਮਾਨ ਹਾਲਤ ਵਿਚ ਕਬੂਲ ਕਰਨ ਲਈ ਆਖ ਰਿਹਾ ਸੀ। ਇਸ ਦੇ ਉਲਟ ਸੁਭਾਵਕ ਪਿਤਾ ਹਰ ਗੱਲ ਵਿਚ ਉਨ੍ਹਾਂ ਨੂੰ ਬਰਕਤ ਹੀ ਦੇਣਾ ਚਾਹੇਗਾ (ਵੇਖੋ ਲੂਕਾ 11:11–13; 1 ਕੁਰਿੰਥੀਆਂ 4:14–16)।

**ਆਇਤ 13.** ਪੌਲੁਸ ਨੇ ਗਲਾਤੀਆਂ ਨੂੰ ਯਾਦ ਦੁਆਇਆ **ਜੋ** [ਉਸ ਨੇ] **ਸਰੀਰ ਦੀ ਮਾਂਦਗੀ ਕਰਕੇ ਪਹਿਲੀ ਵਾਰ** [ਉਸ ਨੇ] **ਖੁਸ਼ਖ਼ਬਰੀ ਸੁਣਾਈ** ਸੀ। ''ਮਾਂਦਗੀ'' ਲਈ ਯੂਨਾਨੀ ਸ਼ਬਦ (*astheneia,* ਅਸਥੇਨੀਆ) ਹੈ ਜਿਸ ਦਾ ਅਰਥ ਹੈ ''ਕਮਜ਼ੋਰੀ,'' ''ਬਿਮਾਰੀ,'' ਜਾਂ ''ਰੋਗ।'' ਪੌਲੁਸ ਦੀ ਮਾਂਦਗੀ ਕੀ ਸੀ? ਇਸ ਸਵਾਲ ਤੋਂ ਬੜਾ ਅੰਦਾਜ਼ਾ ਲਾਇਆ ਜਾਂਦਾ ਹੈ ਪਰ ਕਿਸੇ ਸਹਿਮਤੀ ਤੇ ਨਹੀਂ ਪਹੁੰਚਿਆ ਗਿਆ। ਦਿੱਤੇ ਜਾਣ ਵਾਲੇ ਮੁੱਖ ਸੁਝਾਵਾਂ ਵਿਚ ਮਲੇਰੀਆ, ਮਿਰਗੀ ਜਾਂ ਅੱਖਾਂ ਦੀ ਕੋਈ ਬਿਮਾਰੀ ਜਾਂ ਸਤਾਅ ਦੇ ਪ੍ਰਭਾਵ ਸ਼ਾਮਿਲ ਹਨ। ਇਨ੍ਹਾਂ ਸਭ ਵਿਚਾਰਾਂ ਉੱਤੇ ਸੰਖੇਪ ਵਿਚ ਚਰਚਾ ਕੀਤੀ ਜਾਵੇਗੀ।

ਸਭ ਤੋਂ ਪਹਿਲਾਂ ਪੌਲੁਸ ਨੂੰ ਪਹਿਲੀ ਮਿਸ਼ਨਰੀ ਯਾਤਰਾਵਾਂ ਵੇਲੇ ਮਲੇਰੀਆ ਹੋ ਗਿਆ ਹੋ ਸਕਦਾ ਹੈ। ਵਿਲੀਅਮ ਐਮ. ਰੈਮਸੇ ਦਾ ਸੁਝਾਅ ਹੈ ਕਿ ਪੰਫੂਲੀਆ ਦੇ ਨੀਂਵੇਂ ਮੈਦਾਨੀ ਇਲਾਕਿਆਂ ਵਿਚ ਉਸ ਨੂੰ ਪੁਰਾਣਾ ਮਲੇਰੀਆ ਹੋਇਆ ਸੀ ਜੋ ਕਿ ਯੂਹੰਨਾ ਮਰਕੁਸ ਦੇ ਮਿਸ਼ਨ ਨੂੰ ਛੱਡ ਕੇ ਯਰੂਸ਼ਲਮ ਜਾਣ ਵੇਲੇ ਦੀ ਗੱਲ ਹੈ (ਕਰਤੱਬ 13:13)। ਜਿਸ ਕਰਕੇ ਪੌਲੁਸ ਨੇ ਪਿਸੀਦਿਆ ਦੇ ਅੰਤਾਕਿਆ ਵਿਚ ਜੋ ਉੱਚੇ ਥਾਂ ਵਿਚ ਸੀ, ਅਰਾਮ ਪਾਉਣਾ ਚਾਹਿਆ (ਕਰਤੱਬ 13:14)। ਰੈਮਸੇ ਨੇ ਸਮਝਾਇਆ ਕਿ ਬਾਰ ਬਾਰ ਹੋਣ ਵਾਲਾ ਮਲੇਰੀਆ ਬੇਵੱਸ ਕਰ ਦੇਣ ਵਾਲਾ ਹੋ ਸਕਦਾ ਹੈ ਜਿਸ ਨਾਲ ਆਦਮੀ ਨੂੰ ਕਾਂਬੇ ਨਾਲ ਲਾਚਾਰੀ ਵਿਚ ਕਮਜ਼ੋਰੀ ਮਹਿਸੂਸ ਹੁੰਦੀ ਹੈ।[29]

ਦੂਜਾ, ਪੌਲੁਸ ਦੀ ਮਾਂਦਗੀ ਮਿਰਗੀ ਹੋ ਸਕਦੀ ਹੈ। ਇਹ ਵਿਚਾਰ ਅਗਲੀ ਆਇਤ ਦੇ ਕਿਰਿਆ ਸਬਦ ਤੋਂ ਮਿਲਦਾ ਹੈ। ਇਸ ਦਾ ਅਰਥ ਹੈ ''ਉਗਲ ਦੇਣਾ'' (4:14 ਤੇ ਟਿੱਪਣੀਆ ਵੇਖੋ)। ਕੈਨਥ ਐਲ. ਬੋਲਸ ਨੇ ਇਸ ਤਰ੍ਹਾ ਸਮਝਾਇਆ ਹੈ: ''ਇਹ ਰੁੱਖਾ ਕਲੂਤ ਮਿਰਗੀ ਵਰਗੇ ਅਜੀਬ ਵਿਹਾਰ ਕਰਕੇ ਬੁਰੀ ਨਜ਼ਰ ਜਾਂ ਬੁਰੀ ਆਤਮਾ ਦੇ ਪ੍ਰਭਾਵਾਂ ਨੂੰ ਦੂਰ ਕਰਨ ਲਈ ਇਕ ਆਮ ਤਰੀਕਾ ਸੀ।''[30]

ਤੀਜਾ ਪੌਲੁਸ ਨੂੰ ਅੱਖਾਂ ਦੀ ਤਕਲੀਫ਼ ਹੋ ਸਕਦਾ ਹੈ, ਜੋ ਕਿ ਪੁਰਾਣੇ ਜ਼ਮਾਨੇ ਵਿਚ ਆਮ ਸੀ। ਕਈ ਹਵਾਲਿਆਂ ਤੋਂ ਇਹ ਲਗਦਾ ਹੈ ਕਿ ਉਸ ਦੀ ਨਜ਼ਰ ਖ਼ਰਾਬ ਸੀ। ਦਮਿਸ਼ਕ ਤੇ ਰਾਹ ਤੇ ਮਸੀਹ ਦਾ ਦਰਸ਼ਣ ਪਾਉਣ ਵੇਲੇ ਉਹ ਅੰਨ੍ਹਾ ਹੋ ਗਿਆ ਅਤੇ ਤਿੰਨ ਦਿਨ ਤਕ ਅੰਨ੍ਹਾ ਹੀ ਰਿਹਾ (ਕਰਤੱਬ 9:8, 9)। ਭਾਂਵੇਂ ਹਨੱਨਯਾਹ ਨੇ ਉਸ ਨੂੰ ਸੁਜਾਖਾ ਕਰ ਦਿੱਤਾ ਸੀ (ਕਰਤੱਬ 9:17, 18), ਪਰ ਕਈਆਂ ਦਾ ਮੰਨਣਾ ਹੈ ਕਿ ਉਸ ਘਟਨਾ ਤੋਂ ਬਾਅਦ ਉਸ ਨੂੰ ਧੁੰਦਲਾ ਹੀ ਨਜ਼ਰ ਆਉਂਦਾ ਸੀ। ਰਸੂਲਾਂ ਦੇ ਕਰਤੱਬ ਵਿਚ ਬਾਅਦ ਵਿਚ ਪੌਲੁਸ ਨੇ ਸਰਦਾਰ ਯਾਜਕ ਨੂੰ ਨਹੀਂ ਪਛਾਣਿਆ ਸੀ (ਕਰਤੱਬ 23:5), ਸ਼ਾਇਦ ਇਸ ਕਰਕੇ ਕਿ ਉਹ ਉਹਨੂੰ ਸਾਫ਼-ਸਾਫ਼ ਨਹੀਂ ਵੇਖ ਸਕਦਾ ਸੀ। ਇਕ ਸੰਦਭਰ ਵਿਚ ਪੌਲੁਸ ਨੇ ਆਖਿਆ ਕਿ ਗਲਾਤੀਆਂ ''ਜੇ ਹੋ ਸਕਦਾ ਤਾਂ [ਉਨ੍ਹਾਂ] ਆਪਣੀਆਂ ਅੱਖਾਂ ਵੀ ਕੱਢ ਕੇ ਉਸ

ਨੂੰ [ਦੇ ਦੇਣੀਆਂ ਸਨ]'' (4:15)। ਭਾਸ਼ਾ ਤੋਂ ਸੰਕੇਤ ਮਿਲ ਸਕਦਾ ਹੈ ਕਿ ਉਹ ਦੀਆਂ ਸਰੀਰਕ ਤਕਲੀਫ਼ਾਂ ਉਹਦੀਆਂ ਅੱਖਾਂ ਨਾਲ ਸਬੰਧਿਤ ਸਨ। ਪੌਲੁਸ ਆਮ ਤੌਰ ਤੇ ਆਪਣੇ ਖ਼ਤਾਂ ਨੂੰ ਲਿਖਾਰੀ ਤੋਂ ਲਿਖਵਾਉਂਦਾ ਅਤੇ ਆਖ਼ਰੀ ਸਲਾਮ ਆਪਣੇ ਹੱਥ ਨਾਲ ਲਿਖ ਦਿੰਦਾ (2 ਥੱਸਲੁਨੀਕੀਆਂ 3:17)। ਗਲਾਤੀਆਂ ਦੇ ਖ਼ਤ ਵਿਚ ਵਰਤੇ ਗਏ ਉਸ ਦੇ ''ਮੋਟੇ ਅੱਖਰ'' ਹੋ ਸਕਦਾ ਹੈ ਕਿ ਜ਼ੋਰ ਦੇਣ ਲਈ ਹੋਣ, ਪਰ ਇਹ ਵੀ ਹੋ ਸਕਦਾ ਹੈ ਕਿ ਉਹ ਉਸ ਦੇ ਚੰਗੀ ਤਰ੍ਹਾਂ ਨਾਲ ਨਾ ਵੇਖ ਸਕਣ ਕਰਕੇ ਹੋਣ (ਗਲਾਤੀਆਂ 6:11)।

ਚੌਥਾ, ਇਹ ਹੋ ਸਕਦਾ ਹੈ ਕਿ ਪੌਲੁਸ ਦੀ ਮਾਂਦਗੀ ਉਸ ਵੱਲੋਂ ਝੱਲੇ ਗਏ ਸਤਾਅ ਨਾਲ ਸਬੰਧਿਤ ਹੋਵੇ। ਉਸ ਉੱਤੇ ਲੁਸਤਰਾ ਵਿਚ ਪਥਰਾਅ ਕੀਤਾ ਗਿਆ ਸੀ (ਕਰਤੱਬ 14:19) ਅਤੇ ਆਪਣੇ ਮਿਸ਼ਨਰੀ ਕੈਰੀਅਰ ਦੇ ਦੌਰਾਨ ਉਸ ਨੇ ਕਈ ਤਰ੍ਹਾਂ ਦੀਆਂ ਸਜ਼ਾਵਾਂ ਝੱਲੀਆਂ ਸਨ (2 ਕੁਰਿੰਥੀਆਂ 11:23–27)। ਇਸ ਵਿਚਾਰ ਵਿਚ ਦਿੱਕਤ ਇਹ ਹੈ ਕਿ ਪਥਰਾਅ ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ ਦੇ ਅਖ਼ੀਰ ਦੇ ਨੇੜੇ ਗਲਾਤੀਆ ਦੇ ਸ਼ਹਿਰਾਂ ਵਿੱਚੋਂ ਦੀ ਹੁੰਦੇ ਹੋਏ ਉਸ ਦੇ ਅੰਤਾਕਿਆ ਵਿਚ ਮੁੜਨ ਵੇਲੇ ਹੋਇਆ। ਇਸ ਤੋਂ ਇਲਾਵਾ 2 ਕੁਰਿੰਥੀਆਂ 11 ਵਿਚ ਦੱਸੀਆਂ ਗਈਆਂ ਜ਼ਿਆਦਾਤਰ ਤਕਲੀਫ਼ਾਂ ਬਾਅਦ ਵਿਚ ਗਲਾਤੀਆਂ ਦੇ ਖ਼ਤ ਲਿਖੇ ਜਾਣ ਦੇ ਬਾਅਦ ਵਿਚ ਆਈਆਂ ਸਨ।

ਇਕ ਆਖ਼ਰੀ ਵਿਚਾਰ ਇਹ ਹੈ ਕਿ ਪੌਲੁਸ ਨੂੰ ਕਿਸੇ ਤਰ੍ਹਾਂ ਦੀ ਦਿਮਾਗ਼ੀ ਕਮਜ਼ੋਰੀ ਸੀ। ਅਨੁਵਾਦ ਹੋਏ ਸ਼ਬਦ ''ਸਰੀਰ ਦੀ'' ਲਈ ਯੂਨਾਨੀ ਸ਼ਬਦ (*sarx,* ਸਾਰਕਸ) ਜਾਂ ''ਦੇਹ'' (KJV), ਦੇ ਕਈ ਅਰਥ ਹੋ ਸਕਦੇ ਹਨ। ਇਹ ਪਾਪ ਦੇ ਪ੍ਰਤੀ ਝੁਕਾਅ (ਰੋਮੀਆਂ 6:19), ਡਰ ਜਾਂ ਚਿੰਤਾ (2 ਕੁਰਿੰਥੀਆਂ 7:5) ਮਨੋਵਿਗਿਆਨਕ ਸਰੀਰਕ ਹਾਲਤ ਦਾ ਸੰਕੇਤ ਹੋ ਸਕਦਾ ਹੈ। ਪੌਲੁਸ ਭਾਵੇਂ ਅਜਿਹੀਆਂ ਸਿੱਖਿਆਵਾਂ ਤੋਂ ਅਜ਼ਾਦ ਨਹੀਂ ਸੀ (1 ਕੁਰਿੰਥੀਆਂ 2:3; ਅਫ਼ਸੀਆਂ 6:19, 20), ਪਰ ਮੌਜੂਦਾ ਸੰਦਰਭ ਅਜਿਹੀ ਕਿਸੇ ਵਿਆਖਿਆ ਨੂੰ ਅਸੰਭਵ ਬਣਾਉਂਦਾ ਲਗਦਾ ਹੈ।

ਉਸ ਦੀ ਹਾਲਤ ਜਿਹੋ ਜਿਹੀ ਵੀ ਸੀ, ਇਹ ਅਜਿਹੀ ਸੀ ਕਿ ਜੋ ਗਲਾਤੀਆ ਦੇ ਲੋਕਾਂ ਨੂੰ ਨਾਪਸੰਦ ਲਗਦੀ ਹੋਵੇਗੀ, ਜਿਵੇਂ ਕਿ 4:14 ਤੋਂ ਸਪੱਸ਼ਟ ਹੈ। ਇਲਾਕੇ ਵਿਚ ਪੌਲੁਸ ਦੇ ਸ਼ੁਰੂ ਵਿਚ ਪ੍ਰਚਾਰ ਕਰਨ ਦੀਆਂ ਕੋਸ਼ਿਸ਼ਾਂ ਕਰਨ ਲਈ ਇਸ ਤੋਂ ਪ੍ਰੇਰਣਾ ਕਿਵੇਂ ਮਿਲੀ। ਇਕ ਸੰਭਾਵਨਾ ਇਹ ਹੈ ਕਿ ਉਸ ਨੇ ਗਲਾਤੀਆ ਤੋਂ ਅੱਗੇ ਜਾਣਾ ਸੀ। ਪਰ ਜਦੋਂ ਉਹ ਗਲਾਤੀਆ ਵਿਚ ਪੁੱਜਾ ਤਾਂ ਉੱਥੇ ਉਹ ਬਿਮਾਰ ਪੈ ਗਿਆ ਅਤੇ ਤੰਦਰੁਸਤ ਹੋਣ ਤਕ ਉਸ ਨੂੰ ਉੱਥੇ ਹੀ ਰਹਿਣਾ ਪਿਆ। ਪੌਲੁਸ ਇੰਜੀਲ ਦੇ ਪ੍ਰਚਾਰ ਲਈ ਐਨਾ ਜੋਸ਼ੀਲਾ ਸੀ ਕਿ ਉਸ ਨੇ ਇਸ ਮੌਕੇ ਦੀ ਵਰਤੋਂ ਮਸੀਹ ਵਿਚ ਮੁਕਤੀ ਦੀ ਖੁਸ਼ਖ਼ਬਰੀ ਨੂੰ ਸੁਣਾਉਣ ਦੇ ਮੌਕੇ ਦੇ ਰੂਪ ਵਿਚ ਕੀਤੀ, ਭਾਵੇਂ ਇਹ ਦਾ ਮਤਲਬ ਇਹ ਸੀ ਕਿ ਉਹ ਦਾ ਪੁਲਪਿਟ ਬਿਮਾਰੀ ਦਾ ਉਹ ਦਾ ਬਿਸਤਰਾ ਸੀ।

**ਆਇਤ 14.** ਪੌਲੁਸ ਦੇ **ਸਰੀਰ ਵਿਚ** ਭਾਵੇਂ ਗਲਾਤੀਆਂ ਲਈ **ਇਕ ਪਰਤਾਵਾ ਸੀ,** ਪਰ ਉਨ੍ਹਾਂ **ਉਹ ਨੂੰ ਤੁੱਛ ਨਾ ਜਾਣਿਆ।** ਪੌਲੁਸ ਦੀ ਸਰੀਰਕ ਅਵਸਥਾ ਜਾਂ ਦਿੱਖ ਨੇ ਸਚਮੁਚ ਵਿਚ ਇਨ੍ਹਾਂ ਭਾਈਆਂ ਨੂੰ ਪਰਤਾਵੇ ਵਿਚ ਪਾ ਦਿੱਤਾ ਹੋਵੇਗਾ। ਕੁਝ ਨੂੰ ਇਸ ਗੱਲ ਦੀ ਸਮਝ ਸੀ ਕਿ ਇਸ ਮਾਂਦਗੀ ਕਰਕੇ ਉਹ ਉਸ ਨੂੰ ਤੁੱਛ ਜਾਣ ਸਕਦੇ ਹਨ। ਅਨੁਵਾਦ ਹੋਏ ''ਪਰਤਾਵਾ'' ਲਈ ਯੂਨਾਨੀ ਸ਼ਬਦ (*peirasmos,* ਪੇਰਾਸਮੋਸ) ਉਹੀ ਸ਼ਬਦ ਹੈ ਜਿਸ ਦੀ ਵਰਤੋਂ ਮਸੀਹ ਨੇ ਯਿਸੂ ਦੇ ਦੁਆ ਕਰਨ ਦਾ ਢੰਗ ਦਸਣ ਲਈ ਕੀਤੀ: ''ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ'' (ਮੱਤੀ 6:13)।[31]

''ਤੁੱਛ'' (*exoutheneō,* ਐਕਸੋਥੇਨਿਓ) ''ਘਿਰਣਾ ਭਰਿਆ ਵਿਹਾਰ,'' ''ਨਕਾਰਾ ਸਮਝਣਾ,'' ਅਤੇ ''ਨਕਾਰਾ ਸਮਝਣਾ,'' ਅਤੇ ''ਨਕਾਰਣਾ'' ਵਿਚ ਕਈ ਤਰ੍ਹਾਂ ਨਾਲ ਹੋਇਆ ਹੈ। ਅਨੁਵਾਦ ਹੋਇਆ ਸ਼ਬਦ ''ਤੁੱਛ'' (*ekptuō,* ਐਕਪਟੂਓ) ਨਾਲੋਂ ਵੀ ਵੱਡਾ ਸੰਕੇਤ ਸੀ। ਇਸ ਦਾ ਮੂਲ ਅਰਥ ਸੀ ''ਉਗਲ ਦੇਣਾ''; ਅਜਿਹਾ ਕੰਮ ''ਘਿਰਣਾ ਵਿਖਾਉਣ'' ਜਾਂ ''ਬਦਰੂਹਾਂ ਨੂੰ ਕੱਢਣ''

ਲਈ ਕੀਤਾ ਜਾਂਦਾ ਸੀ।[32] ਸ਼ਬਦ ਵਿਗਿਆਨੀਆਂ ਦਾ ਮੰਨਣਾ ਹੈ ਕਿ ਪੌਲੁਸ ਦੇ ਸਮੇਂ ਤਕ ਇਹ ਮੂਲ ਅਰਥ ਘਿਰਣਾ ਦੀ ਕੋਮਲ ਧਾਰਣਾ ਵਿਚ ਹੈ। ਅਜਿਹਾ ਹੈ ਤਾਂ ਯੂਨਾਨੀ ਬੋਲਣ ਵਾਲੇ ਆਦਮੀ ਨੂੰ ਇਸ ਦੇ ਮੂਲ ਅਰਥ ਨੂੰ ਸਮਝ ਪਾਉਣਾ ਮੁਸ਼ਕਿਲ ਹੁੰਦਾ ਹੋਵੇਗਾ ਭਾਵੇਂ ਇਹ ਸ਼ਬਦ ਲਿਖਤੀ ਰੂਪ ਵਿਚ ਹੋਵੇ ਜਾਂ ਬੋਲਕ ਕ ਕਿਹਾ ਗਿਆ।

ਪੌਲੁਸ ਨੂੰ ਨਕਾਰਣ ਦੀ ਬਜਾਇ ਗਲਾਤੀਆਂ ਨੇ ਉਸ ਨੂੰ **ਪਰਮੇਸ਼ੁਰ ਦੇ ਦੂਤ ਦੀ ਨਿਆਈਂ ਕਬੂਲ ਕੀਤਾ** ਸੀ। ਇੱਥੇ ਯੂਨਾਨੀ ਸ਼ਬਦ (*angelos,* ਐਂਜਲੋਸ) ਦਾ ਅਨੁਵਾਦ ''ਦੂਤ'' (NASB ਵਿਚ ਸੁਰਗਦੂਤ–ਅਨੁਵਾਦਕ) ਹੋ ਸਕਦਾ ਹੈ। ਕਿਉਂ ਜੋ ਮੂਲ ਰੂਪ ਵਿਚ ਇਸ ਦਾ ਸ਼ਬਦ ਇਹੀ ਹੈ। *Angelos* ਇਕ ਦੂਜੇ ਵਿਅਕਤੀ ਲਈ ਸੰਦੇਸ਼ ਦੇ ਕੇ ਘੱਲੇ ਗਏ ਮਨੁੱਖਾਂ ਲਈ ਵਰਤਿਆ ਜਾ ਸਕਦਾ ਹੈ। ਉਦਾਹਰਣ ਲਈ ਉਤਪਤ 32:3–6 ਵਿਚ ਇਹ ਸ਼ਬਦ ਮਿਲਦਾ ਹੈ (LXX), ਜਿੱਥੇ ਯਾਕੂਬ ਨੇ ਆਪਣੇ ਦੁਜਾਈ ਪਏ ਭਰਾ ਏਸਾਓ ਕੋਲ ਆਪਣੇ ਜਾਣ ਤੋਂ ਪਹਿਲਾਂ ਦੂਤ ਘੱਲੇ। ਲੂਕਾ 9:51–53 ਵਿਚ ਇਹ ਸ਼ਬਦ ਉਦੋਂ ਮਿਲਦਾ ਹੈ ਜਦੋਂ ਯਿਸੂ ਨੇ ਇਹ ਪਤਾ ਲਾਉਣ ਲਈ ਕਿ ਉਸ ਦੇ ਯਰੂਸ਼ਲਮ ਵੱਲ ਜਾਣ ਵੇਲੇ ਸਾਮਰੀਆ ਦਾ ਇਕ ਪਿੰਡ ਉਸ ਨੂੰ ਕਬੂਲ ਕਰੇਗਾ ਜਾਂ ਨਹੀਂ, ਦੂਤ ਘੱਲੇ। ਇਸ ਸ਼ਬਦ ਦੀ ਵਰਤੋਂ ਇਲਹਾਮ ਪ੍ਰਾਪਤ ਮਨੁੱਖਾਂ ਲਈ ਕੀਤੀ ਜਾ ਸਕਦੀ ਹੈ। ਜਿਵੇਂ ਕਿ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਹੋਰਨਾਂ ਨਬੀਆਂ ਲਈ ਹੋਈ (ਮੱਤੀ 11:7–10)। *Angelos* ਦੀ ਜ਼ਿਆਦਾਤਰ ਵਰਤੋਂ ਮਨੁੱਖੀ ਰੂਪ ਵਿਚ ਪ੍ਰਗਟ ਹੋਣ ਵਾਲੇ ਜੀਵਾਂ ਲਈ ਹੋਈ ਹੈ ਜਿਹੜੇ ਖ਼ੁਦਾ ਦੇ ਨੁਮਾਇੰਦਿਆਂ ਦਾ ਕੰਮ ਕਰਦੇ ਹਨ (ਵੇਖੋ ਇਬਰਾਨੀਆਂ 1:14; 13:2)।

''ਪਰਮੇਸ਼ੁਰ ਦੇ ਦੂਤ'' ਨੂੰ ਫ਼ਰਿਸ਼ਤੇ ਜਾਂ ਸੁਰਗੀ ਦੂਤ ਦੇ ਰੂਪ ਵਿਚ ਸਮਝਣਾ ਸਭ ਤੋਂ ਵੱਧ ਸੁਭਾਵਕ ਲਗਦਾ ਹੈ। ਜੋ ਇਬਰਾਨੀਆਂ 1:14 ਵਿਚ ਦੱਸੇ ਗਏ ਰੂਹਾਨੀ ਵਿਚੋਲੇ ਵਰਗਾ ਹੈ। ਇਸ ਕਰਕੇ ਪੌਲੁਸ ਦੇ ਵਿਚਾਰ ਵਿਚ ਅੱਗੇ ਵਧਣ ਦੀ ਗੱਲ ਮਿਲਦੀ ਹੈ: (1) ਗਲਾਤੀਆ ਦੇ ਲੋਕਾਂ ਨੇ ਉਹਦੇ ਨਾਲ ਨਾ ਤਾਂ ਸਿਰਫ਼ ਮਨੁੱਖ ਦੇ ਰੂਪ ਵਿਚ ਵਿਹਾਰ ਕੀਤਾ ਅਤੇ ਨਾ ਹੀ ਉਨ੍ਹਾਂ ਨੇ ਉਸ ਦੀ ਮਾਂਦਗੀ ਤੋਂ ਨਫ਼ਰਤ ਕੀਤੀ ਸੀ। (2) ਇਸ ਦੇ ਉਲਟ ਉਨ੍ਹਾਂ ਨੇ ਉਸ ਨੂੰ ਇਵੇਂ ਕਬੂਲ ਕੀਤਾ ਜਿਵੇਂ ਉਹ ਸੁਰਗ ਦੀ ਤਰਫ਼ੋਂ ਘੱਲਿਆ ਗਿਆ ਖ਼ੁਦਾ ਦਾ ਫ਼ਰਿਸ਼ਤਾ ਹੋਵੇ। (3) ਇਸ ਨਾਲੋਂ ਵੀ ਵਧ ਕੇ ਉਨ੍ਹਾਂ ਨੇ ਇਸ ਦਾ ਸਵਾਗਤ ਇਉਂ ਕੀਤਾ ਜਿਵੇਂ **ਮਸੀਹ ਯਿਸੂ** ਆਪ ਹੀ ਸਰੀਰ ਵਿਚ ਹੋ ਕੇ ਉਨ੍ਹਾਂ ਦੇ ਵਿਚਕਾਰ ਰਹਿ ਰਿਹਾ ਹੋਵੇ।

**ਆਇਤ 15.** ਗਲਾਤੀਆਂ ਦੀ ਗਰਮਜੋਸ਼ੀ ਨਾਲ ਕੀਤੀ ਗਈ ਉਸ ਦੀ ਆਓ ਭਗਤ ਨੂੰ ਯਾਦ ਕਰਦਿਆਂ ਪੌਲੁਸ ਨੇ ਪੁੱਛਿਆ, **ਸੋ ਹੁਣ ਤੁਹਾਡਾ ਧੰਨਵਾਦ ਕਿੱਥੇ ਗਿਆ?** ਇਹ ਮਹੱਤਵਪੂਰਣ ਸਵਾਲ ਮੌਜੂਦਾ ਤਕਲੀਫ਼ ਦੀ ਹਾਲਤ ਵਿਚ ਇਕ ਝਟਕੇ ਨਾਲ ਦੁਬਾਰਾ ਆਉਣ ਦਾ ਕੰਮ ਕਰਦਾ ਹੈ। ਪੌਲੁਸ ਨੂੰ ਲੱਗਾ ਕਿ ਉਸ ਦੇ ਭਰਾ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਕਰਕੇ ਉਸ ਦੇ ਪ੍ਰਤੀ ਆਪਣੀਆਂ ਪਹਿਲੀਆਂ ਭਾਵਨਾਵਾਂ ਤੋਂ ਪਲਟ ਕੇ ਚੰਚਲ ਹੋ ਗਏ ਹਨ। ਇਸ ਤੋਂ ਛੁੱਟ ਸ਼ਰ੍ਹਾ ਦੀ ਗੁਲਾਮੀ ਨੂੰ ਉਨ੍ਹਾਂ ਵੱਲੋ ਮੰਨ ਲਿਆ ਜਾਣਾ ਉਨ੍ਹਾਂ ਦੇ ਰੂਹਾਨੀ ਅਨੰਦ ਦੇ ਖੁੱਸ ਜਾਣ ਦਾ ਕਾਰਣ ਬਣ ਗਿਆ। ਅਨੁਵਾਦ ਹੋਏ ਸ਼ਬਦ ''ਧੰਨਵਾਦ'' (*makarismos,* ਮਕਾਰਿਸਮੋਸ) ਜਾਂ ''ਅਨੰਦ'' (NCV; CJB) ਦਾ ਸਬੰਧ ਮੁਬਾਕਰਵਾਦੀਆਂ ਵਿਚ ਵਰਤੇ ਗਏ ਸ਼ਬਦ ''ਧੰਨ'' (*makarios,* ਮਕਾਰਿਓਸ) ਨਾਲ ਹੈ (ਮੱਤੀ 5:1–12)।

ਇਕ ਸਮਾਂ ਸੀ ਜਦੋਂ ਗਲਾਤੀਆਂ ਨੇ ਪੌਲੁਸ ਲਈ ਬੜਾ ਪਿਆਰ ਵਿਖਾਇਆ ਸੀ, ਜਿਸ ਨੇ ਲਿਖਿਆ, **ਕਿਉਂ ਜੋ ਮੈ ਤੁਹਾਡੇ ਲਈ ਸਾਖੀ ਭਰਦਾ ਹਾਂ ਭਈ ਜੇ ਹੋ ਸੱਕਦਾ ਤਾਂ ਤੁਸੀਂ ਆਪਣੀਆਂ ਅੱਖਾਂ ਵੀ ਕੱਢ ਕੇ ਮੈਨੂੰ ਦੇ ਦਿੰਦੇ !** ''ਅੱਖਾਂ'' ਦੀ ਵਰਤੋਂ ਇੱਥੇ ਉਸ ਨੇ ਉਦਾਹਰਣ ਵਜੋਂ ਕੀਤੀ ਗਈ ਹੋ ਸਕਦੀ ਹੈ। ਇਸ ਵਿਆਖਿਆ ਦਾ ਸਮਰਥਨ ''ਅੱਖ ਦੀ ਕਾਕੀ'' (ਵਿਵਸਥਾਸਾਰ 32:10) ਅਤੇ

''ਅੱਖ ਦੀ ਕਾਕੀ'' (ਜ਼ਬੂਰਾਂ 17:8; ਵੇਖੋ ਕਹਾਉਤਾਂ 7:2; ਜ਼ਕਰਯਾਹ 2:8) ਦੇ ਬਾਈਬਲ ਦੇ ਇਜ਼ਹਾਰਾਂ ਤੋਂ ਮਿਲਦਾ ਹੈ। ਪੌਲੁਸ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਗਲਾਤੀਆ ਦੇ ਭਾਈਆਂ ਨੇ ਉਹਦੇ ਲਈ ਆਪਣੇ ਪਿਆਰ ਕਰਕੇ ਕੁਝ ਵੀ ਕੁਰਬਾਨ ਕਰਨ ਲਈ ਤਿਆਰ ਹੋਣਾ ਸੀ।

ਪੌਲੁਸ ਭਾਵੇਂ ਅਲੰਕਾਰਕ ਰੂਪ ਵਿਚ ਗੱਲ ਕਰ ਰਿਹਾ ਸੀ ਪਰ ਦੂਜੀ ਸਦੀ ਦੇ ਯੂਨਾਨੀ ਲੇਖਕ ਲੁਸੀਅਨ ਨੇ ਕਿਸੇ ਦੋਸਤ ਲਈ ਕਿਸੇ ਦੇ ਆਪਣੀਆਂ ਅੱਖਾਂ ਦੇ ਦੇਣ ਦੀ ਸਚਮੁਚ ਦੀ ਘਟਨਾ ਜੋੜੀ। ਇਸ ਕਹਾਣੀ ਵਿਚ ਦੋ ਇਰਾਨੀ ਸਨ। ਇਨ੍ਹਾਂ ਵਿੱਚੋਂ ਇਕ ਜਿਸ ਦਾ ਨਾਂਅ ਦੰਦਾਮਿਸ ਸੀ ਉਸ ਨੇ ਆਪਣੇ ਕੈਦੀ ਦੋਸਤ ਨੂੰ ਛੁਡਾਉਣ ਦੀ ਹੱਦ ਆਪਣੀਆਂ ਅੱਖਾਂ ਦੇ ਦਿੱਤੀਆਂ। ਉਸ ਦੇ ਛੁੱਟ ਜਾਣ ਦੇ ਬਾਅਦ ਅਮੀਜ਼ੋਕਸ ਜਦੋਂ ਅੰਨ੍ਹੇ ਦੰਦਾਮਿਸ ਨੂੰ ਵੇਖ ਨਾ ਸਕਿਆ ਉਸ ਨੇ ਆਪਣੀਆਂ ਅੱਖਾਂ ਵੀ ਕੱਢ ਦਿੱਤੀਆਂ।[33]

**ਆਇਤ 16.** ਗਲਾਤੀਆਂ ਨਾਲ ਆਪਣੀ ਦੋਸਤੀ ਤੇ ਜ਼ੋਰ ਦੇਣ ਦੇ ਬਾਅਦ ਪੌਲੁਸ ਨੇ ਉਨ੍ਹਾਂ ਨੂੰ ਪੁੱਛਿਆ, **ਫੇਰ ਕੀ ਮੈਂ ਤੁਹਾਨੂੰ ਸੱਚੀ ਗੱਲ ਆਖਣ ਨਾਲ ਤੁਹਾਡਾ ਵੈਰੀ ਬਣ ਗਿਆ?** ਨਾਉਂ ਸ਼ਬਦ ''ਸੱਚ'' (*alētheia,* ਅਲੇਥੀਆ) ਨਵੇਂ ਨੇਮ ਵਿਚ ਭਾਵੇਂ ਬਾਰ ਬਾਰ ਮਿਲਦਾ ਹੈ, ਪਰ ਸੱਚੀ ਗੱਲ ਕਹਿਣ ਲਈ ਇਸ ਨਾਲ ਸਬੰਧਿਤ ਕਿਰਿਆ ਸ਼ਬਦ (*alētheuō,* ਅਲੇਥਿਓ) ਜਿਸ ਦੀ ਵਰਤੋਂ ਪੌਲੁਸ ਨੇ ਕੀਤੀ, ਸਿਰਫ਼ ਇੱਥੇ ਅਤੇ ਅਫ਼ਸੀਆਂ 4:15 ਵਿਚ ਹੀ ਮਿਲਦਾ ਹੈ। ਇਸ ਦਾ ਅਰਥ ''ਇਮਾਨਦਾਰ ਹੋਣਾ'' ਵੀ ਹੋ ਸਕਦਾ ਹੈ। ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਹ ਗਲਾਤੀਆਂ ਨੂੰ ਸਚਿਆਈ ਸਾਫ਼ ਦੱਸ ਰਿਹਾ ਸੀ ਅਤੇ ਉਸ ਵਿਚ ਕੁਝ ਵੀ ਲੁਕਿਆ ਹੋਇਆ ਨਹੀਂ ਸੀ ਜੋ ਉਹ ਉਨ੍ਹਾਂ ਨੂੰ ਦੱਸ ਰਿਹਾ ਸੀ। ਉਸ ਦੇ ਲਈ ਉਨ੍ਹਾਂ ਬਾਰੇ ਜਿਹੜੇ ''ਚੋਰੀ ਆ ਵੜੇ'' ਸਨ ਖੁੱਲ੍ਹ ਕੇ ਬੋਲਣਾ ਜ਼ਰੂਰੀ ਸੀ (ਵੇਖੋ ਯਹੂਦਾਹ 4)। ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਇਹ ਲੋਕ ਇਕ ਅਜਿਹੀ ਇੰਜੀਲ ਦਾ ਪ੍ਰਚਾਰ ਕਰ ਰਹੇ ਸਨ ਜੋ ਅਸਲ ਵਿਚ ਇੰਜੀਲ ਹੈ ਹੀ ਨਹੀਂ ਸੀ (ਵੇਖੋ ਗਲਾਤੀਆਂ 1:6, 7; 5:11, 12; 6:12, 13)। ਪੌਲੁਸ ਨੇ ਉਨ੍ਹਾਂ ਝੂਠੇ ਗੁਰੂਆਂ ਦਾ ਮਜ਼ਬੂਤੀ ਨਾਲ ਵਿਰੋਧ ਕੀਤਾ ਜਿਹੜੇ ਗਲਾਤੀਆਂ ਦੀਆਂ ਕਲੀਸੀਆਵਾਂ ਵਿਚ ਕੰਮ ਕਰ ਰਹੇ ਸਨ ਅਤੇ ਉਸ ਦੇ ਕੰਮ ਨੂੰ ਨੁਕਸਾਨ ਪਹੁੰਚਾ ਰਹੇ ਸਨ।

**ਆਇਤ 17.** ਪੌਲੁਸ ਨੇ ਸਾਰੀ ਮੁਸ਼ਕਿਲ ਦੀ ਜੜ੍ਹ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਬਾਰੇ ਅੱਗੇ ਆਖਿਆ: **ਓਹ ਤੁਹਾਨੂੰ ਫੁਸਲਾਉਂਦੇ ਤਾਂ ਬਹੁਤ ਹਨ ਪਰ ਭਲੀ ਨੀਤ ਨਾਲ ਨਹੀਂ ਸਗੋਂ ਓਹ ਤੁਹਾਨੂੰ ਛੇਕਿਆ ਚਾਹੁੰਦੇ ਹਨ ਭਈ ਤੁਸੀਂ ਵੀ ਉਨ੍ਹਾਂ ਨੂੰ ਫੁਸਲਾਓ।** ਆਇਤ ਦੇ ਪਹਿਲੇ ਹਿੱਸੇ ਦਾ ਅਨੁਵਾਦ ਇਸ ਤਰ੍ਹਾਂ ਨਾਲ ਹੋ ਸਕਦਾ ਹੈ: ''ਉਹ ਤੁਹਾਡੇ ਲਈ ਜੋਸ਼ ਰੱਖਦੇ ਹਨ ਪਰ ਚੰਗੀ ਨੀਅਤ ਨਾਲ ਨਹੀਂ।'' NKJV ਵਿਚ ਇਸ ਦਾ ਅਨੁਵਾਦ ਇਵੇਂ ਹੈ: ''ਉਹ ਜੋਸ਼ ਨਾਲ ਤੁਹਾਨੂੰ ਲੁਭਾਉਂਦੇ ਹਨ ਪਰ ਭਲਿਆਈ ਲਈ ਨਹੀਂ।'' ਸੰਦਰਭ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਆਪਣੀਆਂ ਸਿੱਖਿਆਵਾਂ ਵਿਚ ਖ਼ਾਸ ਤੌਰ ਤੇ ਮਨੋਵਿਗਿਆਨ ਦੀ ਗੱਲ ਪਾ ਰਹੇ ਸਨ।

ਆਇਤ ਦੇ ਦੂਜੇ ਹਿੱਸੇ ਵਿਚ ''ਉਹ ਤੁਹਾਨੂੰ ਛੇਕਿਆ ਚਾਹੁੰਦੇ ਹਨ'' ਯੂਨਾਨੀ ਲਿਖਤ ਵਿਚ (*ekkleiō,* ਏਕਲੇਇਓ) ਪਹਿਲਾਂ ਆਉਂਦਾ ਹੈ। ਇਹ ਸ਼ਬਦ ਰਚਨਾ ਵਾਕਖੰਡ ਨੂੰ ਜ਼ੋਰਦਾਰ ਬਣਾ ਕੇ ਖ਼ਾਸ ਹੋਣ ਦੇ ਵਿਚਾਰ ਉੱਤੇ ਹੋਰ ਵਜ਼ਨ ਪਾਉਂਦੀ ਹੈ। ਪਰ ਪੌਲੁਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਗਲਾਤੀਆਂ ਨੂੰ ਕਿਸ ਤੋਂ ਛੇਕਿਆ ਜਾ ਰਿਹਾ ਸੀ। ਭਲਾ ਇਹ ਸ਼ਰ੍ਹਾ ਨੂੰ ਮੰਨਣ ਵਾਲਿਆਂ ਤੋਂ ਸੀ, ਜਿਹੜੇ ਗਲਾਤੀਆਂ ਨੂੰ ਆਪਣੇ ਟੋਲੇ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ? ਭਲਾ ਇਹ ਆਮ ਅਰਥ ਵਿਚ ਕਲੀਸੀਆ ਦੀ ਸੰਗਤੀ ਤੋਂ ਅੱਡ ਕਰਨਾ ਸੀ? ਭਲਾ ਇਹ ਪੌਲੁਸ ਅਤੇ ਉਸ ਦੇ ਪ੍ਰਚਾਰ ਅਤੇ ਸਿੱਖਿਆ ਦੇ ਪ੍ਰਭਾਵ ਤੋਂ ਅੱਡ ਕਰਨਾ ਸੀ?[34] ਇਸ ਆਖ਼ਰੀ ਵਿਚਾਰ ਨੂੰ NIV ਦਾ ਸਮਰਥਨ ਹੈ ਜਿਸ ਵਿਚ ਇਹ ਜੋੜਿਆ ਗਿਆ ਹੈ ਕਿ ''ਉਹ ਇਹ ਚਾਹੁੰਦੇ ਹਨ ਕਿ ਉਹ ਤੁਹਾਨੂੰ *ਸਾਥੋਂ* ਅੱਡ ਕਰਨਾ ਚਾਹੁੰਦੇ ਹਨ, ਤਾਂ ਜੋ ਤੁਹਾਡੇ ਅੰਦਰ ਉਨ੍ਹਾਂ ਲਈ ਜੋਸ਼ ਹੋਵੇ।''

ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਗਲਾਤੀਆ ਦੇ ਇਨ੍ਹਾਂ ਗੈਰਕੌਮਾਂ ਨੂੰ ਕਲੀਸੀਆ ਤੋਂ ਜਾਂ ਸੰਗਤੀ ਦੇ ਆਪਣੇ ਦਾਇਰੇ ਤੋਂ ਨਹੀਂ ਛੇਕਣਾ ਚਾਹੁੰਦੇ ਸਨ, ਘੱਟੋ ਘੱਟ ਪੱਕੇ ਤੌਰ ਤੇ ਤਾਂ ਨਹੀਂ। ਬਲਕਿ ਉਨ੍ਹਾਂ ਦੇ ਕੰਮ ਗਲਾਤੀਆ ਦੇ ਮਸੀਹੀਆਂ ਨੂੰ ਸ਼ਰ੍ਹਾ ਦੇ ਜੂਲੇ ਨੂੰ ਕਬੂਲ ਕਰ ਲੈਣ ਲਈ ਫੁਸਲਾਉਣ ਦੀ ਇਕ ਚਾਲ ਸੀ। ਇਸ ਗੱਲ ਤੇ ਜ਼ੋਰ ਦਿੰਦਿਆਂ ਕਿ ਉਹੀ ਅਸਲੀ, ਸੁੰਨਤ ਕੀਤੇ ਹੋਏ ਯਹੂਦੀ, ਅਬਰਾਹਾਮ ਦੀ ਸੰਤਾਨ ਹਨ, ਉਹ ਆਪਣੇ ਆਪ ਨੂੰ ''ਅਸਲ'' ਮਸੀਹੀ ਦੱਸਦੇ ਹੋਏ ਪ੍ਰਚਾਰ ਕਰ ਰਹੇ ਸਨ। ਯਹੂਦੀ ਲੋਕ ਪੀੜ੍ਹੀਆਂ ਤੋਂ ਲੋਕਾਂ ਨੂੰ ਯਹੂਦੀ ਮਤ ਵਿਚ ਲਿਆਉਣ ਲਈ ਇਹੀ ਤਰੀਕਾ ਅਪਣਾਉਂਦੇ ਰਹੇ ਸਨ। ਯਿਸੂ ਨੇ ਗ੍ਰੰਥੀਆਂ ਅਤੇ ਫਰੀਸੀਆਂ ਨੂੰ ਕਿਹਾ ਸੀ, ''ਹੇ ਕਪਟੀ ਗ੍ਰੰਥੀਓ ਅਤੇ ਫ਼ਰੀਸੀਓ ਤੁਹਾਡੇ ਉੱਤੇ ਹਾਇ ਹਾਇ! ਕਿਉਂ ਜੋ ਤੁਸੀਂ ਇਕ ਮਨੁੱਖ ਨੂੰ ਆਪਣੇ ਪੰਥ ਵਿਚ ਰਲਾਉਣ ਲਈ ਜਲ ਥਲ ਗਾਹੁੰਦੇ ਹੋ ਅਤੇ ਜਾਂ ਉਹ ਆ ਚੁੱਕਿਆ ਤਾਂ ਤੁਸੀਂ ਉਹ ਨੂੰ ਆਪਣੇ ਨਾਲੋਂ ਦੂਣਾ ਨਰਕ ਦਾ ਪੁੱਤਰ ਬਣਾਉਂਦੇ ਹੋ''(ਮੱਤੀ 23:15)। ਜੇ ਗਲਾਤੀਆਂ 1:8, 9 ਵਿਚ ਪੌਲੁਸ ਦੇ ਸ਼ਬਦ ਸਖ਼ਤ ਸਨ ਤਾਂ ਯਕੀਨਨ ਉਹ ਮੱਤੀ 23 ਵਿਚ ਇਸੇ ਸੰਦਰਭ ਵਿਚ ਕਹੇ ਪ੍ਰਭੂ ਦੇ ਸ਼ਬਦਾਂ ਨਾਲੋਂ ਸਖ਼ਤ ਨਹੀਂ ਸਨ।

**ਆਇਤ 18.** ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਗੁਮਰਾਹ ਜੋਸ਼ ਦਾ ਅਤੇ ਹਰ ਉਨ੍ਹਾਂ ਵੱਲੋਂ ਗੁਮਰਾਹ ਹੋਣ ਵਾਲਿਆਂ ਦਾ ਵਿਰੋਧ ਕਰਨ ਦੇ ਬਾਵਜੂਦ, ਪੌਲੁਸ ਨੇ ਸਾਫ਼ ਕੀਤਾ ਕਿ ਹਰ ਤਰ੍ਹਾਂ ਦਾ ਜੋਸ਼ ਬੁਰਾ ਨਹੀਂ ਹੈ: **ਪਰ ਭਲਾ ਇਹ ਹੈ ਜੋ ਭਲੀ ਗੱਲੇ ਸਦਾ ਤੁਹਾਨੂੰ ਫੁਸਲਾਉਣ ਅਤੇ ਨਾ ਕੇਵਲ ਓਸ ਵੇਲੇ ਜਾਂ ਮੈਂ ਤੁਹਾਡੇ ਕੋਲ ਹੋਵਾਂ।** ''ਫੁਸਲਾਉਣ'' ਦਾ ਅਨੁਵਾਦ (*zēloō,* ਜ਼ੇਲੂ)[35] ਤੋਂ ਕੀਤਾ ਗਿਆ ਹੈ ਜੋ ਯੂਨਾਨੀ ਲਿਖਤ ਵਿਚ ਜਾਂ ਤਾਂ ਮੱਧਸੁਰ (ਭਾਵ, ਦੇ ਲਈ ਕੰਮ ਕਰਨਾ ਜਾਂ ਕਿਸੇ ਦੇ ਦੇ ਆਪਣੇ ਸਬੰਧ ਵਿਚ) ਜਾਂ ਕਰਮਵਾਚ (ਕਾਰਵਾਹੀ ਕਰਨਾ) ਦੇ ਰੂਪ ਵਿਚ ਮਿਲਦਾ ਹੈ। ਪਰ ਕਰਮਵਾਚ ਦੇ ਰੂਪ ਵਿਚ ਇਸ ਸ਼ਬਦ ਦਾ ਅਰਥ ''ਜੋਸ਼ ਨਾਲ ਭਰ ਜਾਣਾ'' ਹੋ ਸਕਦਾ ਹੈ ਅਤੇ ਇਸ ਤਰ੍ਹਾਂ ਇਸ ਦਾ ਕਿਰਿਆਸ਼ੀਲ ਅਰਥ ਹੈ ''ਜੋਸ਼ ਵਿਖਾਉਣਾ'' ਜਾਂ ''ਜੋਸ਼ੀਲਾ ਹੋਣਾ।'' ਅੰਗ੍ਰੇਜ਼ੀ ਦੇ ਜ਼ਿਆਦਾਤਰ ਸੰਸਕਰਣਾਂ ਵਿਚ ਇਸ ਸ਼ਬਦ ਦਾ ਅਨੁਵਾਦ ਭਾਵੇਂ ਉਦਾਸੀਨਤਾ ਨਾਲ ਦਿੱਤਾ ਗਿਆ ਹੈ ਪਰ ਕਈਆਂ ਵਿਚ ਇਸ ਦਾ ਅਨੁਵਾਦ ਕਿਰਿਆਸ਼ੀਲ ਰੂਪ ਵਿਚ ਹੈ। ਉਦਾਹਰਣ ਲਈ NKJV ਵਿਚ ''ਜੋਸ਼ੀਲੇ ਹੋਣਾ ਚੰਗਾ ਹੈ'' ਅਤੇ NIV ਵਿਚ ''ਜੋਸ਼ੀਲੇ ਹੋਣਾ ਬਹੁਤ ਚੰਗਾ ਹੈ'' ਹੈ। ਇਹ ਵਿਹਾਰਕ ਬਦਲ ਸੰਦਰਭ ਲਈ ਬੇਹਤਰ ਢੰਗ ਨਾਲ ਢੁਕਵੇਂ ਲਗਦੇ ਹਨ। ਇਸ ਕਰਕੇ ਅਸੀਂ ਆਇਤ ਨੂੰ ਇਸ ਤਰ੍ਹਾਂ ਨਾਲ ਪੜ੍ਹ ਸਕਦੇ ਹਾਂ: ''ਹੁਣ ਭਲਿਆਈ ਲਈ ਜੋਸ਼ੀਲੇ ਹੋਣਾ ਹਮੇਸ਼ਾ ਚੰਗੀ ਗੱਲ ਹੁੰਦੀ ਹੈ ਨਾ ਸਿਰਫ਼ ਉਦੋਂ ਜਦੋਂ ਮੈਂ ਤੁਹਾਡੇ ਨਾਲ ਹੋਵਾਂ।''

''ਜਾਂ ਮੈਂ ਤੁਹਾਡੇ ਕੋਲ ਹੋਵਾਂ'' ਦੇ ਉਲਟ ਖ਼ਾਸ ਤੌਰ ਤੇ ''ਸਦਾ'' ਸ਼ਬਦ ਉੱਤੇ ਜ਼ੋਰ ਰਹਿੰਦਾ ਹੈ। ਆਇਤਾਂ 17 ਅਤੇ 18 ਵਿਚ ਜੋ ਭਲਾ ਹੈ ਅਤੇ ਜੋ ਭਲਾ ਨਹੀਂ ਹੈ ਵਿਚ ਇਕ ਹੋਰ ਫ਼ਰਕ ਕੀਤਾ ਗਿਆ ਹੈ। NIV ਦੇ ਅਨੁਵਾਦ ਵਿਚ ਇਸ ਦੀ ਝਲਕ ਮਿਲਦੀ ਹੈ: ''ਜਿਹੜੇ ਲੋਕ ਤੁਹਾਨੂੰ ਜਿੱਤ ਲੈਣ ਲਈ ਸਰਗਰਮ ਹਨ, ਪਰ *ਭਲਿਆਈ ਲਈ ਨਹੀਂ*। ... ਸਰਗਰਮ ਹੋਣਾ ਚੰਗਾ ਹੈ ਪਰ ਸ਼ਰਤ ਹੈ ਕਿ ਉਸ ਦਾ ਮਕਸਦ ਭਲਿਆਈ ਹੋਵੇ ...।'' ਗਲਾਤੀਆਂ ਦੇ ਲੋਕਾਂ ਨੇ ਪੌਲੁਸ ਨੂੰ ਅਤੇ ਖੁਸ਼ਖ਼ਬਰੀ ਨੂੰ ਜਿਹੜੀ ਉਸ ਨੇ ਪਹਿਲੀ ਮਿਸ਼ਨਰੀ ਯਾਤਰਾ ਤੇ ਸੁਣਾਈ ਸੀ, ਬੜੀ ਖੁਸ਼ੀ ਨਾਲ ਕਬੂਲ ਕੀਤਾ ਸੀ (ਕਰਤੱਬ 13; 14)। ਪਰ ਉਸ ਦੇ ਚਲੇ ਜਾਣ ਦੇ ਬਾਅਦ ਉਨ੍ਹਾਂ ਦੀ ਵਫ਼ਾਦਾਰੀ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਅਤੇ ਉਨ੍ਹਾਂ ਦੇ ਪਾਖੰਡ ਭਰੇ ਸੰਦੇਸ਼ ਵੱਲ ਹੋ ਗਈ ਸੀ, ਜਿਸ ਵਿਚ ਸ਼ਰ੍ਹਾ ਦੀ ਗੁਲਾਮੀ ਦੀ ਗੱਲ ਸੀ। ਇਸ ਦੇ ਉਲਟ ਪੌਲੁਸ ਚਾਹੁੰਦਾ ਸੀ ਕਿ ਉਹ ਉਸ ਦੀ ਗੈਰ ਮੌਜੂਦਗੀ ਵਿਚ ਵੀ ਅਸਲ ਖੁਸ਼ਖ਼ਬਰੀ ਲਈ ਸਰਗਰਮ ਰਹਿਣ (ਵੇਖੋ ਫ਼ਿਲਿੱਪੀਆਂ 1:27)।

**ਆਇਤ 19.** ਇਸ ਖ਼ਤ ਦੀਆਂ ਦੋ ਅਗਲੀਆਂ ਆਇਤਾਂ ਇਸ ਲੇਖਕ ਦੇ ਮਨ ਨੂੰ ਇੰਜ ਵਿਖਾਉਂਦੀਆਂ ਹਨ ਜਿਵੇਂ ਗਲਾਤੀਆਂ ਦੀ ਪੂਰੀ ਕਿਤਾਬ ਵਿਚ ਕੋਈ ਹੋਰ ਹਵਾਲਾ ਨਹੀਂ ਵਿਖਾਉਂਦਾ।

ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਇਹ ਖ਼ਤ ਬੜੇ ਜਜ਼ਬਾਤੀ ਹੋ ਕੇ ਲਿਖਿਆ ਗਿਆ ਸੀ। ਅਸਲ ਵਿਚ ਇਸ ਨੂੰ ਸਦਮੇ ਅਤੇ ਦੁਵਧਾ ਦੀ ਵਿਚਕਾਰਲੀ ਹਾਲਤ ਵਿਚ ਲਿਖਿਆ ਗਿਆ ਕਿਹਾ ਜਾ ਸਕਦਾ ਹੈ। (ਦੁਵਧਾ ਸ਼ਬਦ 4:20 ਵਿਚ ਪੌਲੁਸ ਦਾ ਆਪਣਾ ਸੀ)। ਜਿਸ ਦੀ ਪਹਿਲੀ ਮਿਸ਼ਨਰੀ ਯਾਤਰਾ ਅਤੇ ਯਰੂਸ਼ਲਮ ਦੀ ਸਭਾ ਨੂੰ ਵਿਚਲੇ ਸਮੇਂ ਵਿਚ ਕਾਲਕ੍ਰਮ ਬਣਾਉਣ ਦੇ ਨਾਲ–ਨਾਲ ਪੌਲੁਸ ਦੇ ਮੁੱਢਲੇ ਲੇਖਾਂ ਦੇ ਰੂਪ ਵਿਚ ਇਸ ਖ਼ਤ ਨੂੰ ਮੰਨਣ ਵਿਚ ਸਹੀ ਹਾਂ (ਕਰਤੱਬ 14:26 ਅਤੇ 15:6 ਵਿਚਕਾਰ), ਤਾਂ ਇਸ ਹਾਲਤ ਤੋਂ ਕਈ ਮੁਲਾਂਕਣ ਕੀਤੇ ਜਾ ਸਕਦੇ ਹਨ।

ਜ਼ਬਰਦਸਤ ਕੁਰਬਾਨੀਆਂ, ਜੋਖਿਮਾਂ ਅਤੇ ਮੁਸੀਬਤਾਂ ਦੇ ਬਾਵਜੂਦ ਜਿਹੜੀਆਂ ਪੌਲੁਸ ਨੂੰ ਝੱਲਣੀਆਂ ਪਈਆਂ ਸਨ, ਜਿਸ ਵਿਚ ਇਕ ਵਾਰ ਤਾਂ ਉਸ ਨੂੰ ਪਥਰਾਅ ਕਰਕੇ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ ਗਿਆ ਸੀ (ਕਰਤੱਬ 14:19), ਉਹ ਅਤੇ ਬਰਨਬਾਸ ਅੰਤਾਕਿਆ ਵਿਚ ਵਾਪਸ ਆਏ ਸਨ ਜੋ ਕਿ ਬਿਨਾਂ ਕਿਸੇ ਸ਼ਕ ਦੇ ਅਨੰਦ ਦੀ ਹਾਲਤ ਸੀ। ''ਪਰਾਈਆਂ ਕੌਮਾਂ ਦੇ ਲਈ ਨਿਹਚਾ ਦਾ ਦਰਵਜਾ'' ਖੋਲ੍ਹ ਦਿੱਤੇ ਜਾਣ ਦੀ ਆਪਣੀ ਪਹਿਲੀ ਕੋਸ਼ਿਸ਼ ਵਿਚ ਉਹ ਕਾਮਯਾਬ ਹੋ ਗਏ ਸਨ (ਕਰਤੱਬ 14:27) । ਫਿਰ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਆ ਗਏ (ਕਰਤੱਬ 15:1)। ਪਹਿਲੀ ਮਿਸ਼ਨਰੀ ਯਾਤਰਾ ਵੇਲੇ ਪੌਲੁਸ ਦੀਆਂ ਮੁਸੀਬਤਾਂ ਸ਼ੁਰੂ ਕਰਨ ਵਾਲੇ ਬੇਪਰਤੀਤੇ ਯਹੂਦੀ ਨਹੀਂ ਸਨ। ਬਲਕਿ ਉਹ ਸ਼ੁਰੂਆਤੀ ਸਾਲਾਂ ਵਿਚ ਖੁਸ਼ਖ਼ਬਰੀ ਸੁਣ ਕੇ ਬਣੇ ਯਹੂਦੀ ਮਸੀਹੀ ਸਨ ਜਦ ਇੰਜੀਲ ਸਿਰਫ਼ ਖ਼ੁਦਾ ਦੇ ਪੁਰਾਣੇ ਨੇਮ ਦੇ ਲੋਕਾਂ ਤਕ ਸੁਣਾਈ ਜਾਂਦੀ ਸੀ। ਕੁਰਨੇਲਿਉਸ ਦੀ ਮਨਬਦਲੀ ਦੇ ਸਬੰਧ ਵਿਚ ਪਤਰਸ ਦੀ ਸਫ਼ਾਈ ਸੁਣਨ ਤੋਂ ਬਾਅਦ ਵਿਰੋਧ ਕਰਨ ਵਾਲੇ ਅਖ਼ੀਰ ਵਿਚ ਸਚਿਆਈ ਨੂੰ ਮੰਨ ਗਏ ਸਨ ਅਤੇ ਉਨ੍ਹਾਂ ਇਹ ਕਹਿ ਕੇ ''ਪਰਮੇਸ਼ੁਰ ਦੀ ਵਡਿਆਈ ਕੀਤੀ ਕਿ ਤਦ ਤਾਂ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਭੀ ਜੀਉਣ ਲਈ ਤੌਬਾ ਬਖ਼ਸ਼ੀ ਹੈ'' (ਕਰਤੱਬ 11:18)।

ਤਾਂ ਵੀ ਬਹੁਤ ਸਾਰੇ ਯਹੂਦੀ ਚੇਲਿਆਂ ਲਈ ਪੌਲੁਸ (ਅਤੇ ਪਤਰਸ) ਉੱਤੇ ਪਰਗਟ ਕੀਤੀ ਗਈ ਸਚਿਆਈ ਅਜੇ ਵੀ ਅਸਪੱਸ਼ਟ ਸੀ। ਉਹ ਯਹੂਦੀਆਂ ਅਤੇ ਮਸੀਹ ਵਿਚ ਪਰਾਈਆਂ ਕੌਮਾਂ ਵਿਚਕਾਰ ਫ਼ਰਕ ਕਰੀ ਜਾ ਰਹੇ ਸਨ ਅਤੇ ਇਸ ਵਿਚਾਰ ਨੂੰ ਨਕਾਰ ਰਹੇ ਸਨ ਕਿ ਸੁੰਨਤ ਅਤੇ ਮੂਸਾ ਦੇ ਰਾਹੀਂ ਦਿੱਤੀਆਂ ਗਈਆਂ ਹੋਰ ਵਿਧੀਆਂ ਹੁਣ ਅਪ੍ਰਾਸੰਗਿਕ ਸਨ। ਗੈਰਕੌਮਾਂ ਲਈ ਮਸੀਹ ਦੇ ਵਿਸ਼ੇਸ਼ ਦੂਤ ਦੇ ਰੂਪ ਵਿਚ ਪੌਲੁਸ ਲਈ ਇਹ ਸਚਿਆਈਆਂ ਬਿਲਕੁਲ ਸਪੱਸ਼ਟ ਲਗਦੀਆਂ ਸਨ। ਉਹ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਉਸ ਦੇ ਕੰਮ ਨੂੰ ਬਰਬਾਦ ਕਰਨ ਦੇ ਤਰੀਕੇ ਤੋਂ ਨਰਾਜ਼ ਸੀ।

ਇਹ ਪਿਛੋਕੜ ਉਸ ਦੇ ਗਲਾਤੀਆਂ ਦੇ ਆਪਣੇ ਬੱਚਿਆਂ ਨੂੰ ''ਹੇ ਮੂਰਖ ਗਲਾਤੀਓ'' ਕਹਿ ਕੇ ਸਿੱਧੇ ਗੱਲ ਕਰਨ ਦੇ ਉਸਦੇ ਗੁੱਸੇ ਨੂੰ ਵਿਖਾਉਂਦਾ ਹੈ (3:1)। ਖ਼ਤ ਵਿਚ ਸਿੱਧੇ ਸਿੱਧੇ ਗੱਲ ਕਰਨਾ ਸਿਰਫ਼ ਇੱਥੇ ਹੀ ਮਿਲਦਾ ਹੈ। ਖ਼ਤ ਵਿਚ ''ਭਰਾਵੋ'' (*adelphoi,* ਅਡੇਲਫੋਈ) ਸ਼ਬਦ ਦੀ ਵਰਤੋਂ ਸੰਬੋਧਨ ਦੇ ਰੂਪ ਵਿਚ ਨੌਂ ਵਾਰ ਹੋਈ ਹੈ।[36] 4:19 ਵਿਚ ਪੌਲੁਸ ਨੇ ਗਲਾਤੀਆਂ ਨੂੰ **ਹੇ ਮੇਰੇ ਬੱਚਿਓ** (*tekna mou,* ਟੈਕਨਾ ਮੋਉ) ਆਖਿਆ। ਹੋਰਨਾਂ ਪੁਰਾਤਨ ਹੱਥਲਿਖਤਾਂ ਵਿਚ ਫ਼ਰਕ ਹੈ (*teknia mou,* ਟੈਕਨਿਆ ਮੋਉ),[37] ਜਿਸ ਦਾ ਅਨੁਵਾਦ ''ਮੇਰੇ ਛੋਟੇ ਬੱਚਿਓ'' (NKJV; NRSV; ESV) ਜਾਂ ''ਮੇਰੇ ਪਿਆਰੇ ਬੱਚਿਓ'' (NIV; NLT; GNT) ਹੋ ਸਕਦਾ ਹੈ। ਪੂਰੇ ਖ਼ਤ ਵਿਚ ਮੋਹ ਵਾਲਾ ਸਿਰਫ਼ ਇਹੀ ਇਕ ਸ਼ਬਦ ਹੈ।

ਪੌਲੁਸ ਆਪਣੇ ਰੂਹਾਨੀ ਬੱਚਿਆਂ ਨੂੰ ਬੜਾ ਪਿਆਰ ਕਰਦਾ ਹੋਵੇਗਾ। ਉਨ੍ਹਾਂ ਦੇ ਸਬੰਧ ਦੇ ਵਰਣਨ ਨੇ ਆਇਤ 19 ਵਿਚ ਵਰਤੀ ਗਈ ਭਾਸ਼ਾ ਦਿਲ ਨੂੰ ਲਗਦੀ ਹੈ: **ਜਿੰਨਾ ਚਿਰ ਤੁਹਾਡੇ ਵਿਚ ਮਸੀਹ ਸੂਰਤ ਨਾ ਫੜ ਲੈ ਮੈਨੂੰ ਤੁਹਾਡੇ ਲਈ ਫੇਰ ਪੀੜਾਂ ਲੱਗੀਆਂ ਹੋਈਆਂ** *[palin ōdinō,* ਪੈਲਨ ਓਡੀਨੋ*]* **ਹਨ।** ਪੂਰੀ ਲਿਖਤ ਵਿਚ ਮਾਂ ਦੇ ਜਨਮ ਦੀ ਪ੍ਰਕਿਰਿਆ ਦਾ ਚਿਤਰਣ ਸਭ ਤੋਂ ਭਾਵਕ ਉਪਮਾਵਾਂ ਵਿੱਚੋਂ ਇਕ ਹੈ। ਇਸ ਦਾ ਦਿੱਤਾ ਵੇਰਵਾ ਕੁਰਿੰਥੁਸ ਵਿਚ ਆਪਣੇ ''ਪਿਆਰੇ ਬੱਚਿਆਂ'' ਨੂੰ ਆਪਣੀ ਰੀਸ

ਕਰਨ ਦੀ ਪੌਲੁਸ ਦੀ ਬੇਨਤੀ ਵਰਗਾ ਹੀ ਹੈ। ਉਸ ਨੇ ਲਿਖਿਆ:

> ਮੈਂ ਏਹ ਗੱਲਾਂ ਤੁਹਾਨੂੰ ਲੱਜਿਆਵਾਨ ਕਰਨ ਲਈ ਨਹੀਂ ਸਗੋਂ ਆਪਣੇ ਪਿਆਰਿਆਂ ਬਾਲਕਾਂ ਵਾਂਙੁ ਸਮਝਾਉਣ ਲਈ ਲਿਖਦਾ ਹਾਂ। ਭਾਵੇਂ ਹੀ ਮਸੀਹ ਵਿਚ ਦਸ ਹਜ਼ਾਰ ਉਸਤਾਦ ਤੁਹਾਡੇ ਹੋਣ ਪਰ ਪਿਉ ਬਹੁਤੇ ਨਹੀਂ ਇਸ ਲਈ ਜੋ ਮਸੀਹ ਯਿਸੂ ਵਿਚ ਖੁਸ਼ ਖਬਰੀ ਦੇ ਵਸੀਲੇ ਨਾਲ ਤੁਹਾਡਾ ਪਿਉ ਮੈਂ ਹੀ ਹੋਇਆ। ਸੋ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਮੇਰੀ ਰੀਸ ਕਰੋ। (1 ਕੁਰਿੰਥੀਆਂ 4:14–16)।

KJV ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਰਸੂਲ ਨੇ ਉਨ੍ਹਾਂ ਨੂੰ ''ਜਨਮ ਦਿੱਤਾ'' ਸੀ। ਫਿਲੇਮੋਨ ਦੇ ਨਾਂਅ ਆਪਣੇ ਖ਼ਤ ਵਿਚ ਪੌਲੁਸ ਨੇ ਕਿਸੇ ਨੂੰ ਵਿਸ਼ਵਾਸ ਵਿਚ ਲਿਆਉਣ ਦੀ ਆਪਣੀ ਭੂਮਿਕਾ ਨੂੰ ''ਜਨਮ ਦੇਣ'' ਦੇ ਰੂਪ ਵਿਚ ਲਾਖਣਿਕ ਰੂਪ ਨਾਲ ਦੱਸਿਆ। ਉਸ ਨੇ ਲਿਖਿਆ, ''ਮੈਂ ਆਪਣੇ ਬੱਚੇ ਦੇ ਨਮਿਤ ਜਿਹੜਾ ਕੈਦ ਵਿਚ ਮੇਰੇ ਲਈ ਉਤਪਤ ਹੋਇਆ ਤੇਰੇ ਅੱਗੇ ਬੇਨਤੀ ਕਰਦਾ ਹਾਂ ਅਰਥਾਤ ਉਨੇਸਿਮੁਸ ਦੇ ਨਮਿਤ'' (ਫ਼ਿਲੇਮੋਨ 10)। ਇਸੇ ਤਰ੍ਹਾਂ ਇਨ੍ਹਾਂ ਦੋਹਾਂ ਹਵਾਲਿਆਂ ਵਿਚ ਮਿਲਣ ਵਾਲਾ ਕਿਰਿਆ ਸ਼ਬਦ (*gennaō,* ਗੇਨਾਓ) ਲਾਖਣਿਕ ਰੂਪ ਵਿਚ ਪਰਮੇਸ਼ੁਰ ਅਤੇ ਪਵਿੱਤਰ ਆਤਮਾ ਦੋਹਾਂ ਲਈ ਬਾਰ ਬਾਰ ਵਰਤਿਆ ਗਿਆ ਹੈ (ਯੂਹੰਨਾ 1:13; 3:6, 8; ਇਬਰਾਨੀਆਂ 1:5; 5:5; 1 ਯੂਹੰਨਾ 4:7; 5:1)। ਕੁਝ ਲੋਕਾਂ ਦੇ ਇਸ ਦਾਅਵੇ ਦੇ ਉਲਟ ਕਿਰਿਆ ਸ਼ਬਦ *gennaō (*ਗੇਨਾਓ) ਦੀ ਵਰਤੋਂ ਔਰਤ ਦੇ ਜਣੇਪੇ ਦੇ ਕੰਮ ਲਈ ਵੀ ਹੋਈ ਹੈ ਪਰ ਆਮ ਤੌਰ ਤੇ ਸਿਰਫ਼ ਸ਼ਬਦੀ ਅਰਥ ਵਿਚ। ਉਦਾਹਰਣ ਲਈ, ਇਸ ਦੀ ਵਰਤੋਂ ਇਲਿਸਬਤ (ਲੂਕਾ 1:13), ਮਰੀਅਮ (ਮੱਤੀ 1:16), ਅਤੇ ਆਮ ਅਰਥ ਵਿਚ ਔਰਤਾਂ (ਲੂਕਾ 23:29) ਲਈ ਹੋਈ ਹੈ। ਔਰਤ ਦੇ ''ਜਨਮ ਦੇਣ'' ਲਈ ਸ਼ਬਦ ਭਾਵੇਂ ਜ਼ਿਆਦਾਤਰ *tiktō* (ਟਿਕਟੋ) ਹੈ ਪਰ ਔਰਤਾਂ ਲਈ ਦੋਵੇਂ ਯੂਨਾਨੀ ਸ਼ਬਦ ਵਰਤੇ ਜਾਂਦੇ ਹਨ। ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਜਨਮ ਦੇਣ ਦੇ ਮਾਮਲੇ ਵਿਚ, ਇੱਕੋ ਆਇਤ ਵਿਚ ਦੋਵਾਂ ਸ਼ਬਦਾਂ ਦੀ ਵਰਤੋਂ ਸਮਾਨ ਅਰਥੀ ਰੂਪ ਵਿਚ ਹੋਈ ਹੈ (ਲੂਕਾ 1:57)। ਪਰ ਬੱਚੇ ਦੇ ਜਨਮ ਵਿਚ ਆਦਮੀ ਦੀ ਭੂਮਿਕਾ ਹਰ ਥਾਂ *gennaō* (ਗੇਨਾਉ) ਸ਼ਬਦ ਨਾਲ ਹੀ ਵਿਖਾਈ ਗਈ ਹੈ।

4:19 ਵਿਚ ਪੌਲੁਸ ਦੀ ਭਾਸ਼ਾ ਦਾ ਇਕ ਹੋਰ ਵਿਚਾਰ ਜਿਹੜਾ ਧਿਆਨ ਖਿੱਚਦਾ ਹੈ ਉਹ ਇਹ ਹੈ ਕਿ ਉਸ ਨੇ ਜੋ ਕਿ ਇਕ ਪੁਰਖ ਲੇਖਕ ਸੀ, ਔਰਤ ਦੇ ਰੂਪਕ ''ਪੀੜਾਂ ਲੱਗੀਆਂ'' ਹੋਣ ਦੀ ਗੱਲ ਕੀਤੀ। ਇਹ ਆਇਤ ਦੇ ਪਹਿਲੇ ਭਾਗ ਵਿਚ ਉਸ ਦੇ ''ਹੇ ਮੇਰੇ ਬੱਚਿਓ'' ਦੇ ਨਾਂਅ ਉਸ ਦੇ ਸੰਬੋਧਨ ਵਿਚ ਹੋਰ ਵੀ ਲਾਡ ਨੂੰ ਜੋੜ ਦਿੰਦਾ ਹੈ। ਕਿਤੇ ਹੋਰ ਪੌਲੁਸ ਨੇ ਇਸਤਰੀਲਿੰਗ ਰੂਪ ਵਰਤਿਆ: ''ਪਰ ਅਸੀਂ ਤੁਹਾਡੇ ਵਿਚ ਅਜੇਹੇ ਅਸੀਲ ਸਾਂ ਜਿਹੀ ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ। ਇਉਂ ਅਸੀਂ ਤੁਹਾਡੇ ਚਾਹਵੰਦ ਹੋ ਕੇ ... ਤਿਆਰ ਸਾਂ ਇਸ ਲਈ ਜੋ ਤੁਸੀਂ ਸਾਡੇ ਪਿਆਰੇ ਬਣ ਗਏ ਸਾਓ'' (1 ਥੱਸਲੁਨੀਕੀਆਂ 2:7, 8)। ਗਲਾਤੀਆਂ ਵਿਚਲਾ ਹਵਾਲਾ ਕਿਤੇ ਵੱਧ ਸਪੱਸ਼ਟ ਹੈ ਅਤੇ ਨਕਾਰਾਤਮਕ ਰੂਪ ਵਿਚ ਇਸ ਦਾ ਦਿੱਤਾ ਜਾਣਾ ਖ਼ਤ ਨੂੰ ਹੋਰ ਵੀ ਸਪੱਸ਼ਟ ਬਣਾ ਦਿੰਦਾ ਹੈ। ਕੁਝ ਹੀ ਆਇਤਾਂ ਦੇ ਬਾਅਦ ਗਲਾਤੀਆਂ 4:27 ਵਿਚ ਪੌਲੁਸ ਨੇ ਯਸਾਯਾਹ 54:1 ਵਿੱਚੋਂ ਦੁਹਰਾਇਆ, ਜਿਸ ਵਿਚ ਜਨਮ ਦੀ ਪ੍ਰਕਿਰਿਆ ਨੂੰ ਦਰਸਾਉਂਦੇ ਦੋ ਸ਼ਬਦ ਹਨ: *tiktō* (''ਜਨਮ ਦੇਣਾ'') ਅਤੇ *ōdinō* (''ਪੀੜਾਂ ਲੱਗਣੀਆਂ'' ਜਾਂ ''ਜਣਨ ਦੀਆਂ ਪੀੜਾਂ'')। ਆਪਣੀ ਮੂਲ ਪ੍ਰਾਸੰਗਿਕਤਾ ਵਿਚ ਦੋਵੇਂ ਸ਼ਬਦ ਸਿਰਫ਼ ਔਰਤਾਂ ਲਈ ਵਰਤੇ ਜਾਂਦੇ ਸਨ ਅਤੇ ਬਾਅਦ ਵਾਲੇ ਸ਼ਬਦ ਵਿਚ ਡੂੰਘੀ ਤਕਲੀਫ਼ ਨੂੰ ਦਰਸਾਇਆ ਜਾਂਦਾ ਸੀ।

ਇਸ ਸਭ ਤੋਂ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਪੌਲੁਸ ਸਖ਼ਤ ਦਿਲ ਬੁੱਧੀਜੀਵੀ ਨਹੀਂ ਸੀ ਜਿਵੇਂ ਕਿ ਬਹੁਤਿਆਂ ਨੇ ਉਸ ਨੂੰ ਵਿਖਾਇਆ ਹੈ। ਕਈ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ

ਰਸੂਲ, ਜਿਸ ਨੇ ਕਦੇ ਵਿਆਹ ਨਹੀਂ ਕੀਤਾ ਸੀ, ਔਰਤਾਂ ਨੂੰ ਨਾਪਸੰਦ ਕਰਦਾ ਸੀ। ਉਹ ਅਜਿਹਾ ਉਸ ਦੇ ਵਿਆਹ ਅਤੇ ਤਲਾਕ ਨਾਲ ਨਜਿੱਠਣ ਦੇ ਉਸ ਦੇ ਤਰੀਕੇ ਕਰਕੇ ਕਰਦੇ ਹਨ। ਹੋਰ ਲੋਕ ਉਸ ਦੀ ਇਸ ਸਿੱਖਿਆ ਤੋਂ ਠੋਕਰ ਖਾਂਦੇ ਹਨ ਕਿ ਪਤਨੀਆਂ ਆਪੋ ਆਪਣੇ ਪਤੀਆਂ ਦੇ ਅਧੀਨ ਹੋਣ (ਵੇਖੋ 1 ਕੁਰਿੰਥੀਆਂ 14:34,35; ਅਫ਼ਸੀਆਂ 5:22–24; 1 ਤਿਮੋਥਿਉਸ 2:11–15; ਤੀਤੁਸ 2:3–5; 1 ਪਤਰਸ 3:1–6)।

ਕੋਈ ਵੀ ਜਿਹੜਾ ਗਲਾਤੀਆਂ 4:19, 20 ਨੂੰ ਪੌਲੁਸ ਦੇ ਮਨ ਦੀ ਜ਼ਬਰਦਸਤ ਬੇਚੈਨੀ ਨੂੰ ਸਮਝੇ ਬਗੈਰ ਪੜ੍ਹਦਾ ਹੈ ਉਸ ਨੂੰ ਪੌਲੁਸ ਦੇ ਨਹੀਂ ਬਲਕਿ ਆਪਣੇ ਮਨ ਦੀ ਮੁਸ਼ਕਿਲ ਨੂੰ ਸਮਝਣਾ ਚਾਹੀਦਾ ਹੈ। ਪੂਰੇ ਨਵੇਂ ਨੇਮ ਵਿਚ ਇਹ ਸਭ ਤੋਂ ਗੰਭੀਰ ਭਾਵੁਕ ਹਵਾਲਿਆਂ ਵਿੱਚੋਂ ਇੱਕ ਹੈ। ਇੰਜੀਲ ਸੁਣਾਉਣ ਦੇ ਉਸ ਦੇ ਸਾਰੇ ਉਪਰਾਲਿਆਂ ਨੇ ਬੇਹੱਦ ਗੰਭੀਰ ਉਦੇਸ਼ ਦੀ ਪੌਲੁਸ ਦੀ ਪੌਲੁਸ ਦੀ ਪੂਰੀ ਸਮਝ ਤੋਂ ਨਿੱਕਲੀਆਂ ਭਾਵਨਾਵਾਂ ਇਹ ਹਨ ਕਿ ਜਿਨ੍ਹਾਂ ਦੀ ਮਨਬਦਲੀ ਵਿਚ ਉਸ ਨੇ ਮਦਦ ਕੀਤੀ ਸੀ ਉਨ੍ਹਾਂ ''ਵਿਚ ਮਸੀਹ ਸੂਰਤ ਫੜ'' ਰਿਹਾ ਸੀ।

ਆਪਣੇ ਪੁੱਤਰ ਯਿਸੂ ਨਾਸਰੀ ਨੂੰ ਧਰਤੀ ਉੱਤੇ ਪ੍ਰਗਟ ਕਰਨ ਦੇ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਨ ਵਿਚ ਪਰਮੇਸ਼ੁਰ ਦੀ ਸਨਾਤਨ ਮਨਸ਼ਾ ''ਮਸੀਹ ਜੋ ਕਿ ਪ੍ਰਤਾਪ ਦੀ ਆਸ ਹੈ'' (ਕੁਲੁੱਸੀਆਂ 1:27) ਨੂੰ ਪ੍ਰਗਟ ਕਰਨਾ ਸੀ। ਪੌਲੁਸ ਨੇ ਮਸੀਹੀ ਲੋਕਾਂ ਨਾਲ ਇਹੀ ਗੱਲ ਕਿਸੇ ਹੋਰ ਜਗ੍ਹਾ ਕੀਤੀ ਪਰ ਗਲਾਤੀਆਂ ਨੂੰ ਇਹੀ ਆਸ ਦੱਸੀ ਗਈ ਸੀ। ਉਨ੍ਹਾਂ ਨੇ ਖੁਸ਼ਖ਼ਬਰੀ ਉੱਤੇ ਵਿਸ਼ਵਾਸ ਕੀਤਾ ਸੀ ਅਤੇ ਬਪਤਿਸਮਾ ਲਿਆ ਸੀ। ਉਨ੍ਹਾਂ ਨੂੰ ਪਤਾ ਸੀ ਕਿ ''ਪਰਤਾਪ ਦੀ ਆਸ'' ਕੌਣ ਹੈ, ਕਿਉਂ ਜੋ ਪੌਲੁਸ ਨੇ ਆਪਣੇ ਪ੍ਰਚਾਰ ਵਿੱਚੋਂ ਇਸ ਜ਼ਰੂਰੀ ਸਿੱਖਿਆ ਨੂੰ ਕਦੇ ਕੱਢਿਆ ਨਹੀਂ ਹੋਵੇਗਾ।[38] ਪਰ ਗਲਾਤੀਆਂ ਨੂੰ ਉਨ੍ਹਾਂ ਵੱਲੋਂ ਜਿਹੜੇ ਉਨ੍ਹਾਂ ਉੱਤੇ ਸ਼ਰ੍ਹਾ ਨੂੰ ਥੋਪ ਰਹੇ ਸਨ ਯਿਸੂ ਦੀ ਆਸ ਤੋਂ ਭਟਕਾ ਦਿੱਤਾ ਗਿਆ ਸੀ।

ਇਨ੍ਹਾਂ ਨਵੇਂ ਚੇਲਿਆਂ ਦੀ ਜ਼ਿੰਦਗੀ ਵਿਚ ਮਸੀਹ ਸੂਰਤ ਨਹੀਂ ਫੜ੍ਹ ਰਿਹਾ ਸੀ। ਰੂਹਾਨੀ ਤਰੱਕੀ ਲਈ ਨਿੱਜੀ ਸ਼ੁੱਧਤਾ ਅਤੇ ਪਵਿੱਤਰਤਾਈ ਵਰਗੇ ਆਯਾਮ ਦੂਜਿਆਂ ਲਈ ਸਰਗਰਮ, ਪ੍ਰੇਮ ਭਰਿਆ ਲਗਾਅ ਵਿਖਾਉਂਦਿਆਂ ਉਨ੍ਹਾਂ ਲਈ ਜੀਣਾ, ਗੁਆਚਿਆਂ ਹੋਇਆਂ ਤਕ ਪਹੁੰਚਣ ਦੀ ਪਰਮੇਸ਼ੁਰ ਦੀ ਮੰਸ਼ਾ ਅਤੇ ਇੱਛਾ ਲਈ ਸਮਰਪਣ; ਅਤੇ ਮਸੀਹ ਦੇ ਕਾਰਜ ਲਈ ਦੁੱਖ ਉਠਾਉਣ ਦੇ ਲਈ ਤਿਆਰ ਹੁੰਦੇ ਹਨ। ਇਹਦੇ ਲਈ ''ਉਤਾਹਾਂ ਦੀਆਂ ਗੱਲਾਂ'' ਨਾਲ ਲਗਾਅ (ਕੁਲੁੱਸੀਆਂ 3:1, 2) ਹੋਣਾ ਅਤੇ ਉਨ੍ਹਾਂ ਤੋਂ ਦੂਰ ਹੋਣਾ ਜਿਹੜੀਆਂ ਪਵਿੱਤਰ ਜ਼ਿੰਦਗੀ ਜੀਣ ਤੋਂ ਹਟਾਉਂਦੀਆਂ ਹਨ, ਜ਼ਰੂਰੀ ਹੈ। ਸੰਖੇਪ ਵਿਚ ਮਸੀਹੀ ਵਿਅਕਤੀ ਦੇ ਅੰਦਰ ਮਸੀਹ ਦੀ ਸੂਰਤ ਬਣਨ ਲਈ ਉਹ ਸਭ ਜ਼ਰੂਰੀ ਹੈ ਜਿਸ ਨਾਲ ਯਿਸੂ ਦੀ ਜ਼ਿੰਦਗੀ ਨੂੰ ਪ੍ਰੇਰਣਾ ਅਤੇ ਹਦਾਇਤ ਮਿਲਦੀ ਸੀ, ਜਿਹੜਾ ''ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ'' ਸੀ (ਲੂਕਾ 19:10)।

ਪੌਲੁਸ ਦਾ ਆਪਣੀ ਸੇਵਕਾਈ ਨੂੰ ਅੰਜਾਮ ਦੇਣ ਦਾ ਦਿਲੋਂ ਜਨੂਨ ਯਿਸੂ ਦੇ ਆਤਮਾ ਅਤੇ ਪ੍ਰਤਾਪ ਦੀ ਝਲਕ ਸੀ ਜਿਸ ਨੇ ਦੂਜਿਆਂ ਨੂੰ ਬਚਾਉਣ ਲਈ ਆਪਣੀ ਜਾਨ ਸਵੈ ਇੱਛਾ ਨਾਲ ਦੇ ਦਿੱਤੀ। ਪੌਲੁਸ ਨੇ ਕੁਰਿੰਥੀਆਂ ਨੂੰ ਦੱਸਿਆ ਕਿ ਮੂਸਾ ਦੇ ਉਲਟ ਜਿਹੜਾ ਪੁਰਾਣੇ ਨੇਮ ਦਾ ਸੇਵਕ ਸੀ, ਉਹ ਅਤੇ ਹੋਰ ਰਸੂਲ ''ਨਵੇਂ ਨੇਮ'' ਦੇ ਸੇਵਕ ਹਨ। ਉਸ ਨੇ ਕਿਹਾ, ''ਅਤੇ ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੂ ਦੇ ਤੇਜ ਦੀ ਝਲਕ ਦਿੰਦੇ ਹਾਂ, ਉਸਦੇ ਸਰੂਪ ਵਿਚ ਸਦਾ ਵੱਧਦੇ ਤੇਜ ਨਾਲ ਬਦਲਦੇ ਜਾਂਦੇ ਹਾਂ ...'' (2 ਕੁਰਿੰਥੀਆਂ 3:18; NIV 1984)।[39] ਮੂਸਾ ਦੇ ਨਾਲ, ਘਟਦਾ ਰਹਿਣ ਵਾਲਾ ਤੇਜ, ਪਰਦੇ ਦੇ ਓਹਲੇ, ਘੱਟਦਾ ਗਿਆ। ਪਰ ਰਸੂਲ ਜਿੰਨ੍ਹਾਂ ਮਸੀਹ ਦਾ ਸੰਦੇਸ਼ ਸੁਣਾਉਂਦੇ ਓਨਾਂ ਹੀ ਉਹ ਉਹਦੇ ਰੂਪ ਵਿਚ ''ਬਦਲਦੇ'' ਗਏ (*metamorphoō*) ਜਾਂ ਉਨ੍ਹਾਂ ਦਾ ''ਕਾਇਆਪਲਟ'' ਹੁੰਦਾ ਗਿਆ। ਇਸ ਸੰਦੇਸ਼ ਨੂੰ ਸੁਣਾਉਣ ਦਾ ਉਨ੍ਹਾਂ ਦਾ ਉਦੇਸ਼ ਕੀ ਸੀ? ''ਮਸੀਹ ਤੁਹਾਡੇ ਵਿਚ ਪ੍ਰਤਾਪ ਦੀ ਆਸ''!

ਪੌਲੁਸ ਦੇ ਗਲਾਤੀਆ ਵਿਚਲੇ ਪਿਆਰੇ ਬੱਚਿਆਂ ਵਿਚ ਇਸ ਰੂਪ ਦਾ ਵਧਣ ਰੁਕ ਰਿਹਾ ਸੀ।

ਇਸ ਕਰਕੇ ਉਸ ਨੂੰ ਫੇਰ ਤੋਂ ਉਨ੍ਹਾਂ ਵਿਚ ਸੀਹ ਸੂਰਤ ਫੜ ਲੈਣ ਤਕ ਦੁਬਾਰਾ ਪੀੜਾਂ ਲੱਗ ਗਈਆਂ ਸਨ। ਪ੍ਰਚਾਰ ਕਰਨ ਅਤੇ ਬਹੁਤ ਸਾਰੇ ਲੋਕ ਨੂੰ ਮਸੀਹ ਵਿਚ ਬਪਤਿਸਮਾ ਦੇਣ ਲਈ ਜਾਣਾ ਇਕ ਗੱਲ ਹੈ ਜਿਹਦੇ ਲਈ ਨਵਾਂ ਜਨਮ ਜ਼ਰੂਰੀ ਹੈ। ''ਉਨ੍ਹਾਂ ਨੂੰ ਉਹ ਸਭ ਗੱਲਾਂ ਸਿਖਾਉਣਾ'' ਜਿਨ੍ਹਾਂ ਦਾ ਮਸੀਹ ਨੇ ਹੁਕਮ ਦਿੱਤਾ ਹੈ, ਬਿਲਕੁਲ ਵੱਖਰੀ ਗੱਲ ਹੋ ਸਕਦਾ ਹੈ (ਮੱਤੀ 28:20)। ਚੇਲੇ ਬਣਾਉਣ ਦੀ ਇਸ ਪ੍ਰਕਿਰਿਆ ਦੇ ਰਾਹੀਂ, ਮਨਬਦਲੀ ਕਰਨ ਵਾਲੇ ਲੋਕ ਜ਼ਿੰਦਾ ਮਸੀਹ ਦੇ ਬਰਤਨ ਬਣ ਜਾਂਦੇ ਹਨ ਅਤੇ ਉਸ ''ਪ੍ਰਤਾਪ ਦੀ ਆਸ'' ਤੋਂ ਉਨ੍ਹਾਂ ਨੂੰ ਪ੍ਰੇਰਣਾ ਮਿਲਦੀ ਹੈ।

**ਆਇਤ 20.** ਪੌਲੁਸ ਨੇ ਆਪਣੀ ਨਿੱਜੀ ਬੇਨਤੀ ਇਹ ਆਖਦਿਆਂ ਸਮੇਟੀ: **ਅਤੇ ਮੈਂ ਚਾਹੁੰਦਾ ਸਾਂ ਜੋ ਹੁਣ ਤੁਹਾਡੇ ਕੋਲ ਹੁੰਦਾ ਅਤੇ ਹੋਰ ਤਰਾਂ ਬੋਲਦਾ ਕਿਉਂ ਜੋ ਤੁਹਾਡੀ ਵੱਲੋਂ ਮੈਂ ਦੁਬਧਾ ਵਿਚ ਪਿਆ ਹੋਇਆ ਹਾਂ।** ਓਕਲਾਹੋਮਾ ਦਾ ਮਸ਼ਹੂਰ ਮਖੌਲੀਆ ਵਿਲ ਰੋਜਰਸ ਇਹ ਕਹਿਣ ਲਈ ਮਸ਼ਹੂਰ ਸੀ ਕਿ ਉਸ ਨੂੰ ਤਾਂ ਸਿਰਫ਼ ਉਨਾ ਪਤਾ ਹੈ ਜੋ ਉਸ ਨੇ ਅਖ਼ਬਾਰ ਵਿਚ ਪੜ੍ਹਿਆ ਹੈ। ਅੱਜ ਬਹੁਤ ਸਾਰੇ ਲੋਕ ਉਨ੍ਹਾਂ ਤੋਂ ਇਹ ਪੁੱਛਣ ਤੇ ਕਿ ਜੋ ਉਹ ਆਖ ਰਹੇ ਸਨ ਉਨ੍ਹਾਂ ਨੂੰ ਉਸ ਦਾ ਪਤਾ ਕਿਵੇਂ ਲੱਗਾ, ਇਹੀ ਜਵਾਬ ਦੇਣਗੇ ਕਿ ਉਨ੍ਹਾਂ ਨੇ ਕਿਸੇ ਕਿਤਾਬ ਵਿਚ ਜਾਂ ਆਨਲਾਈਨ ਪੜ੍ਹਿਆ ਹੈ। ਪੁਰਾਣੇ ਜ਼ਮਾਨੇ ਦੇ ਲੋਕ ਬਿਲਕੁਲ ਫ਼ਰਕ ਸਨ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਲਿਖਤੀ ਦਸਤਾਵੇਜ਼ ਕਦੇ ਵੀ ''ਆਹਮੋ ਸਾਹਮਣੇ ਸੁਣਨ'' ਦੀ ਬਰਾਬਰੀ ਨਹੀਂ ਕਰ ਸਕਦੇ। ਪਰ ਜਿਹੜੀ ਗੱਲ ਪੌਲੁਸ ਇੱਥੇ ਆਖ ਰਿਹਾ ਸੀ ਇਹ ਉਸ ਤੇ ਲਾਗੂ ਨਹੀਂ ਸੀ ਹੁੰਦੀ। ਇਸ ਦੇ ਉਲਟ ਇਹ ਸਪੱਸ਼ਟ ਹੈ ਕਿ ਪਹਿਲਾਂ ਜਦ ਪੌਲੁਸ ਗਲਾਤੀਆਂ ਨੂੰ ਪਹਿਲੀ ਵਾਰ ਮਿਲਿਆ ਸੀ ਤਾਂ ਉਨ੍ਹਾਂ ਵਿਚਕਾਰ ਇਕ ਮਜ਼ਬੂਤ, ਪਿਆਰ ਭਰਿਆ ਰਿਸ਼ਤਾ ਬਣ ਗਿਆ ਸੀ (4:15)। ਉਸ ਦਾ ਮੰਨਣਾ ਸੀ ਕਿ ਫੇਰ ਤੋਂ, ਜੇ ਉਹ ਉਨ੍ਹਾਂ ਦੇ ਨਾਲ ਹੁੰਦਾ ਤਾਂ ਗੱਲ ਹੋਰ ਹੋਣੀ ਸੀ। ਜੇ ਇਕ ਵਾਰ ਫੇਰ ਉਹ ਉਸ ਨੂੰ ਜਜ਼ਬਾਤੀ ਢੰਗ ਨਾਲ ''ਆਹਮੋ ਸਾਹਮਣੇ ਸੁਣ'' ਲੈਂਦੇ ਤਾਂ ਉਹ ਉਨ੍ਹਾਂ ਦੇ ਅੰਦਰ ਆਪਣੇ ਲਈ ਫੇਰ ਤੋਂ ਉਹੀ ਪੁਰਾਣਾ ਪਿਆਰ ਜਗਾ ਸਕਦਾ ਸੀ। ਉਸ ਦੀ ਮੌਜੂਦਗੀ ਨਾਲ ਉਨ੍ਹਾਂ ਨੂੰ ਇਹ ਸਮਝਣ ਵਿਚ ਮਦਦ ਮਿਲਣੀ ਸੀ ਕਿ ਹਰ ਤਾਕੀਦ, ਹਰ ਚਿਤਾਵਨੀ, ਹਰ ਝਿੜਕ ਜਿਹੜੀ ਉਹ ਨੇ ਲਿਖੀ ਸੀ ਆਪਣੇ ਰੂਹਾਨੀ ਬੱਚਿਆਂ ਲਈ ਪਿਤਾ ਦੇ ਪ੍ਰੇਮ ਵਿੱਚੋਂ ਨਿੱਕਲੀ ਸੀ (ਵੇਖੋ 2 ਯੂਹੰਨਾ 12; 3 ਯੂਹੰਨਾ 4, 13, 14)।

## ਹਾਜਰਾ ਅਤੇ ਸਾਰਾਹ ਦਾ ਦ੍ਰਿਸ਼ਟਾਂਤ (4:21-31)

**[21]ਤੁਸੀਂ ਜੋ ਸ਼ਰਾ ਦੇ ਮਤਹਿਤ ਹੋਣਾ ਚਾਹੁੰਦੇ ਹੋ ਮੈਨੂੰ ਦੱਸੋ, ਭਲਾ, ਤੁਸੀਂ ਸ਼ਰਾ ਨੂੰ ਨਹੀਂ ਸੁਣਦੇ?**
**[22]ਕਿਉਂ ਜੋ ਇਹ ਲਿਖਿਆ ਹੋਇਆ ਹੈ ਜੋ ਅਬਰਾਹਾਮ ਦੇ ਦੋ ਪੁੱਤਰ ਹੋਏ, ਇਕ ਗੋੱਲੀ ਤੋਂ ਅਤੇ ਦੂਜਾ**
**ਅਜ਼ਾਦ ਤੋਂ। [23]ਪਰ ਜਿਹੜਾ ਗੋੱਲੀ ਤੋ ਹੋਇਆ ਉਹ ਸਰੀਰ ਦੇ ਅਨੁਸਾਰ ਜੰਮਿਆ ਪਰੰਤੂ ਜਿਹੜਾ**
**ਅਜ਼ਾਦ ਤੋਂ ਹੋਇਆ ਉਹ ਵਚਨ ਦੇ ਕਾਰਨ ਜੰਮਿਆ। [24]ਏਹ ਦ੍ਰਿਸ਼ਟਾਂਤ ਦੀਆਂ ਗੱਲਾਂ ਹਨ। ਅਰਥ**
**ਇਹ ਜੋ ਏਹ ਤੀਵੀਆਂ ਦੋ ਨੇਮ ਹਨ, ਇਕ ਤਾਂ ਸੀਨਾ ਪਹਾੜੋਂ ਹੈ ਜੋ ਗੁਲਾਮੀ ਲਈ ਜਣਦੀ ਹੈ। ਇਹ**
**ਹਾਜਰਾ ਹੈ। [25]ਅਤੇ ਇਹ ਹਾਜਰਾ ਅਰਥ ਵਿਚ ਸੀਨਾ ਪਹਾੜ ਹੈ ਅਤੇ ਹੁਣ ਦੀ ਯਰੂਸ਼ਲਮ ਉਹ ਦਾ**
**ਜਵਾਬ ਹੈ ਕਿਉਂ ਜੋ ਇਹ ਆਪਣੇ ਬੱਚਿਆਂ ਸਣੇ ਗੁਲਾਮੀ ਵਿਚ ਪਈ ਹੈ। [26]ਪਰ ਯਰੂਸ਼ਲਮ ਜੋ ਉਤਾਹਾਂ**
**ਹੈ ਉਹ ਅਜ਼ਾਦ ਹੈ, ਉਹ ਸਾਡੀ ਮਾਤਾ ਹੈ। [27]ਕਿਉਂ ਜੋ ਲਿਖਿਆ ਹੋਇਆ ਹੈ-**
**ਹੇ ਬਾਂਝ, ਜੈਕਾਰਾ ਗਜਾ, ਤੂੰ ਜੋ ਨਹੀਂ ਜਣੀ!**
**ਖੁੱਲ੍ਹ ਕੇ ਗਾ ਅਤੇ ਚਿੱਲਾ, ਤੂੰ ਜਿਹ ਨੂੰ ਪੀੜਾਂ ਨਹੀਂ ਲੱਗੀਆਂ!**
**ਕਿਉਂ ਜੋ ਛੁੱਟੜ ਦੇ ਬੱਚੇ ਸੁਹਾਗਣ ਦੇ ਬੱਚਿਆਂ ਨਾਲੋਂ ਵੱਧ ਹਨ।**
**[28]ਪਰ ਹੇ ਭਰਾਵੋ, ਅਸੀਂ ਇਸਹਾਕ ਵਾਂਙੁ ਵਚਨ ਦੀ ਸੰਤਾਨ ਹਾਂ। [29]ਪਰ ਜਿਵੇਂ ਉਸ ਸਮੇਂ ਉਹ ਜਿਹੜਾ**

**ਸਰੀਰ ਦੇ ਅਨੁਸਾਰ ਜੰਮਿਆ ਉਹ ਨੂੰ ਸਤਾਉਂਦਾ ਸੀ ਜਿਹੜਾ ਆਤਮਾ ਦੇ ਅਨੁਸਾਰ ਜੰਮਿਆ ਸੀ ਤਿਵੇਂ ਹੁਣ ਵੀ ਹੁੰਦਾ ਹੈ। [30]ਪਰ ਧਰਮ ਪੁਸਤਕ ਕੀ ਆਖਦਾ ਹੈ? ਗੋੱਲੀ ਅਤੇ ਉਸ ਦੇ ਪੁੱਤਰ ਨੂੰ ਕੱਢ ਦੇਹ ਕਿਉਂ ਜੋ ਗੋੱਲੀ ਦਾ ਪੁੱਤਰ ਅਜ਼ਾਦ ਦੇ ਪੁੱਤਰ ਦੇ ਨਾਲ ਅਧਕਾਰੀ ਨਹੀਂ ਹੋਵੇਗਾ। [31]ਇਸ ਲਈ, ਹੇ ਭਰਾਵੋ, ਅਸੀਂ ਗੋੱਲੀ ਦੀ ਨਹੀਂ ਸਗੋਂ ਅਜ਼ਾਦ ਦੀ ਸੰਤਾਨ ਹਾਂ।**

**ਆਇਤ 21.** ਪੌਲੁਸ ਨੇ ਇਹ ਆਖਦਿਆਂ ਸ਼ੁਰੂ ਕੀਤਾ, **ਤੁਸੀਂ ਜੋ ਸ਼ਰਾ ਦੇ ਮਤਹਿਤ ਹੋਣਾ ਚਾਹੁੰਦੇ ਹੋ ਮੈਨੂੰ ਦੱਸੋ, ਭਲਾ, ਤੁਸੀਂ ਸ਼ਰਾ ਨੂੰ ਨਹੀਂ ਸੁਣਦੇ?** ਗਲਾਤੀਆਂ ਨੂੰ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਵੱਲੋਂ ਗੁਮਰਾਹ ਕੀਤਾ ਗਿਆ ਸੀ ਅਤੇ ਉਹ ਆਪਣੇ ਵਿਸ਼ਵਾਸ ਦਾ ਅਧਾਰ ਮੂਸਾ ਦੀ ਸ਼ਰ੍ਹਾ ਨੂੰ ਬਣਾ ਰਹੇ ਸਨ, ਇਸ ਕਰਕੇ ਪੌਲੁਸ ਉਨ੍ਹਾਂ ਦੇ ਤਰੀਕਿਆਂ ਦੀ ਗਲਤੀ ਵਿਖਾਉਣ ਲਈ ਆਪਣੇ ਪ੍ਰਮੁੱਖ ਗਵਾਹ ਵੱਲ ਮੁੜ ਗਿਆ। ਉਹਦਾ ਇਹ ਗਵਾਹ ''ਸ਼ਰ੍ਹਾ'' ਹੀ ਸੀ। ਉਸ ਨੇ ਆਪਣੀ ਗੱਲ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਨਹੀਂ ਬਲਕਿ ਗਲਾਤੀਆਂ ਨੂੰ ਆਖੀ। ਖ਼ਾਸ ਕਰ ਉਸ ਦੇ ਦਿਮਾਗ ਵਿਚ ਕਲੀਸੀਆਵਾਂ ਦੇ ਗੈਰਕੌਮਾਂ ਵਿਚਲੇ ਮੈਂਬਰ ਹੋਣਗੇ ਜਿਹੜੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਤੋਂ ਪ੍ਰਭਾਵਤ ਹੋ ਗਏ ਸਨ। ਇਹ ਕਲਪਨਾ ਨਹੀਂ ਕੀਤੀ ਜਾਣੀ ਚਾਹੀਦੀ ਕਿ ਇਨ੍ਹਾਂ ਭਾਈਆਂ ਦੇ ਡਿੱਗਣ ਦਾ ਕਾਰਣ ਉਨ੍ਹਾਂ ਦੇ ਚਰਿੱਤਰ ਵਿਚਲੀ ਕੋਈ ਖ਼ਰਾਬੀ ਸੀ। ਸ਼ਾਇਦ ਉਹ ਅਸਾਨੀ ਨਾਲ ਭਰਮਾਏ ਗਏ ਸਨ ਕਿਉਂਕਿ ਕਈਆਂ ਨੇ ਤਾਂ ਉਨ੍ਹਾਂ ਨੂੰ ਚੰਚਲ ਤਕ ਆਖ ਦਿੱਤਾ ਹੈ। ਪਰ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦਾ ਜ਼ਬਰਦਸਤ ਪ੍ਰਭਾਵ ਜਿਹੜੇ ਉਨ੍ਹਾਂ ਦੇ ਤਾਜ਼ਾ ਸਭ ਤੋਂ ਵੱਡੇ ਸਲਾਹਕਾਰ ਸਨ, ਘੱਟ ਨਹੀ ਸਮਝਿਆ ਜਾਣਾ ਚਾਹੀਦਾ। ਉਹ ਖ਼ੁਦਾ ਦੇ ਅਸਲ ਵਚਨ ਭਾਵ ਸ਼ਰ੍ਹਾ ਦਾ ਪ੍ਰਚਾਰ ਕਰਨ ਦਾ ਦਾਅਵਾ ਕਰਦੇ ਸਨ। ਗਲਾਤੀਆ ਦੇ ਮਸੀਹੀ ''ਸ਼ਰ੍ਹਾ ਦੇ ਮਤਹਿਤ'' ਸਿਰਫ਼ ਇਸ ਕਰਕੇ ਆਉਣਾ ਚਾਹੁੰਦੇ ਸਨ ਕਿਉਂ ਜੋ ਉਨ੍ਹਾਂ ਨੂੰ ਯਕੀਨ ਦੁਆਇਆ ਗਿਆ ਸੀ ਕਿ ਖ਼ੁਦਾ ਨੂੰ ਭਾਉਣ ਲਈ ਇਹ ਸੁਧਾਰ ਕਰਨਾ ਜ਼ਰੂਰੀ ਸੀ।

ਬੇਸ਼ੱਕ ਪੌਲੁਸ ਦੀ ਆਪਣੀ ਸਿੱਖਿਆ ਦਾ ਅਧਾਰ ਘੱਟੋ–ਘੱਟ ਸ਼ਰ੍ਹਾ ਦੇ ਉਸ ਦੇ ਕੁਝ ਪ੍ਰਚਾਰ ਵਿਚ ਸੀ। ਜਦ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੇ ਆਣ ਕੇ ਇਹ ਸਵਾਲ ਉਠਾਇਆ ਸੀ ਕਿ ਸ਼ਰ੍ਹਾ ਦੀਆਂ ਬਹੁਤ ਸਾਰੀਆਂ ਗੱਲਾਂ ਹਨ ਜਿਨ੍ਹਾਂ ਦਾ ਪੌਲੁਸ ਪ੍ਰਚਾਰ ਨਹੀਂ ਕਰ ਰਿਹਾ ਤਾਂ ਪੌਲੁਸ ਵਿਚ ਗਲਾਤੀਆਂ ਦਾ ਭਰੋਸਾ (ਜਿਹੜਾ ਹੁਣ ਉਨ੍ਹਾਂ ਦੇ ਵਿਚਕਾਰ ਨਹੀਂ ਸੀ) ਇਵੇਂ ਡਗਮਗਾ ਗਿਆ ਕਿ ਉਨ੍ਹਾਂ ਦਾ ਵਿਸ਼ਵਾਸ ਡੋਲਣ ਲੱਗ ਪਿਆ। ਆਖਰ ਯਿਸੂ ਨੇ ਆਪ ਹੀ ਨਹੀਂ ਆਖਿਆ ਸੀ ਕਿ ''ਮੁਕਤੀ ਯਹੂਦੀਆਂ ਤੋਂ ਹੈ'' (ਯੂਹੰਨਾ 4:22)? ਇਸ ਵਿਚ ਇਹ ਸੁਝਾਅ ਨਹੀਂ ਹੈ ਕਿ ਪੌਲੁਸ ਨੇ ਗਲਾਤੀਆਂ ਨੂੰ ਮਸੀਹ ਦੀ ਗੱਲ ਯਾਦ ਦੁਆਈ ਹੋਵੇਗੀ। ਪਰ ਇਲਹਾਮ ਪ੍ਰਾਪਤ ਰਸੂਲ ਦੇ ਰੂਪ ਵਿਚ ਉਸ ਨੂੰ ਇਲਹਾਮ ਦੇ ਰਾਹੀਂ ਇਨ੍ਹਾਂ ਹਵਾਲਿਆਂ ਦਾ ਪਤਾ ਲੱਗਾ ਹੋਵੇਗਾ (ਵੇਖੋ ਕਰਤੱਬ 20:35; 1 ਕੁਰਿੰਥੀਆਂ 11:23–25; 15:3–8; ਗਲਾਤੀਆਂ 1:11, 12)।

''ਸੁਣਦੇ'' (KJV; NKJV) ਲਈ ਯੂਨਾਨੀ ਸ਼ਬਦ (*akouō,* ਅਕੁਓ) ਦਾ ਅਨੁਵਾਦ ''ਧਿਆਨ ਦੇਣਾ'' (NASB) ਵੀ ਹੋ ਸਕਦਾ ਹੈ। ਕਈ ਥਾਂ, ਵਚਨ ਨੂੰ ਗੱਲ ਕਰਦਿਆਂ ਵਿਖਾਇਆ ਗਿਆ ਹੈ, ਜਿਵੇਂ ''ਧਰਮ ਪੁਸਤਕ ਦਾ ਇਹ ਵਾਕ ਪੂਰਾ ਹੋਇਆ'' (ਯਾਕੂਬ 2:23) ਅਤੇ ''ਕੀ ਕਤੇਬ ਨੇ ਨਹੀਂ ਆਖਿਆ ...?'' (ਯੂਹੰਨਾ 7:42) ਦੇ ਇਜ਼ਹਾਰਾਂ ਵਿਚ। ਪਵਿੱਤਰ ਲਿਖਤ ਦੀ ਅਵਾਜ਼ ਉਵੇਂ ਹੀ ਸੁਣੀ ਜਾਂਦੀ ਸੀ ਜਿਵੇਂ ਕਿਸੇ ਚਲਦੇ ਫ਼ਿਰਦੇ ਗਵਾਹ ਦੀ ਅਵਾਜ਼ ਹੋਵੇ, ਸ਼ਾਇਦ ਇਸ ਕਰਕੇ ਕਿਉਂ ਜੋ ਪੁਰਾਣੇ ਸਮਿਆਂ ਵਿਚ ਪਵਿੱਤਰ ਲਿਖਤ ਆਮ ਤੌਰ ਤੇ ਉੱਚੀ ਉੱਚੀ ਪੜ੍ਹ ਕੇ ਸੁਣਾਈ ਜਾਂਦੀ ਸੀ। ਸ਼ਰ੍ਹਾ ਦੀ ਗੱਲ ਕਰਕੇ ਪੌਲੁਸ ਚੁਣੌਤੀ ਦੇ ਰਿਹਾ ਸੀ, ''ਆਪਣੇ ਪ੍ਰਮੁੱਖ ਗਵਾਹ ਨੂੰ ਲਿਆਓ। ਚਲੋ ਸੁਣਦੇ ਹਾਂ ਕਿ ਉਹ ਤੁਹਾਡੀ ਸਫ਼ਾਈ ਵਿਚ ਕੀ ਕਹਿੰਦਾ ਹੈ। ਤੁਹਾਨੂੰ ਪਤਾ ਲੱਗ ਜਾਵੇਗਾ ਕਿ ਅਸਲ

ਵਿਚ ਉਹ ਸਾਡਾ ਪ੍ਰਮੁੱਖ ਗਵਾਹ ਹੈ।'' ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ''ਸ਼ਰ੍ਹਾ'' ਸਿਰਫ਼ ਹੁਕਮਾਂ ਜਾਂ ਕਾਨੂੰਨੀ ਨਿਯਮਾਂ ਅਤੇ ਵਿਧੀਆਂ ਦੇ ਇਕੱਠ ਨਾਲੋਂ ਕਿਤੇ ਵਧ ਕੇ ਸੀ, ਜਿਸ ਨੂੰ ਤੋੜਨ ਦਾ ਜ਼ੁਰਮਾਨਾ ਅਤੇ ਸਜ਼ਾ ਮਿਲਦੀ ਸੀ।

''ਸ਼ਰ੍ਹਾ'' (*nomos,* ਨੋਮੋਸ) ਦੋ ਵਾਰ ਆਇਆ ਹੈ: ''ਤੁਸੀਂ ਜੋ ਸ਼ਰਾ ਦੇ ਮਤਹਿਤ ਹੋਣਾ ਚਾਹੁੰਦੇ ਹੋ ਮੈਨੂੰ ਦੱਸੋ, ਭਲਾ, ਤੁਸੀਂ ਸ਼ਰਾ ਨੂੰ ਨਹੀਂ ਸੁਣਦੇ?'' ਅੰਗ੍ਰੇਜ਼ੀ ਦੇ ਨਾਲ ਯੂਨਾਨੀ ਵਿਚ ਵੀ ਪਹਿਲੀ ਵਾਰ ਸ਼ਰ੍ਹਾ ਲਈ ਸ਼ਬਦ ਦੇ ਨਾਲ ਨਿਸਚੇਵਾਚਕ ਉਪਪਦ ''*the*'' ਨਹੀਂ ਹੈ। ਇਸ ਤੋਂ ਕਈਆਂ ਨੇ ਇਹ ਅੰਦਾਜ਼ਾ ਲਾਇਆ ਹੈ ਕਿ ਪੌਲੁਸ ਆਮ ਅਰਥ ਵਿਚ ਸ਼ਰ੍ਹਾ ਦੀ ਗੱਲ ਕਾਨੂੰਨੀ ਸਿਸਟਮ ਜਾਂ ਸਲਾਹੁਣਯੋਗ ਸਹੀ ਠਹਿਰਾਏ ਜਾਣ ਦੇ ਰੂਪ ਵਿਚ ਕਰ ਰਿਹਾ ਸੀ। ਪਰ ਯੂਨਾਨੀ ਭਾਸ਼ਾ ਵਿਚ ਉਪਪਦ ਦੇ ਨਾ ਹੋਣ ਤੇ ਵੀ ਪੁਰਵਸਰਗ ਤੋਂ ਪਹਿਲਾਂ ਨਾਉਂ ਸ਼ਬਦ ਨੂੰ ਆਮ ਤੌਰ ਤੇ ਨਿਸਚੈਵਾਚਕ ਮੰਨਿਆ ਜਾਂਦਾ ਸੀ। ਇਸ ਕਰਕੇ ਮੂਲ ਵਿਚ ਭਾਵੇਂ ''ਸ਼ਰ੍ਹਾ ਦੇ ਮਤਹਿਤ'' ਹੈ ਅਰ ਇਸ ਦਾ ਅਰਥ ਜ਼ਰੂਰੀ ਨਹੀਂ ਕਿ ਇਹ ਹੋਵੇ ਕਿ ਪੌਲੁਸ ਆਮ ਅਰਥ ਵਿਚ ਸ਼ਰ੍ਹਾ ਜਾਂ ਕਾਨੂੰਨੀ ਤੌਰ ਤੇ ਸਹੀ ਠਹਿਰਾਏ ਜਾਣ ਦੀ ਗੱਲ ਕਰ ਰਿਹਾ ਸੀ।

ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਹੈ ਕਿ ਆਇਤ 21 ਵਿਚ ਦੂਜੀ ਵਾਰ ''ਸ਼ਰ੍ਹਾ'' ਬਾਈਬਲ ਦੀ ਉਤਪਤ ਦੀ ਕਿਤਾਬ ਦੀ ਗੱਲ ਹੈ। ਜੋ ਅਬਰਾਹਾਮ ਅਤੇ ਉਸ ਦੇ ਦੋ ਪੁੱਤਰਾਂ (ਇਸਹਾਕ ਅਤੇ ਇਸਮਾਏਲ) ਅਤੇ ਉਨ੍ਹਾਂ ਦੀਆਂ ਮਾਵਾਂ (ਸਾਰਾਹ ਅਤੇ ਹਾਜਰਾ) ਬਾਰੇ। ਸੰਦਰਭ ਇਸ ਤੋਂ ਛੁੱਟ ਕਿਸੇ ਹੋਰ ਵਿਆਖਿਆ ਦੀ ਇਜਾਜ਼ਤ ਹੀ ਨਹੀਂ ਦਿੰਦਾ ਕਿ ਇਹ ''ਸ਼ਰ੍ਹਾ'' ਤੁਰੇਤ ਹੈ। ਦੂਜੀ 'ਸ਼ਰ੍ਹਾ'' ਸਾਫ਼ ਤੌਰ ਤੇ ਵਚਨ ਨੂੰ ਕਿਹਾ ਗਿਆ ਹੈ, ਇਸ ਕਰਕੇ ਇਹ ਤਰਕਸੰਗਤ ਲਗਦਾ ਹੈ ਕਿ ਪਹਿਲਾਂ ਵਾਲੀ ਸ਼ਰ੍ਹਾ ਵੀ ਇਹੀ ਹੈ। ਯਕੀਨਨ ਵਿਆਕਰਣ ਦਾ ਕੋਈ ਨਿਯਮ ਇਸ ਨੂੰ ਰੋਕੇਗਾ ਨਹੀਂ।

ਅਸਲ ਵਿਚ ''ਸ਼ਰ੍ਹਾ'' ਜਿਸ ਨੂੰ ਪੌਲੁਸ ਚਾਹੁੰਦਾ ਸੀ ਕਿ ਗਲਾਤੀ ਲੋਕ ਸੁਣਨ, ਉਹ ਅਸਲ ਵਿਚ ਸ਼ਰ੍ਹਾ ਹੈ ਹੀ ਨਹੀਂ ਸੀ, ਭਾਵੇਂ ਉਸ ਵੱਲੋਂ ਵਰਤਿਆ ਗਿਆ ਸ਼ਬਦ ਅੱਜ ਦੀ ਆਮ ਵਰਤੋਂ ਜਾਂ ਨਵੇਂ ਨੇਮ ਦੇ ਖ਼ੁਦਾ ਦੀ ਪ੍ਰੇਰਣਾ ਪਾਏ (ਇਲਹਾਮ ਪ੍ਰਾਪਤ) ਹੋਰਨਾਂ ਲੇਖਕਾਂ ਨਾਲੋਂ ਅਤੇ ਯਿਸੂ ਨਾਲੋਂ ਵੀ ਅੱਡ ਨਹੀਂ ਹੈ। ਉਨ੍ਹਾਂ ਵਾਂਗ ਹੀ ਅਸੀਂ ਵੀ ''ਸ਼ਰ੍ਹਾ ਅਤੇ ਨਬੀਆਂ'' ਦੀ ਗੱਲ ਕਰਦੇ ਹਾਂ। ਅਤੇ ਅਸੀਂ ਵੀ ''ਪੁਰਾਣੇ ਨੇਮ ਨੂੰ'' ਸ਼ਰ੍ਹਾ ਅਤੇ ਨਵੇਂ ਨੇਮ ਨੂੰ ''ਇੰਜੀਲ'' ਆਖਦੇ ਹਾਂ। ਲਿਖਤ ਦੇ ਇਸ ਭਾਗ ਵਿਚ ਜ਼ੋਰ ਖ਼ਾਸ ਤੌਰ ਤੇ ਉਤਪਤ 16–21 ਵਿਚ ਪੰਚਗ੍ਰੰਥ ਦੇ ਵੇਰਵੇ ਵਾਲੇ ਭਾਗ ਉੱਤੇ ਹੈ। ਇਬਰਾਨੀ ਸ਼ਬਦ *torah* (ਤੋਰਾਹ) ਦਾ ਅਨੁਵਾਦ NASB ਵਿਚ ਕਰੀਬ ਦੋ ਸੌ ਵਾਰ ''ਸ਼ਰ੍ਹਾ'' ਹੋਇਆ ਹੈ, ਪਰ ਇਸ ਦਾ ਸਹੀ ਅਰਥ ਹਦਾਇਤ[40] ਜਾਂ ''ਤਾਲੀਮ''[41] ਨਾ ਕਿ ''ਸ਼ਰ੍ਹਾ'' ਜਿਵੇਂ ਕਿ ਮੂਸਾ ਦੀ ਸ਼ਰ੍ਹਾ ਹੋਵੇ।

ਪੌਲੁਸ ਦੇ 4:21–31 ਵਿਚ ਸ਼ਰ੍ਹਾ ਦੀ ਵਰਤੋਂ ਰੱਬੀਆਂ ਦੇ ਯਹੂਦੀਵਾਦ ਦੇ ਪੂਰਵੀ ਵਿਚਾਰ ਤੋਂ ਅਣਜਾਣ ਲੋਕਾਂ ਨੂੰ ਪਹਿਲਾਂ ਹੈਰਾਨ ਕਰ ਸਕਦਾ ਹੈ। ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਪੌਲੁਸ ਨੇ ਗਮਲੀਏਲ ਦੇ ਚਰਣਾਂ ਵਿਚ ਸਿੱਖਿਆ ਪਾਈ ਸੀ (ਕਰਤੱਬ 22:3) ਅਤੇ ਇਹ ਕਿ ਸਾਡੇ ਲਈ ਅਜਿਹਾ ਤਰਕ ਭਾਵੇਂ ਅਜੀਬ ਲਗ ਸਕਦਾ ਹੈ ਪਰ ਉਸ ਸਮੇਂ ਦੇ ਰੱਬੀਆਂ ਵਿਚ ਇਹ ਆਮ ਗੱਲ ਸੀ।

**ਆਇਤ 22.** ਪੌਲੁਸ ਨੇ ਇਹ ਆਖਦਿਆਂ ਵਚਨ ਵਿੱਚੋਂ ਆਪਣੀ ਰੂਪਕੀ ਸਿੱਖਿਆ ਦੀ ਪਛਾਣ ਕਰਾਈ। **ਕਿਉਂ ਜੋ ਇਹ ਲਿਖਿਆ ਹੋਇਆ ਹੈ ਜੋ ਅਬਰਾਹਾਮ ਦੇ ਦੋ ਪੁੱਤਰ ਹੋਏ, ਇਕ ਗੋੱਲੀ ਤੋਂ ਅਤੇ ਦੂਜਾ ਅਜ਼ਾਦ ਤੋਂ।** ਇਹ ਗੱਲ ਉਤਪਤ 16–21 ਦੇ ਵੇਰਵੇ ਵਾਲੇ ਭਾਗ ਤੇ ਅਧਾਰਿਤ ਵੀ ਹੈ ਜੋ ''ਗੋੱਲੀ'' ਹਾਜਰਾ ਦੀ ਕਹਾਣੀ ਦੱਸਦਾ ਹੈ ਜਿਸ ਨੇ ਆਪਣੇ ਪੁੱਤਰ ਇਸਮਾਏਲ ਨੂੰ ਜ਼ਨਮ ਦਿੱਤਾ। ਇਹ ਇਸ ਗੱਲ ਨੂੰ ਵੀ ਦੱਸਦਾ ਹੈ ਕਿ ''ਅਜ਼ਾਦ'' ਤੀਵੀਂ ਭਾਵ ਸਾਰਾਹ ਨੇ ਆਪਣੇ ਪੁੱਤਰ ਇਸਹਾਕ ਨੂੰ ਜਨਮ ਦਿੱਤਾ। ਉਹ ਬਹੁਤ ਦੇਰ ਪਹਿਲਾਂ ਕੀਤੇ ਗਏ ਵਾਅਦੇ ਦਾ ਪੁੱਤਰ ਸੀ। ਜਿਹੜਾ ਉਹਦੇ ਬੁੜ੍ਹਾਪੇ ਵਿਚ ਪੈਦਾ ਹੋਇਆ।

**ਆਇਤ 23.** ਰਸੂਲ ਨੇ ਦੋਹਾਂ ਪੁੱਤਰਾਂ ਵਿਚ ਫ਼ਰਕ ਕੀਤਾ: **ਪਰ ਜਿਹੜਾ ਗੋੱਲੀ ਤੋ ਹੋਇਆ ਉਹ ਸਰੀਰ ਦੇ ਅਨੁਸਾਰ ਜੰਮਿਆ ਪਰੰਤੂ ਜਿਹੜਾ ਅਜ਼ਾਦ ਤੋਂ ਹੋਇਆ ਉਹ ਬਚਨ ਦੇ ਕਾਰਨ ਜੰਮਿਆ।** ਇਸਮਾਏਲ ਪੂਰੀ ਤਰ੍ਹਾਂ ਨਾਲ ਜਣਨ ਦੇ ਆਮ ਮਨੁੱਖੀ ਢੰਗ ਅਬਰਾਹਾਮ ਅਤੇ ਹਾਜਰਾ ਦੇ ਸਰੀਰਕ ਮੇਲ ਦੇ ਰਾਹੀਂ ਜੰਮਿਆ ਸੀ, ਜਿਸ ਨੂੰ ਸਾਰਾਹ ਨੇ ਇਸੇ ਕੰਮ ਲਈ ਉਸ ਨੂੰ ਦਿੱਤਾ ਸੀ। ਤਕਨੀਕੀ ਤੌਰ ਤੇ ਇਹ ਲਗਦਾ ਹੈ ਕਿ ਇਸਹਾਕ ਦਾ ਜਨਮ ਸਾਰਾਹ ਤੋਂ ਬਿਲਕੁਲ ਉਵੇਂ ਹੀ ਹੋਇਆ। ਪਰ ਅਬਰਾਹਾਮ ਦੀ ਨਿਹਚਾ ਵੀ ਵੱਡੀ ਛਾਲ ਵਿਚ ਨਿਰਣਾਇਕ ਫ਼ਰਕ ਉਸ ਖ਼ਾਬ ਵਿਚ ਯਕੀਨ ਕਰਨਾ ਹੈ ਜਿਸ ਨੂੰ ਮਨੁੱਖੀ ਤੌਰ ਤੇ ਆਸ ਨਹੀਂ ਮੰਨਿਆ ਜਾਵੇਗਾ (ਰੋਮੀਆਂ 4:18)। ਉਸ ਨੇ ਇਸ ਤੱਥ ਉੱਤੇ ਵਿਚਾਰ ਕੀਤਾ ਕਿ

> ... ਸੌਕੁ ਵਰਿਹਾਂ ਦਾ [ਉਸ ਦੀ] ਦੇਹ ਹੁਣ ਮੁਰਦੇ ਵਰਗੀ ਹੋ ਗਈ ਹੈ ਨਾਲੇ ਸਾਰਾਹ ਦੀ ਕੁੱਖ ਨੂੰ ਸੋਕਾ ਲੱਗ ਗਿਆ ਹੈ। ਪਰੰਤੂ ਪਰਮੇਸ਼ੁਰ ਦੇ ਵਚਨ ਦੀ ਵੱਲੋਂ ਉਹ ਨੇ ਬੇਪਰਤੀਤ ਨਾਲ ਸ਼ੰਕਾ ਨਾ ਕੀਤੀ ਸਗੋਂ ਨਿਹਚਾ ਵਿਚ ਤਕੜਿਆਂ ਹੋ ਕੇ ਉਹ ਨੇ ਪਰਮੇਸ਼ੁਰ ਦੀ ਵਡਿਆਈ ਕੀਤੀ। ਅਤੇ ਉਹ ਨੂੰ ਪੱਕੀ ਨਿਹਚਾ ਸੀ ਭਈ ਜਿਹ ਦਾ ਉਸ ਨੇ ਵਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ ਹੈ (ਰੋਮੀਆਂ 4:19–21)।

ਇਬਰਾਨੀਆਂ ਦੇ ਲੇਖਕ ਨੇ ਸਮਝਾਇਆ ਕਿ,

> ਨਿਹਚਾ ਨਾਲ ਅਬਰਾਹਾਮ ਨੇ ਜਿਹੜਾ ਭਾਵੇਂ ਬੁੱਢਾ ਹੋ ਚੁੱਕਿਆ ਸੀ ਅਤੇ ਸਾਰਾਹ ਵੀ ਬਾਂਝ ਸੀ, ਪਿਤਾ ਬਣਨ ਦੇ ਯੋਗ ਹੋ ਗਿਆ ਕਿਉਂ ਜੋ ਉਸ ਨੇ ਜਿਸ ਨੇ ਵਾਅਦਾ ਕੀਤਾ ਸੀ, ਵਫ਼ਾਦਾਰ ਮੰਨਿਆ। ਇਸ ਤਰ੍ਹਾਂ ਇਸ ਇਕ ਜਣੇ ਤੋਂ, ਅਤੇ ਉਹ ਵੀ ਜਿਹੜਾ ਮੁਰਦੇ ਵਰਗਾ ਸੀ ਅਕਾਸ਼ ਦੇ ਤਾਰਿਆਂ ਵਾਂਗ ਅਤੇ ਸਮੁੰਦਰ ਦੇ ਕੰਢੇ ਦੀ ਰੇਤ ਵਾਂਗ ਅਣਗਿਣਤ ਸੰਤਾਨ ਪੈਦਾ ਹੋ ਗਈ (ਇਬਰਾਨੀਆਂ 11:11, 12; NIV 1984)।[42]

ਗਲਾਤੀਆਂ 4:23, ਰੋਮੀਆਂ 4:18–21, ਅਤੇ ਇਬਰਾਨੀਆਂ 11:11, 12 ਦੇ ਸੰਦਰਭਾਂ ਤੇ ਵਿਚਾਰ ਕਰਨ ਤੇ ਕੁਝ ਸਚਿਆਈਆਂ ਸਪੱਸ਼ਟ ਹੋ ਜਾਂਦੀਆਂ ਹਨ। (1) ਇਸਮਾਏਲ ਦੇ ''ਸਰੀਰ ਦੇ ਅਨੁਸਾਰ'' ਜਨਮ ਦੇ ਉਲਟ ਇਸਹਾਕ ਦਾ ਜਨਮ ''ਬਚਨ ਦੇ ਕਾਰਣ'' ਹੋਇਆ (ਗਲਾਤੀਆਂ 4:23)। (2) ਜਿੱਥੇ ਕੋਈ ਆਸ ਨਹੀਂ ਸੀ, ਫਿਰ ਵੀ ਅਬਰਾਹਾਮ ਨੇ ਆਸ ਰੱਖੀ ਅਤੇ ''ਪ੍ਰਤੀਤ ਕੀਤੀ ਭਈ ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇਗਾ'' (ਰੋਮੀਆਂ 4:18)। (3) ਖ਼ੁਦਾ ਅਤੇ ਉਸ ਦੇ ਵਾਅਦੇ ਵਿਚ ਅਬਰਾਹਾਮ ਦੀ ਨਿਹਚਾ ਦੇ ਕਾਰਣ ਉਹ ''ਪਿਤਾ ਬਣ ਸਕਿਆ'' ਅਤੇ ''ਅਕਾਸ਼ ਦੇ ਤਾਰਿਆਂ ਅਤੇ ਸਮੁੰਦਰ ਕੰਢੇ ਦੀ ਰੇਤ ਵਾਂਗ ਉਸ ਦੀ ਸੰਤਾਨ ਅਣਗਿਣਤ'' ਹੋਈ (ਇਬਰਾਨੀਆਂ 11:11, 12; NIV 1984)।

ਭਲਾ ਯਿਸੂ ਦੇ ਜਨਮ ਦੀ ਤੁਲਨਾ ਵਿਚ ਇਸਹਾਕ ਦੇ ਜਨਮ ਤੇ ਕੋਈ ਚਮਤਕਾਰੀ ਗੱਲ ਸੀ? ਅਸੀਂ ''ਚਮਤਕਾਰ'' ਆਖਣ ਦਾ ਢੀਠਪੁਣਾ ਨਹੀਂ ਕਰ ਸਕਦੇ ਪਰ ਗਲਾਤੀਆਂ 4:29 ਆਖਦਾ ਹੈ ਕਿ ਇਸਹਾਕ ਦਾ ਜਨਮ ''ਆਤਮਾ ਦੇ ਅਨੁਸਾਰ'' (*ton kata pneuma,* ਟੌਨ ਕੇਟਾ ਨਿਊਮਾ) ਹੋਇਆ ਸੀ ਜਦ ਕਿ ਇਸਮਾਏਲ ਦਾ ਜਨਮ ''ਸਰੀਰ ਦੇ ਅਨੁਸਾਰ'' (*ho kata sarka,* ਹੋ ਕੇਟਾ ਸਰਕਾ)।

ਕੁਦਰਤੀ ਸਰੀਰਕ ਜਨਮ ਅਤੇ ਮਸੀਹੀ ਆਦਮੀ ਦੇ ਨਵੇਂ ਜਨਮ ਵਿਚਲੇ ਫ਼ਰਕ ਨੂੰ ਸਮਝਾਉਣ ਲਈ ਨਿਕੁਦੇਮੁਸ ਨਾਲ ਆਪਣੀ ਗੱਲਬਾਤ ਵਿਚ ਇਸ ਸਬੰਧ ਵਿਚ ਯਿਸੂ ਵੱਲੋਂ ਵਰਤੀ ਗਈ ਭਾਸ਼ਾ ਖ਼ਾਸ ਤੌਰ ਤੇ ਧਿਆਨ ਦੇਣ ਵਾਲੀ ਹੈ: ''ਜਿਹੜਾ ਸਰੀਰ ਤੋਂ ਜੰਮਿਆ [*ek tēs sarkos,*ਏਕ ਟੇਸ ਸਰਕੋਸ] ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ [*ek tou pneumatos,* ਏਕ

ਟੌਂਸ ਨਿਉਮੇਟੋਸ] ਉਹ ਆਤਮਾ ਹੈ'' (ਯੂਹੰਨਾ 3:6)। ਅੰਗ੍ਰੇਜ਼ੀ ਦੇ ਅਨੁਵਾਦਕਾਂ ਨੇ ਆਤਮਾ ਲਈ ''ਸਪਿਰਿਟ'' (Spirit) ਦੇ ਪਹਿਲੇ ਅੱਖਰ ਨੂੰ ਵੱਡਾ ਕਰ ਦਿੱਤਾ ਜਦ ਕਿ ਦੂਜੇ ਨੂੰ ਨਹੀਂ। ਇਹ ਸਹੀ ਹੈ ਜਦ ਕਿ ਯਿਸੂ ਸਮਝਾ ਰਿਹਾ ਸੀ ਕਿ ਰਚਨਾ ਅਤੇ ਪ੍ਰਜਨਨ ਦੀ ਕੁਦਰਤੀ ਤਰਤੀਬ ਵਿਚ ਹਰ ਕਿਸੇ ਦਾ ਜੀਵਨ ਉਸ ਦੀ ਆਪਣੀ ਅੰਸ ਦੇ ਮੁਤਾਬਿਕ ਹੁੰਦਾ ਹੈ (ਉਤਪਤ 1:21–25)। ਇਹ ਸਪੱਸ਼ਟ ਹੈ ਕਿ ਨਿਕੁਦੇਮੁਸ ਸਿਰਫ਼ ਸਰੀਰਕ ਜਨਮ ਦੀ ਹੀ ਗੱਲ ਸੋਚ ਰਿਹਾ ਸੀ (ਯੂਹੰਨਾ 3:4)। ਯਿਸੂ ਨਵੇਂ ਜਨਮ ਭਾਵ ''ਜਲ *ਅਰ ਆਤਮਾ*'' (*ex hudatos kai pneumatos,* ਐਕਸ ਹੁਡੇਟੋਸ ਕੇ ਨਿਉਮੇਟੋਸ) ਦੀ ਜਨਮ ਦੀ ਆਪਣੀ ਸਿੱਖਿਆ ਨੂੰ ਦੱਸ ਰਿਹਾ ਸੀ (ਯੂਹੰਨਾ 3:5)। ਇਹ ''ਨਵੀ ਸਰਿਸ਼ਟ'' (ਗਲਾਤੀਆਂ 6:15) ਹੁਣ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਸੰਤਾਨ ਹੈ (3:26–29)। ਉਸ ਨੇ ਪਰਮੇਸ਼ੁਰ ਦੇ ਪੁੱਤਰ ਦੇ ਆਤਮਾ ਨੂੰ ਪਾ ਲਿਆ ਹੈ (4:5, 6; ਕਰਤੱਬ 2:38; ਰੋਮੀਆਂ 8:9, 10), ਅਤੇ ਸੁਭਾਵਕ ਤੌਰ ਤੇ ਉਸ ਤੋਂ ਨਵੇਂ ਜਨਮ ਦੇ ਮੁਤਾਬਿਕ ਵਿਹਾਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ (ਗਲਾਤੀਆਂ 5:16, 17)।

ਬੇਸ਼ੱਕ ਇਸਹਾਕ ਨੂੰ ਜਨਮ ਦੁਆਉਣ ਵਿਚ ਆਤਮਾ ਸਰਗਰਮ ਸੀ। ਇਸ ਤੋਂ ਇਲਾਵਾ ''ਜਲ ਅਰ ਆਤਮਾ ਦੇ'' ਮਸੀਹੀ ਆਦਮੀ ਦੇ ਜਨਮ ਬਾਰੇ ਨਵੇਂ ਨੇਮ ਦੀ ਗੱਲ ਨੂੰ ਸੰਜੀਦਗੀ ਨਾਲ ਲੈਣ ਵਾਲਾ ਕੋਈ ਵੀ ਵਿਅਕਤੀ ਇਹ ਸਮਝ ਲਵੇਗਾ ਕਿ ਉਸ ਆਦਮੀ ਦੇ ਮਨ ਵਿਚ ਆਉਣ ਵਾਲਾ ਬਦਲਾਅ ਪਵਿੱਤਰ ਆਤਮਾ ਦੇ ਉਸ ਉੱਤੇ ਕੰਮ ਕਰਨ ਕਰਕੇ ਹੈ। ਅਸਲ ਵਿਚ ਖ਼ੁਦਾ ਦਾ ਆਤਮਾ ਹੀ ਉਹ ਜਨਮ ਦੁਆਉਂਦਾ ਹੈ ਜਿਹੜਾ ਉਹਦੇ ਸੁਭਾਅ ਵਿਚ ਤਬਦੀਲੀ ਲਿਆਉਂਦਾ ਹੈ ਬਲਕਿ ਉਸ ਨੂੰ ''ਮੌਤ ਤੋਂ ਪਾਰ ਲੰਘ ਕੇ ਜੀਉਣ ਵਿਚ'' ਚੱਲਦਾ ਹੈ (ਯੂਹੰਨਾ 5:24)। ਫਿਰ ਵੀ ਅਸੀਂ ਇਹ ਕਹਿੰਦਿਆਂ ਬੜਾ ਸੰਕੋਚ ਕਰਾਂਗੇ ਕਿ ਆਤਮਾ ਇਸਹਾਕ ਦੇ ਜਨਮ ਵਿਚ ਸਰਗਰਮ ਸੀ ਅਤੇ ਮਸੀਹੀ ਆਦਮੀ ਨੂੰ ਨਵਾਂ ਜਨਮ ਦੁਆਉਣ ਵਿਚ ਸਰਗਰਮ ਹੁੰਦਾ ਹੈ ਅਤੇ ਯਿਸੂ ਦੇ ਜਨਮ ਵਿਚ ਵੀ ਸਰਗਰਮ ਸੀ (ਲੂਕਾ 1:34, 35) ਅਤੇ ਇਹ ਕਿ ਤਿੰਨੇ ਇੱਕੋ ਜਹਾਜ਼ ਵਿਚ ਸਵਾਰ ਹਨ ਜਾਂ ਇੱਕੋ ਹੀ ਨਤੀਜਾ *ਦੁਆਉਣ ਵਾਲਾ ਮੰਨਿਆ ਹੈ*।

ਯਕੀਨਨ ਹੀ ਨਾ ਤਾਂ ਇਸਹਾਕ ਦੇ ਜਨਮ ਨੂੰ ਅਤੇ ਨਾ ਮਸੀਹੀ ਆਦਮੀ ਦੇ ਨਵੇਂ ਜਨਮ ਨੂੰ ਯਿਸੂ ਦੇ ਜਨਮ ਨਾਲ ਮਿਲਾਇਆ ਜਾ ਸਕਦਾ ਹੈ ਜਿਹੜਾ ਅਖ਼ੀਰ ਵਿਚ ''ਪਰਮੇਸ਼ੁਰ ਦਾ ਇਕਲੌਤਾ'' (*monogenēs tou Theou,* ਮੋਨੋਜੀਨਸ ਟੋਉ ਥਿਓ) ਹੈ। ਇਕ ਹੋਰ ਹਵਾਲੇ ਵਿਚ ਉਸ ਨੂੰ ''ਪਰਮੇਸ਼ੁਰ ਦਾ ਇਕਲੌਤਾ ਪੁੱਤਰ'' (*monogenēs Theos,* ਮੋਨੋਜੀਨਸ ਥਿਓਸ) ਵੀ ਆਖਿਆ ਗਿਆ ਹੈ (ਯੂਹੰਨਾ 1:18)। ਅਸੀਂ ਖ਼ੁਦਾਈ ਨੂੰ ਪੂਰੀ ਤਰ੍ਹਾਂ ਨਾਲ ਸਹੀ ਸਹੀ ਨਹੀਂ ਸਮਝ ਸਕਦੇ, ਪਰ ਅਸੀਂ ਐਨਾਂ ਜਾਣਦੇ ਹਾਂ ਕਿ ਯਿਸੂ ਦਾ ਜਨਮ ਕੋਈ ਅਨੋਖੀ ਗੱਲ ਸੀ। ਅਸਲ ਵਿਚ ਵਾਲਟਰ ਬਾਉਰ ਦੇ ਲੈਕਸਿਕਨ ਵਿਚ *monogenēs* ਦੀ ਪਰਿਭਾਸ਼ਾ ''ਨਿਵੇਕਲਾ'' ਜਾਂ ''(ਆਪਣੇ ਆਪ ਵਿਚ) ਨਿਰਾਲਾ'' ਦੇ ਰੂਪ ਵਿਚ ਕੀਤੀ ਗਈ ਹੈ। ਇਹ ਸ਼ਬਦ ''ਆਪਣੀ ਤਰ੍ਹਾਂ ਜਾਂ ਕਿਸਮ ਦਾ ਇੱਕੋ ਇਕ'' ਸੰਕੇਤ ਦਿੰਦਾ ਹੈ।[43] ਯਿਸੂ ਦੇ ਜਨਮ ਵਰਗਾ ਕੋਈ ਹੋਰ ਜਨਮ ਨਾ ਤਾਂ ਕਦੇ ਹੋਇਆ, ਅਰ ਨਾ ਕਦੇ ਹੋਵੇਗਾ।

ਉੱਪਰ ਦਿੱਤੇ ਹਵਾਲਿਆਂ ਦੇ ਅਧਾਰ ਤੇ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਇਸਹਾਕ ਸਾਰਾਹ ਦੀ ਕੁੱਖ ਵਿਚ ਪਾਈ ਗਈ ਅਬਰਾਹਾਮ ਦੀ ਅੰਸ ਤੋਂ ਜੰਮਿਆ ਸੀ। ਇਕ ਅਰਥ ਵਿਚ ਉਸ ਦਾ ਜਨਮ ਉਸ ਦੇ ਮਾਪਿਆ ਦੀ ਅਤੇ ਸਾਰਾਹ ਦੀ ਪਿਛਲੇ ਬਾਂਝਪੁਣੇ ਕਰਕੇ ਭਾਂਵੇਂ ਅਸਾਧਾਰਣ ਸੀ, ਪਰ ਇਹ ਇਕ ਆਮ ਸਰੀਰਕ ਜਨਮ ਸੀ। ਫਿਰ ਵੀ ਇਸ ਜਨਮ ਨੂੰ ਉਸ ਦੇ ਪਿਤਾ ਦੇ ਖ਼ੁਦਾ ਦੇ ਵਾਅਦੇ ਵਿਚ ਨਿਹਚਾ ਕਰਨ ਕਰਕੇ ਦੱਸਿਆ ਜਾਂਦਾ ਹੈ। ਜਿੱਥੇ ਨਿਹਚਾ ਖ਼ੁਦਾ ਦੇ ਵਚਨ ਨੂੰ ਮੰਨਣ ਵਿਚ ਕੰਮ ਕਰਦੀ ਹੈ, ਭਲਾ ਉੱਥੇ ਕੋਈ ਚੀਜ਼ ਨਾਮੁਮਕਿਨ ਹੋ ਸਕਦੀ ਹੈ? ਭਲਾ ਯਿਸੂ ਨੇ ਆਪੇ ਨਹੀਂ ਆਖਿਆ ਕਿ ''ਪਰਮੇਸ਼ੁਰ ਤੋਂ ਸੱਭੋ ਕੁਝ ਹੋ ਸਕਦਾ ਹੈ'' (ਮੱਤੀ 19:26)?

**ਆਇਤਾਂ 24-26.** ਪੌਲੁਸ ਨੇ ਇਸ ਭਾਗ ਦੀ ਵਿਆਖਿਆ ਕਰਨ ਦੀ ਕੁੰਜੀ ਦੇ ਦਿੱਤੀ ਜਦੋਂ ਉਸ ਨੇ ਲਿਖਿਆ, **ਏਹ ਦ੍ਰਿਸ਼ਟਾਂਤ ਦੀਆਂ ਗੱਲਾਂ ਹਨ।** ਇੱਥੇ ਵਰਤਿਆ ਗਿਆ ਮਿਸ਼ਰਿਤ ਕਿਰਿਆ ਸ਼ਬਦ (*allēgoreō,* ਐਲਿਗੋਰਿਓ) ਹੈ ਜਿਹੜਾ (*allos,* ਅਲੋਸ, ''ਹੋਰ'') ਅਤੇ (*agoreuō,* ਅਗੋਰੀਓ, ''ਆਮ ਲੋਕਾਂ ਵਿਚ ਬੋਲਣਾ'' ਜਾਂ ''ਅਗੋਰਾ ਵਿਚ ਬੋਲਣਾ'') ਦਾ ਮੇਲ ਹੈ। ਇਹ ਪੂਰੀ ਤਰ੍ਹਾਂ ਨਾਲ ਇਕ ਯੂਨਾਨੀ ਸ਼ਬਦ ਹੈ ਅਤੇ ਇਸ ਦਾ ਅਰੰਭ ਪ੍ਰਾਚੀਨ ਸਮਿਆ ਵਿਚ ਹੋਇਆ ਸੀ ਜਦੋਂ ਲੋਕ ਆਮ ਸਭਾ ਵਿਚ, ਸ਼ਾਇਦ ਅਗੋਰਾ ਵਿਚ ਬੋਲਦੇ ਸਨ। ਇਸ ਸ਼ਬਦ ਨੇ ''ਬੋਲਣ ਦਾ ਇਕ ਹੋਰ ਢੰਗ'' ਜਾਂ ''ਕੁਝ ਕਹਿਣ ਦਾ ਵੱਖਰਾ ਤਰੀਕਾ'' ਭਾਵ ''ਦ੍ਰਿਸ਼ਟਾਂਤ ਰੂਪ ਵਿਚ ਕਹਿਣਾ'' ਦੇ ਆਪਣੇ ਵਧੇਰੇ ਮੂਲ ਅਰਥ ਨੂੰ ਬਰਕਰਾਰ ਰੱਖਿਆ ਹੈ। ਦ੍ਰਿਸ਼ਟਾਂਤ ਇਕ ਕਿਸਮ ਦਾ ਰੂਪਕ ਜਾਂ ਪ੍ਰਤੀਕਾਤਮਕ ਅਰਥ ਵਿਚ ਦੱਸਿਆ ਗਿਆ ਸਬਕ ਹੁੰਦਾ ਹੈ।

4:22, 23 ਵਿਚ ਅਬਰਾਹਮ ਦੇ ਪਰਿਵਾਰ ਦਾ ਇਤਿਹਾਸ ਪਹਿਲਾ ਤੋਂ ਹੀ ਸਾਬਤ ਕਰ ਲੈਣ ਦੇ ਬਾਅਦ ਪੌਲੁਸ ਰੂਪਕ ਦੇ ਰੂਪ ਵਿਚ ਇਸ ਦੀ ਪ੍ਰਾਸੰਗਿਕਤਾ ਦੱਸਦਾ ਹੈ:

> **ਅਰਥ ਇਹ ਜੋ ਏਹ ਤੀਵੀਆਂ ਦੋ ਨੇਮ ਹਨ, ਇਕ ਤਾਂ ਸੀਨਾ ਪਹਾੜੋਂ ਹੈ ਜੋ ਗੁਲਾਮੀ ਲਈ ਜਣਦੀ ਹੈ। ਇਹ ਹਾਜਰਾ ਹੈ। ਅਤੇ ਇਹ ਹਾਜਰਾ ਅਰਥ ਵਿਚ ਸੀਨਾ ਪਹਾੜ ਹੈ ਅਤੇ ਹੁਣ ਦੀ ਯਰੂਸ਼ਲਮ ਉਹ ਦਾ ਜਵਾਬ ਹੈ ਕਿਉਂ ਜੋ ਇਹ ਆਪਣੇ ਬੱਚਿਆਂ ਸਣੇ ਗੁਲਾਮੀ ਵਿਚ ਪਈ ਹੈ। ਪਰ ਯਰੂਸ਼ਲਮ ਜੋ ਉਤਾਹਾਂ ਹੈ ਉਹ ਅਜ਼ਾਦ ਹੈ, ਉਹ ਸਾਡੀ ਮਾਤਾ ਹੈ।**

ਪਹਿਲੀ ਨਜ਼ਰ ਵਿਚ ਇਤਿਹਾਸਕ ਘਟਨਾਵਾਂ ਦੀ ਪੌਲੁਸ ਦੀ ਰੂਪਕਾਤਮਕ ਪ੍ਰਾਸੰਗਿਕਤਾ ਹੈਰਾਨ ਕਰਨ ਵਾਲੀ ਲਗਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਇਸ ਤੋਂ ਦੰਗ ਰਹਿ ਗਏ ਹੋਣਗੇ![44] ਅਸੀਂ ਪੁੱਛ ਸਕਦੇ ਹਾਂ, ''ਪੌਲੁਸ ਇਹ ਕਿਵੇਂ ਕਹਿ ਸਕਦਾ ਹੈ ਕਿ ਹਾਜਰਾ (ਸਾਰਾਹ ਦੀ ਮਿਸਰੀ ਗੋੱਲੀ) 'ਹੁਣ ਦੀ ਯਰੂਸ਼ਲਮ' (ਯਹੂਦੀਆਂ ਦੀ ਰਾਜਧਾਨੀ) ਨੂੰ ਜਿਹੜੀ 'ਆਪਣੇ ਬੱਚਿਆਂ ਸਣੇ ਗੁਲਾਮੀ ਵਿਚ ਪਈ ਹੈ' (ਯਹੂਦੀਆਂ) ਨੂੰ ਦਰਸਾਉਂਦੀ ਹੈ? ਯਹੂਦੀਆਂ ਨੂੰ ਇਸਮਾਏਲ (ਅਰਬੀਆਂ ਦੇ ਪੁਰਖੇ) ਦੇ ਰਾਹੀਂ ਕਿਵੇਂ ਦਰਸਾਇਆ ਜਾ ਸਕਦਾ ਹੈ?'' ਪੌਲੁਸ ਦੇ ਰੂਪਕ ਨੂੰ ਸਮਝਣ ਲਈ ਸਾਨੂੰ ਉਹਦੇ ਵੱਲੋਂ ਬਣਾਈ ਗਈ ਪ੍ਰਾਸੰਗਿਕਤਾ ਨੂੰ ਸਮਝਣਾ ਪਵੇਗਾ।

ਪੌਲੁਸ ਦੋ ਨੇਮਾਂ ਨੂੰ ਸਮਝਾਉਣ ਦੇ ਪ੍ਰਤੀਕਾਤਮਕ ਅਰਥ ਵਿਚ ਅਬਰਾਹਾਮ ਦੇ ਪਰਿਵਾਰ ਦੇ ਇਨਾਂ ਮੈਬਰਾਂ ਦੀ ਵਰਤੋਂ ਕਰ ਰਿਹਾ ਸੀ। (1) ਉਸ ਨੇ ਆਖਿਆ ਕਿ ਹਾਜਰਾ ਸ਼ਰ੍ਹਾ ਵਾਲੇ ਨੇਮ ਨੂੰ ਦਰਸਾਉਂਦਾ ਸੀ ਜਿਹੜੀ ਸੀਨਾ ਪਹਾੜ ਉੱਤੇ ਦਿੱਤੀ ਗਈ ਸੀ। (2) ਸਾਰਾਹ ਵਾਅਦੇ ਦੇ ਨੇਮ ਨੂੰ ਦਰਸਾਉਂਦੀ ਹੈ। ਇਹ ਵਾਅਦਾ ਅਬਰਾਹਾਮ ਨਾਲ ਉਸ ਦੀ ਅੰਸ ਜਾਂ ਸੰਤਾਨ ਦੇ ਸਬੰਧ ਵਿਚ ਦਿੱਤਾ ਗਿਆ ਸੀ; ਇਹ ਸ਼ਰ੍ਹਾ ਤੋਂ ਅਲਹਿਦਾ ਕਿਰਪਾ ਦੇ ਰਾਹੀਂ ਬੰਨ੍ਹਿਆ ਗਿਆ ਸੀ। (3) ਉਸ ਨੇ ਪਰਮੇਸ਼ੁਰ ਦੇ ਪੁਰਾਣੇ ਨੇਮ ਦੇ ਲੋਕਾਂ ਭਾਵ ਇਸਰਾਏਲੀਆਂ ਨੂੰ ਦਰਸਾਉਣ ਲਈ ਹਾਜਰਾ ਦੇ ਪੁੱਤਰ ਇਸਮਾਏਲ ਨੂੰ ਵਰਤਿਆ। (4) ਇਸਹਾਕ ਪਰਮੇਸ਼ੁਰ ਦੇ ਨਵੇਂ ਨੇਮ ਦੇ ਲੋਕਾਂ, ਨਿਹਚਾ ਦੇ ਉਸ ਦੇ ਨਵੇਂ ਇਸਰਾਏਲ ਭਾਵ ਮਸੀਹੀ ਲੋਕਾਂ ਨਾਲ ਮੇਲ ਖਾਂਦਾ ਹੈ (3:26–29)।

ਹਾਜਰਾ ਸਾਰਾਹ ਦੀ ਗੋੱਲੀ ਭਾਵ ਗੁਲਾਮ ਸੀ। ਇਸ ਕਰਕੇ ਪੁਰਾਣੇ ਜ਼ਮਾਨੇ ਦੀ ਰੀਤ ਮੁਤਾਬਿਕ ਇਸ ਗੁਲਾਮ ਮਾਤਾ ਤੋਂ ਜੰਮਿਆ ਪੁੱਤਰ ਇਸਮਾਏਲ ਵੀ ਗੁਲਾਮ ਸੀ। ਸੀਨਾ ਪਹਾੜ, ਯਰੂਸ਼ਲਮ ਅਤੇ ਯਹੂਦੀਆਂ ਨੂੰ ਦਰਸਾਉਣ ਲਈ ਹਾਜਰਾ ਅਤੇ ਇਸਮਾਏਲ ਨੂੰ ਕਿਉਂ ਵਰਤਿਆ ਗਿਆ? ਸੀਨਾ ਪਹਾੜ ਉਹ ਥਾਂ ਸੀ ਜਿੱਥੇ ਮੂਸਾ ਦੇ ਰਾਹੀਂ ਇਸਰਾਏਲੀਆਂ ਨੂੰ ਸ਼ਰ੍ਹਾ ਦਿੱਤੀ ਗਈ ਸੀ। ਯਰੂਸ਼ਲਮ ਯਹੂਦੀਆਂ ਦਾ ਪਵਿੱਤਰ ਸ਼ਹਿਰ ਸੀ, ਜਿਸ ਨੂੰ ਅਜੇ ਵੀ ਬਹੁਤੇ ਲੋਕ ਸ਼ਰ੍ਹਾ ਨਾਲ ਜੁੜੇ ਹੋਣ ਦੀ ਦਲੀਲ ਦਿੰਦੇ ਸਨ। ਸੀਨਾ ਤੋਂ ਮਿਲੇ ਨੇਮ ਭਾਵ ਸ਼ਰ੍ਹਾ ਦੇ ਤਹਿਤ ਲੋਕ ਪਾਪ ਦੀ ਗੁਲਾਮੀ ਵਿਚ ਸਨ। *ਇਨ੍ਹਾਂ*

*ਸਬੰਧਾਂ ਵਿਚ ਗੁਲਾਮੀ ਆਮ ਕੜੀ ਹੈ।*

ਅਬਰਾਹਾਮ ਦੀ ਪਤਨੀ ਸਾਰਾਹ ਭਾਵੇਂ ਕਈ ਸਾਲਾਂ ਤਕ ਬਾਂਝ ਰਹੀ ਸੀ ਪਰ ਅਖ਼ੀਰ ਵਿਚ ਉਸ ਨੇ ਇਸਹਾਕ ਨੂੰ ਜਨਮ ਦਿੱਤਾ। ਉਸ ਵਾਅਦੇ ਦੇ ਨਤੀਜੇ ਵਜੋਂ ਜਿਹੜਾ ਖ਼ੁਦਾ ਨੇ ਅਬਰਾਹਾਮ ਨਾਲ ਕੀਤਾ ਸੀ, ਉਸ ਦਾ ਆਉਣਾ ਹੋਇਆ। ਅਜ਼ਾਦ ਜੰਮੇ ਪੁੱਤਰ ਦੇ ਰੂਪ ਵਿਚ ਇਸਹਾਕ ਅਬਰਾਹਾਮ ਦਾ ਵਾਰਸ ਸੀ। ਇਸ ਕਰਕੇ ਪੌਲੁਸ ਨੇ ਨਵੇਂ ਨੇਮ, ਮਸੀਹੀ ਲੋਕਾਂ ਅਤੇ ਸੁਰਗੀ ਯਰੂਸ਼ਲਮ ਦੇ ਪ੍ਰਤੀਕਾਂ ਦੇ ਰੂਪ ਵਿਚ ਸਰਾਹ ਅਤੇ ਇਸਹਾਕ ਨੂੰ ਵਰਤਿਆ। ਮਸੀਹੀ ਲੋਕਾਂ ਨੂੰ ਯਿਸੂ ਵਿਚ ਆਗਿਆਕਾਰੀ ਵਿਸ਼ਵਾਸ ਦੇ ਰਾਹੀਂ ਉਨ੍ਹਾਂ ਦੇ ਪਾਪਾਂ ਤੋਂ ਛੁਡਾਇਆ ਗਿਆ ਹੈ ਅਤੇ ਹੁਣ ਉਹ ਪਰਮੇਸ਼ੁਰ ਦੇ ਪੁੱਤਰ ਦੇ ਵਾਰਿਸ ਹਨ (4:6, 7)। *ਇਨ੍ਹਾਂ ਸਬੰਧਾਂ ਵਿਚ ਅਜ਼ਾਦੀ, ਪੁੱਤਰ ਹੋਣਾ ਅਤੇ ਵਿਰਾਸਤ ਆਮ ਕੜੀਆਂ ਹਨ।*

ਕਿਰਿਆ ਸ਼ਬਦ (*sustoisheō*) ਜਿਸ ਦਾ ਅਨੁਵਾਦ 4:25 ''ਦਾ ਜਵਾਬ ਹੈ'' ਹੋਇਆ ਹੈ, ਉਸ ਦਾ ਅਰਥ ਹੈ ''ਉਸੇ ਮਦ ਦਾ।''[45] ਲਾਈਟਫ਼ੁਟ ਨੇ ਦੋ ਮਦਾਂ ਵਿਚ ਇਸ ਦੇ ਭਾਗਾਂ ਨੂੰ ਰਖਦਿਆਂ ਇਸ ਦਾ ਵਿਜ਼ੁਓਲ ਏਡ ਦਿੱਤਾ ਹੈ। ਪਹਿਲਾ ਇਸ ਦਾ ਦੁਨਿਆਵੀ ਅਰਥ ਦਿੰਦਾ ਹੈ ਜਦ ਕਿ ਦੂਜਾ ਇਸ ਦਾ ਰੂਹਾਨੀ ਅਰਥ:

| *ਦੁਨਿਆਵੀ ਅਰਥ* | *ਰੂਹਾਨੀ ਅਰਥ* |
|---|---|
| ਹਾਜਰਾ, ਗੋੱਲੀ | ਸਾਰਾਹ, ਅਜ਼ਾਦ ਤੀਵੀਂ |
| ਇਸਮਾਏਲ, ਸਰੀਰ ਦੇ ਅਨੁਸਾਰ ਜੰਮਿਆ | ਇਸਹਾਕ, ਬਚਨ ਦੇ ਕਾਰਣ ਜੰਮਿਆ |
| ਪੁਰਾਣਾ ਨੇਮ | ਨਵਾਂ ਨੇਮ |
| ਸੰਸਾਰਕ ਯਰੂਸ਼ਲਮ | ਸੁਰਗੀ ਯਰੂਸ਼ਲਮ |
| ਆਦਿ | ਆਦਿ।[46] |

ਇਸ ਵਿਚਾਰ ਨੂੰ ਵਿਸਤਾਰ ਦਿੰਦਿਆਂ ਜੇਮਸ ਬਰਟਨ ਕਾਫ਼ਮੈਨ ਨੇ ਇਸ ਰੂਪਕ ਨੂੰ ਇਸ ਤਰ੍ਹਾਂ ਵਿਖਾਇਆ ਹੈ:

| *ਯਹੂਦੀ ਮਤ* | *ਮਸੀਹੀਅਤ* |
|---|---|
| ਗੋੱਲੀ, ਹਾਜਰਾ | ਅਜ਼ਾਦ ਤੀਵੀਂ, ਸਾਰਾਹ |
| ਇਸਮਾਏਲ, ਗੋੱਲੀ ਦਾ ਪੁੱਤਰ | ਇਸਹਾਕ, ਅਜ਼ਾਦ ਤੀਵੀਂ ਦਾ ਪੁੱਤਰ |
| ਕੁਦਰਤੀ ਜਨਮ | ਵਾਅਦੇ ਦੇ ਰਾਹੀਂ ਅਲੌਕਿਕ ਜਨਮ |
| ਸੀਨਾ ਪਹਾੜ, ਸਰ੍ਹਾ | ਸਿਓਨ ਪਹਾੜ, ਸੁਰਗੀ ਨੇਮ |
| ਸੰਸਾਰਕ ਯਰੂਸ਼ਲਮ | ਸੁਰਗੀ ਯਰੂਸ਼ਲਮ |
| ਗੁਲਾਮੀ | ਅਜ਼ਾਦੀ |
| ਪਹਿਲਾਂ ਤਾਂ ਫ਼ਲਦਾਇਕ, ਪਰ ਫਿਰ: | ਪਹਿਲਾਂ ਬਾਂਝ, ਪਰ ਫਿਰ: |
| ਤੁਲਨਾਤਮਕ ਤੌਰ ਤੇ ਬਹੁਤ ਘੱਟ ਸੰਤਾਨ | ਅਣਗਿਣਤ ਸੰਤਾਨ |
| ਸਤਾਉਣ ਵਾਲੇ | ਸਤਾਏ ਜਾਣ ਵਾਲੇ |
| ਵਾਅਦੇ ਚੋਂ ਕੱਢੇ ਗਏ | ਵਾਅਦੇ ਦੇ ਅਧਕਾਰੀ |
| ਯਹੂਦੀ, ਸਰੀਰਕ ਇਸਰਾਏਲ, ਗੁਲਾਮ | ਮਸੀਹੀ ਲੋਕ, ਆਤਮਿਕ ਇਸਰਾਏਲ ਅਜ਼ਾਦ[47] |

**ਆਇਤ 27.** ਫਿਰ ਪੌਲੁਸ ਨੇ ਆਪਣੀ ਗੱਲ ਨੂੰ ਸਮਝਾਉਣ ਲਈ ਯਸਾਯਾਹ 54:1 ਵੱਲ ਧਿਆਨ ਦੁਆਇਆ:

**ਕਿਉਂ ਜੋ ਲਿਖਿਆ ਹੋਇਆ ਹੈ-**
**ਹੇ ਬਾਂਝ, ਜੈਕਾਰਾ ਗਜਾ, ਤੂੰ ਜੋ ਨਹੀਂ ਜਣੀ!**
**ਖੁਲ੍ਹ ਕੇ ਗਾ ਅਤੇ ਚਿੱਲਾ, ਤੂੰ ਜਿਹ ਨੂੰ ਪੀੜਾਂ ਨਹੀਂ ਲੱਗੀਆਂ!**
**ਕਿਉਂ ਜੋ ਛੁੱਟੜ ਦੇ ਬੱਚੇ ਸੁਹਾਗਣ ਦੇ ਬੱਚਿਆਂ ਨਾਲੋਂ ਵੱਧ ਹਨ।**

ਉਤਪਤ ਵਿਚ ਹਾਜਰਾ ਨੇ ਛੇਤੀ ਨਾਲ ਅਬਰਾਹਾਮ ਦੇ ਬੱਚੇ ਨੂੰ ਜਨਮ ਦੇ ਦਿੱਤਾ। ਸੀਨਾ ਪਹਾੜ ਉੱਤੇ ਨੇਮ ਬੰਨ੍ਹੇ ਜਾਣ ਵੇਲੇ ਇਸ ਨੇ ਉਸ ਨੇਮ ਦੇ ਲੱਖਾਂ ਪੁੱਤਰਾਂ ਭਾਵ ਇਸਰਾਏਲ ਕੌਮ ਨੂੰ ਉਸੇ ਵੇਲੇ ਜਨਮ ਦੇ ਦਿੱਤਾ। ਇਸ ਦੇ ਉਲਟ ਸਾਰਾਹ ਬਾਂਝ ਸੀ ਅਤੇ ਉਸ ਨੂੰ ਇਸਹਾਕ ਨੂੰ ਜਨਮ ਦੇਣ ਲਈ ਨੱਬੇ ਸਾਲ ਤਕ ਉਡੀਕ ਕਰਨੀ ਪਈ। ਇਸੇ ਤਰ੍ਹਾਂ ਨਾਲ ਵਾਅਦੇ ਦਾ ਨੇਮ ਪ੍ਰਗਟ ਹੋਣ ਵਿਚ ਬਹੁਤ ਸਾਲ ਲੱਗ ਗਏ।

ਅਬਰਾਹਾਮ ਨੂੰ ਦਿੱਤੇ ਗਏ ਵਾਅਦੇ ਕਿ ਉਸ ਦੀ ''ਅੰਸ'' ਦੇ ਰਾਹੀਂ ਸਭ ਕੌਮਾਂ ਬਰਕਤ ਪਾਉਣਗੀਆਂ ਦੇ ਪੂਰਾ ਹੋਣ ਨੂੰ ਅਜੇ ਸਮਾਂ ਸੀ। ਪੌਲੁਸ ਦੇ ਮੁਤਾਬਿਕ, ਵਾਅਦੇ ਅਤੇ ਸੀਨਾਂ ਪਹਾੜ ਉੱਤੇ ਸ਼ਰ੍ਹਾ ਦੇ ਦਿੱਤੇ ਜਾਣ ਵਿਚਕਾਰ 430 ਸਾਲ ਲੱਗ ਗਏ। ਅਤੇ ਉਸ ''ਅੰਸ'' ਦੇ ਜੋ ਕਿ ''ਮਸੀਹ'' ਸੀ, ਆਉਣ ਤੋਂ ਪਹਿਲਾਂ 1,440 ਸਾਲ ਹੋਰ ਲੱਗ ਜਾਣੇ ਸਨ (3:16)। ਕੁਲ ਮਿਲਾ ਕੇ ਉਡੀਕ ਦਾ ਸਮਾਂ ਲਗਭਗ ਦੋ ਹਜ਼ਾਰ ਸਾਲ ਸੀ। ਸਾਰਾਹ ਵਾਂਗ ਖ਼ੁਦਾ ਦੇ ਲੋਕਾਂ ਨੂੰ ਮਸੀਹ ਦੇ ਉੱਪਰ ਉਠਾਏ ਜਾਣ ਤੋਂ ਬਾਅਦ, ਪਹਿਲੇ ਪੈਂਟੀਕਾਸਟ ਵਾਲੇ ਦਿਨ ਪਵਿੱਤਰ ਆਤਮਾ ਦੇ ਵਹਾਏ ਜਾਣ ਨਾਲ ਇੰਜੀਲੀ ਯੁੱਗ ਦੇ ਸ਼ੁਰੂ ਤਕ ਲੰਮੀ, ਬਹੁਤ ਲੰਮੀ ਉਡੀਕ ਕਰਨੀ ਪਈ। ਇਸ ਦੀ ਆਤਮਿਕ ਸੰਤਾਨ ਦਾ ਜਨਮ ਸਿਰਫ਼ ਉਦੋਂ ਹੋਣਾ ਸੀ ਜਦੋਂ ''ਤਿੰਨ ਹਜ਼ਾਰ ਮਨੁੱਖਾਂ ਦੇ ਲਗਭਗ'' ਉਸ ਦਿਨ ਜਲ ਅਰ ਆਤਮਾ ਤੋਂ ਜਨਮੇ ਸਨ (ਕਰਤੱਬ 2:38, 41)।

ਇਹ ਸਿਰਫ਼ ਸ਼ੁਰੂਆਤ ਸੀ। ਯਹੂਦੀ ਲੋਕ ਉਸ ਸਮੇਂ ਭਾਵੇਂ ਪੂਰੇ ਰੋਮੀ ਸਾਮਰਾਜ ਵਿਚ ਫੈਲੇ ਹੋਏ ਸਨ, ਪਰ ਕਈ ਯਹੂਦੀ ਮਸੀਹੀ ਤੇਜ਼ੀ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਏ ਸਨ, ਜਿਵੇਂ ਕਿ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚੋਂ ਪਤਾ ਲਗਦਾ ਹੈ (ਕਰਤੱਬ 21:20)। ਯਹੂਦੀ ਹਾਕਮਾਂ ਵਿਚ ਖ਼ਾਸ ਤੌਰ ਤੇ ਗੈਰਕੌਮ ਵਿਸ਼ਵਾਸੀਆਂ ਦੀ ਭੀੜ ਤੇ ਇਸ ਨਵੇਂ ਵਿਸ਼ਵਾਸ ਵਿਚ ਮਿਲਾਏ ਜਾਣ ਤੇ ਅਜਿਹਾ ਭੈਅ ਅਤੇ ਈਰਖਾ ਭਰ ਗਈ ਕਿ ਉਨ੍ਹਾਂ ਨੇ ਸਤਾਅ ਸ਼ੁਰੂ ਕਰ ਦਿੱਤਾ। ਇਹ ਗੱਲ ਵੀ ਪਹਿਲਾਂ ਤੋਂ ਪਤਾ ਸੀ। ਪੌਲੁਸ ਨੇ ਯਸਾਯਾਹ ਦਾ ਹਵਾਲਾ ਦਿੰਦਿਆਂ ਕਿਹਾ, ''ਛੁੱਟੜ ਦੇ ਬੱਚੇ ਸੁਹਾਗਣ ਦੇ ਬੱਚਿਆਂ ਨਾਲੋਂ ਵੱਧ ਹਨ'' (ਯਸਾਯਾਹ 4:27; ਵੇਖੋ 54:1)। ਅਖ਼ੀਰ ਵਿਚ ਨਵੇਂ ਨੇਮ ਦੀ ਸੰਤਾਨ ਭਾਵ ਅਬਰਾਹਾਮ ਦੀ ਰੂਹਾਨੀ ਸੰਤਾਨ (ਗਲਾਤੀਆਂ 3:26–29), ''ਪਰਮੇਸ਼ੁਰ ਦੇ ਇਸਰਾਏਲ'' (6:16) ਨੇ ਸੀਨਾ ਪਹਾੜ ਉੱਤੇ ਦਿੱਤੇ ਜਾਣ ਵਾਲੇ ਪੁਰਾਣੇ ਨੇਮ ਦੀ ਸੰਤਾਨ ਨਾਲੋਂ ਵੱਧ ਜਾਣਾ ਸੀ, ਜਿਵੇਂ ਕਿ ਇੰਜੀਲੀ ਯੁੱਗ ਦੇ ਪਹਿਲੇ ਪੈਂਟੀਕਾਸਟ ਵਾਲੇ ਦਿਨ ਦੇ ਇਤਿਹਾਸ ਤੋਂ ਸਾਬਿਤ ਹੁੰਦਾ ਹੈ।

**ਆਇਤ 28.** ਪੌਲੁਸ ਗਲਾਤੀਆਂ ਦੀ ਅਤੇ ਆਉਣ ਵਾਲੇ ਸਾਲਾਂ ਵਿਚ ਸਭ ਮਸੀਹੀਆਂ ਦੀ ਸਥਿਤੀ ਦੇ ਦ੍ਰਿਸ਼ਟਾਂਤ ਨੂੰ ਲਾਗੂ ਕਰਨ ਲੱਗਾ। ਉਸ ਨੇ ਆਖਿਆ, **ਪਰ ਹੇ ਭਰਾਵੋ, ਅਸੀਂ ਇਸਹਾਕ ਵਾਂਙੁ ਵਚਨ ਦੀ ਸੰਤਾਨ ਹਾਂ।** ਇਸਹਾਕ ਦਾ ਜਨਮ ਅਬਰਾਹਾਮ ਨੂੰ ਦਿੱਤੇ ਖ਼ੁਦਾ ਦੇ ਵਾਅਦੇ ਨਾਲ ਹੋਇਆ ਸੀ ਕਿ ਉਸ ਦੇ ਅਤੇ ਸਾਰਾ ਦੇ ਇਕ ਪੁੱਤਰ ਹੋਵੇਗਾ। ਇਸੇ ਤਰ੍ਹਾਂ ਨਾਲ ਗਲਾਤੀਆ ਦੇ ''ਭਰਾਵਾਂ'' ਦਾ ਨਵਾਂ ਜਨਮ ਅਬਰਾਹਾਮ ਨੂੰ ਦਿੱਤੇ ਖ਼ੁਦਾ ਦੇ ''ਬਚਨ'' ਕਰਕੇ ਹੋਇਆ ਸੀ ਕਿ ਉਸ ਦੇ ''ਅੰਸ'' (ਮਸੀਹ) ਦੇ ਰਾਹੀਂ ਸਭ ਕੌਮਾਂ ਬਰਕਤ ਪਾਉਣਗੀਆਂ। ਇਹ ਵਾਅਦਾ ਸਾਰਾਹ ਭਾਵ ''ਯਰੂਸ਼ਲਮ ਜੋ

ਉਤਾਹਾਂ ਹੈ'' (4:26) ਨਾਲ ਦਰਸਾਏ ਗਏ ਨੇਮ ਵੱਲ ਧਿਆਨ ਦੁਆਉਂਦਾ ਹੈ। ਮਸੀਹੀ ਲੋਕ ਨੇਮ ਦੀ ਸੰਤਾਨ ਹਨ ਅਤੇ ਰੂਹਾਨੀ, ਅਬਦੀ ''ਸੁਰਗੀ ਯਰੂਸ਼ਲਮ,'' ''ਸਿਓਨ ਦੇ ਪਹਾੜ'' ''ਅਕਾਲ ਪੁਰਖ ਦੀ ਨਗਰੀ'' ਦੇ ਵਾਸੀ ਹਨ (ਇਬਰਾਨੀਆਂ 12:22, 23)।

ਇਸਹਾਕ ਅਬਰਾਹਾਮ ਅਤੇ ਸਾਰਾਹ ਦਾ ਅਜ਼ਾਦ ਜੰਮਿਆ ਪੁੱਤਰ ਸੀ। ਅਜ਼ਾਦ ਤੀਵੀਂ ਦੀ ਸੰਤਾਨ ਵਾਂਗ ਮਸੀਹੀ ਲੋਕ ਵੀ ਕਈ ਪਹਿਲੂਆਂ ਤੋਂ ਅਜ਼ਾਦ ਹਨ। ਅਸੀਂ ਅਜ਼ਾਦ ਹਾਂ ...

ਸਰੀਰਕ ਜਨਮ ਨਾਲ ਸਬੰਧਿਤ ਕਿਸੇ ਵੀ ਨੇਮ ਤੋਂ (ਮੱਤੀ 3:9);

ਮਨੁੱਖਾਂ ਦੀਆਂ ਰੀਤਾਂ ਨੂੰ ਮੰਨਣ ਦੀ ਮਜਬੂਰੀ ਤੋਂ ਜੋ ਨਿਰੇ ''ਮਨੁੱਖਾਂ ਦੇ ਹੁਕਮ ਅਤੇ ਸਿੱਖਿਆ'' ਹਨ (ਮੱਤੀ 15:1–3, 8, 9);

ਪਾਪ ਦੇ ਨਤੀਜਿਆਂ, ਜੋਸ਼ ਅਤੇ ਕਠੋਰਤਾ ਤੋਂ (ਰੋਮੀਆਂ 6:7, 18; 7:23);

ਮੌਤ ਦੇ ਡਰ ਦੀ ਮਨੁੱਖ ਦੇ ਅੰਦਰ ਪਾਈ ਜਾਣ ਵਾਲੀ ਗੁਲਾਮੀ ਤੋਂ (ਇਬਰਾਨੀਆਂ 2:14, 15);

ਸ਼ਰ੍ਹਾ ਦੇ ਜੂਲੇ ਤੋਂ ਜਿਸ ਨੂੰ ਕੋਈ ਮਨੁੱਖ ਚੁੱਕ ਨਹੀਂ ਸਕਿਆ (ਗਲਾਤੀਆਂ 5:1; ਕਰਤੱਬ 15:10);

ਉਸ ਛੁਟਕਾਰੇ ਦੇ ਰਾਹੀਂ ਜਿਹੜਾ ਸਿਰਫ਼ ਯਿਸੂ ਦੇ ਸਾਡੇ ਲਈ ਸਰਾਪ ਬਣਨ ਦੇ ਰਾਹੀਂ ਪ੍ਰਭਾਵੀ ਹੋਇਆ, ਸ਼ਰ੍ਹਾ ਦੇ ਸਰਾਪ ਤੋਂ (ਗਲਾਤੀਆਂ 3:13)।

ਪ੍ਰਭੂ ਨੇ ਆਪ ਆਖਿਆ, ''ਇਸ ਲਈ ਜੇ ਪੁੱਤਰ ਤੁਹਾਨੂੰ ਅਜ਼ਾਦ ਕਰੇ ਤਾਂ ਠੀਕ ਤੁਸੀਂ ਅਜ਼ਾਦ ਹੋਵੋਗੇ'' (ਯੂਹੰਨਾ 8:36)।

ਛੁਟਕਾਰੇ ਦਾ ਇਕ ਪਹਿਲੂ ਸਾਡੀ ਸਿਰਫ਼ ਕਲਪਨਾ ਵਿਚ ਹੈ। ਰੋਮੀਆਂ 8:23 ਦੇ ਅਨੁਸਾਰ ਆਮ ਤੌਰ ਤੇ ਧਰਤੀ ਦੇ ਅਣਛੁਡਾਏ ਲੋਕਾਂ ਨਾਲ ਜਿਨ੍ਹਾਂ ਨੂੰ ''ਅਸੀਂ ਆਪ ਵੀ ਜਿਨ੍ਹਾਂ ਨੂੰ ਆਤਮਾ ਦਾ ਪਹਿਲਾ ਫਲ ਮਿਲਿਆ ਆਪਣੇ ਆਪ ਵਿਚ ਹਾਹੁਕੇ ਭਰਦੇ ਹਾਂ ਅਤੇ ਪੁੱਤਰ ਹੋਣ ਦੀ ਅਰਥਾਤ ਆਪਣੀ ਦੇਹੀ ਦੇ ਨਿਸਤਾਰੇ ਦੀ ਉਡੀਕ ਵਿਚ ਬੈਠੇ ਹਾਂ'' (ਵੇਖੋ ਰੋਮੀਆਂ 8:18–25)। ਭਾਵੇਂ ਸਾਨੂੰ ''ਲੇਪਾਲਕ ਪੁੱਤਰ ਹੋਣ ਦੀ ਪਦਵੀ'' ਮਿਲ ਚੁਕੀ ਹੈ ਅਤੇ ਇਸ ਕਰਕੇ ਸਾਨੂੰ ਵੀ ਉਸ ਦੇ ''ਆਪਣੇ ਪੁੱਤਰ ਦਾ ਆਤਮਾ'' ਵੀ ''ਜਿਹੜਾ ਅੱਬਾ, ਅਰਥਾਤ ਹੇ ਪਿਤਾ ਪੁਕਾਰਦਾ ਹੈ'' (ਗਲਾਤੀਆਂ 4:5, 6), ਅਤੇ ਫਿਰ ਵੀ ਧਰਤੀ ਦੇ ਛੁਟਕਾਰਾ ਨਾ ਪਾਏ ਹੋਏ ਲੋਕਾ ਵਾਂਗ ਸਾਨੂੰ ਸਰੀਰਕ ਤਕਲੀਫ਼ ਅਤੇ ਦਰਦ ਹੁੰਦਾ ਹੈ। ਅਫ਼ਸੁਸ ਦੇ ਨਾਂਅ ਪੌਲੁਸ ਨੇ ਲਿਖਿਆ, ''ਜਿਹ ਦੇ ਵਿਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ'' (ਅਫ਼ਸੀਆਂ 1:7)। ਫਿਰ ਵੀ ਉਸੇ ਖ਼ਤ ਵਿਚ ਉਸ ਨੇ ਆਪਣੇ ਭਾਈਆਂ ਨੂੰ ਸਮਝਾਇਆ, ''ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਨੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ'' (ਅਫ਼ਸੀਆਂ 4:30)। ਇਹ ''ਨਿਸਤਾਰੇ ਦਾ ਦਿਨ'' ਜ਼ਾਹਿਰ ਤੌਰ ਤੇ ''ਪ੍ਰਭੂ ਦਾ ਦਿਨ'' ਜਾਂ ਨਿਆਂ ਦਾ ਦਿਨ ਹੈ। ਇਸ ਦਿਨ ''ਓਹ ਸਭ ਜਿਹੜੇ ਕਬਰਾਂ ਵਿਚ ਹਨ ਉਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ। ਜਿਨ੍ਹਾਂ ਨੇ ਭਲਿਆਈ ਕੀਤੀ ਹੈ ਸੋ ਜੀਉਣ ਲਈ ਅਰ ਜਿਨ੍ਹਾਂ ਨੇ ਬੁਰਿਆਈ ਕੀਤੀ ਹੈ ਉਹ ਸਜ਼ਾ ਲਈ ਜੀ ਉੱਠਣਗੇ'' (ਯੂਹੰਨਾ 5:28, 29; NIV)। ਉਸ ਸਮੇਂ ਜਦੋਂ ਪ੍ਰਭੂ ਦੋਬਾਰਾ ਆਵੇਗਾ, ਤਦ ਉਹ ''ਸਾਡੀ ਦੀਨਤਾ ਦੇ ਸਰੀਰ ਨੂੰ ਵਟਾ ਕੇ ਆਪਣੇ ਤੇਜ ਦੇ ਸਰੀਰ ਦੀ ਨਿਆਈਂ ਬਣਾਵੇਗਾ'' (ਫ਼ਿਲਿੱਪੀਆਂ 3:21; NKJV)। ''ਸਾਡੀ ਦੇਹੀ ਦਾ ਨਿਸਤਾਰਾ'' ਅੰਤਿਮ ਰੂਪ ਵਿਚ ਜੀ ਉੱਠਣ ਵੇਲੇ ਹੋਵੇਗਾ (ਰੋਮੀਆਂ 8:23) ਅਤੇ ਸਾਨੂੰ ''ਪਰਮੇਸ਼ੁਰ ਦੇ ਬਾਲਕਾਂ ਦੀ ਵਡਿਆਈ ਵਿਚ ਲਿਆਂਦਾ'' ਜਾਵੇਗਾ (ਰੋਮੀਆਂ 8:21; NIV 1984)।

ਗਲਾਤੀਆਂ 4:28 ਉਸ ਦਾ ਜੋ ਪੌਲੁਸ ਨੇ ਪਹਿਲਾਂ ਹੀ ਕਿਹਾ ਸੀ, ਸੰਖੇਪ ਵਿਚ ਦੁਹਰਾਇਆ ਜਾਣਾ ਹੈ: ''ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸਭੇ ਪਰਮੇਸ਼ੁਰ ਦੇ ਪੁੱਤਰ ਹੋ। ... ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਵਚਨ ਦੇ ਅਨੁਸਾਰ ਅਧਕਾਰੀ ਹੋ'' (3:26–29)। ਅਬਰਾਹਾਮ ਨਾਲ ਕੀਤੇ ਗਏ ਖ਼ੁਦਾ ਦੇ ਵਾਅਦੇ ਕਰਕੇ ਮਸੀਹ ਦੇ ਲਹੂ ਨਾਲ ਕਿਰਪਾ ਦਾ ਨਵਾਂ ਨੇਮ ਬੰਨ੍ਹਿਆ ਗਿਆ (ਲੂਕਾ 22:20; ਇਬਰਾਨੀਆਂ 8:10–12)। ਇਹ ਸੀਨਾ ਪਹਾੜ ਉੱਤੇ ਦਿੱਤੀ ਗਈ ਸ਼ਰ੍ਹਾ ਦੇ ਗੁਲਾਮ ਬਨਾਉਣ ਵਾਲੇ ਨੇਮ ਨਾਲੋਂ ਉਲਟ ਹੈ, ਜਿਸ ਨੂੰ ਹਟਾ ਦਿੱਤਾ ਗਿਆ ਸੀ (ਇਬਰਾਨੀਆਂ 8:13; 10:9, 10)।

**ਆਇਤ 29.** ਦ੍ਰਿਸ਼ਟਾਂਤ ਵਿਚ ਦੋ ਪੁੱਤਰਾਂ ਦੀਆਂ ਵੱਖੋ ਵੱਖ ਭੂਮਿਕਾਵਾਂ ਨੂੰ ਇੱਥੇ ਹੋਰ ਵਿਸਤਾਰ ਨਾਲ ਸਮਝਾਇਆ ਗਿਆ ਹੈ। ਹਾਜਰਾ (''ਗੋੱਲੀ'') ਦਾ ਪੁੱਤਰ ਇਸਮਾਏਲ **ਸਰੀਰ ਦੇ ਅਨੁਸਾਰ ਜੰਮਿਆ** ਸੀ। ਇਸ ਦੇ ਉਲਟ ਸਾਰਾਹ (''ਅਜ਼ਾਦ ਤੀਵੀਂ'') ਦਾ ਪੁੱਤਰ ਇਸਹਾਕ **ਆਤਮਾ ਦੇ ਅਨੁਸਾਰ ਜੰਮਿਆ** ਸੀ। ਉਸ ਜ਼ਮਾਨੇ ਵਿਚ ਇਸਮਾਏਲ ਇਸਹਾਕ ਨੂੰ **ਸਤਾਉਂਦਾ ਸੀ** (*diōkō,* ਡਾਇਕੋ)। ਇਹ ਸ਼ਬਦਾਵਲੀ ਪੁਰਾਣੇ ਨੇਮ ਵਿਚ ਨਹੀਂ ਮਿਲਦੀ। ਇਹ ਹਵਾਲਾ ਇਸਹਾਕ ਦੇ ਦੁੱਧ ਛੁਡਾਉਣ ਦਾ ਜਸ਼ਨ ਮਨਾਉਣ ਦੀਆਂ ਘਟਨਾਵਾਂ ਨਾਲ ਜੁੜਿਆ ਲਗਦਾ ਹੈ।[48] ਉਸ ਮੌਕੇ ਤੇ ''ਸਾਰਾਹ ਨੇ ਹਾਜਰਾ ਮਿਸਰਨ ਦੇ ਪੁੱਤਰ ਨੂੰ ਜਿਹ ਨੂੰ ਉਹ ਅਬਰਾਹਾਮ ਲਈ ਜਣੀ ਸੀ ਹਿੜ-ਹਿੜ ਕਰਦੇ ਹੋਏ ਡਿੱਠਾ'' (ਉਤਪਤ 21:9)। ''ਹਿੜ ਹਿੜ ਕਰਦੇ ਹੋਏ'' ਇਬਰਾਨੀ ਸ਼ਬਦ (*tsachaq,* ਸਾਚਾਕ) ਦੇ ਕਈ ਅਰਥ ਹੋ ਸਕਦੇ ਹਨ, ਸੰਦਰਭ ਤੇ ਨਿਰਭਰ ਕਰਦਾ ਹੈ। ਇਸ ਦਾ ਅਰਥ ''ਹੱਸਣਾ'' ਜਾਂ ''ਖੇਡਣਾ'' ਹੋ ਸਕਦਾ ਹੈ;[49] ਪਰ ਕਈ ਵਾਰ ਇਸ ਦਾ ਈਰਖਾ ਭਰਿਆ ਸੰਕੇਤ ਦਿੰਦਿਆਂ ''ਖਿਡਾਉਣਾ ਬਣਾਉਣਾ'' ਜਾਂ ''ਮਜ਼ਾਕ'' ਦਾ ਨਕਾਰਾਤਮਕ ਅਰਥ ਹੁੰਦਾ ਹੈ (ਵੇਖੋ ਉਤਪਤ 39:14; 2 ਇਤਹਾਸ 30:10)।[50] ਬੱਚੇ ਦੇ ਰੂਪ ਵਿਚ ਇਸਹਾਕ ਦਾ ਦੁੱਧ ਛੁਡਾਏ ਜਾਣ ਵੇਲੇ ਇਸਮਾਏਲ ਦੀ ਉਮਰ ਸੋਲਾਂ ਸਤਾਰਾਂ ਸਾਲ ਦੀ ਹੋਵੇਗੀ।[51] ਇਹ ਵੇਖਣ ਲਈ ਕਿ ਇਹ ਤਕਲੀਫ਼ ਦੇਹ ਛੇੜਖਾਨੀ ਜਾਂ ''ਸਤਾਅ'' ਤਕ ਪਹੁੰਚ ਗਈ ਹੋਵੇਗੀ। ਸਾਨੂੰ ਥੋੜ੍ਹੀ ਜਿਹੀ ਕਲਪਨਾ ਕਰਨ ਦੀ ਲੋੜ ਹੈ। ਜੋ ਵੀ ਹੋਵੇ, ''ਸਤਾਉਂਦਾ ਸੀ'' ਉਹ ਸ਼ਬਦ ਹੈ ਜਿਸ ਨੂੰ ਪ੍ਰੇਰਣਾ ਪ੍ਰਾਪਤ ਰਸੂਲ ਨੇ ਉਸ ਹਾਲਾਤ ਦੇ ਸਬੰਧ ਵਿਚ ਵਰਤਣਾ ਚੁਣਿਆ।

ਪੌਲੁਸ ਨੇ ਕਿਹਾ ਕਿ ਜਿਵੇਂ ਇਸਮਾਏਲ ਇਸਹਾਕ ਨੂੰ ਸਤਾਉਂਦਾ ਸੀ **ਤੀਵੇਂ ਹੁਣ ਵੀ ਹੁੰਦਾ ਹੈ।** ਹੋ ਸਕਦਾ ਹੈ ਕਿ ਇਹ ਸ਼ਬਦ ਖ਼ਾਸ ਤੌਰ ਤੇ ਉਸ ਦੇ ਆਪਣੇ ਹਾਲਾਤ ਉੱਤੇ ਲਾਗੂ ਹੁੰਦੇ ਹੋਣ ਜਿਸ ਵਿਚ ਉਸ ਨੇ ਗਲਾਤੀਆਂ ਨੂੰ ਲਿਖਿਆ। ਜੇ ਇਹ ਖ਼ਤ 48–49 ਈਸਵੀ ਤਕ ਲਿਖਿਆ ਜਾ ਚੁੱਕਿਆ ਸੀ, ਜੋ ਕਿ ਪਹਿਲੀ ਮਿਸ਼ਨਰੀ ਯਾਤਰਾ ਦੇ ਥੋੜ੍ਹੀ ਦੇਰ ਬਾਅਦ ਦੀ ਗੱਲ ਹੈ ਜਦ ਪੌਲੁਸ ਅਤੇ ਬਰਨਬਾਸ ਸੀਰੀਆ ਦੇ ਅੰਤਾਕੀਆ ਦੀ ਕਲੀਸੀਆ ਨਾਲ ਕੁਝ ਸਮਾਂ ਬਿਤਾ ਰਹੇ ਸਨ (ਕਰਤੱਬ 14:26–28), ਤਾਂ ਲੁਸਤਰਾ ਵਿਚ ਪਥਰਾਅ ਨਾਲ ਹੋਣ ਵਾਲੇ ਉਸ ਦੇ ਜ਼ਖ਼ਮ ਅਜੇ ਭਰੇ ਨਹੀਂ ਹੋਣਗੇ। ਉਸ ਯਾਤਰਾ ਦੇ ਸ਼ੁਰੂ ਦੇ ਨੇੜੇ ਇਨ੍ਹਾਂ ਮਿਸ਼ਨਰੀਆਂ ਦਾ ''ਬਰਯੇਸੁਸ ਨਾਉਂ ਦੇ ਇਕ ਆਦਮੀ *[ਵੱਲੋਂ]* ਜਿਹੜਾ ਜਾਦੂਗਰ, ਝੂਠਾ ਨਬੀ ਅਤੇ ਕੌਮ ਦਾ ਯਹੂਦੀ ਸੀ'' ਸਾਈਪਰਸ ਦੇ ਪੱਛਮੀ ਕੰਢੇ ਤੇ ਪਾਫੁਸ ਵਿਚ ਵਿਰੋਧ ਕੀਤਾ ਗਿਆ ਸੀ (ਕਰਤੱਬ 13:6–12)।

ਪਿਸਿਦੀਆ ਦੇ ਅੰਤਾਕੀਆ ਵਿਚ ਬੇਪਰਤੀਤੇ ਯਹੂਦੀਆਂ ਵਿਚ ਵਧਣ ਲਈ ਇਕ ਪੈਟਰਨ ਸ਼ੁਰੂ ਕੀਤਾ ਗਿਆ। ਪੌਲੁਸ ਅਤੇ ਬਰਨਬਾਸ ਨੂੰ ਪ੍ਰਚਾਰ ਕਰਦਿਆਂ ਸੁਣਨ ਲਈ ਜਮ੍ਹਾਂ ਹੋਈ ਭੀੜ ਨੂੰ ਵੇਖ ਕੇ ਈਰਖਾ ਕਰਨ ਵਾਲੇ ਲੋਕਾਂ ਨੇ ''ਭਗਤਣਾਂ ਪਤਵੰਤੀਆਂ ਇਸਤਰੀਆਂ ਅਤੇ ਨਗਰ ਦੇ ਵੱਡੇ ਆਦਮੀਆਂ ਨੂੰ ਉਭਾਰਿਆ ਅਰ ਪੌਲੁਸ ਅਤੇ ਬਰਨਬਾਸ ਉੱਤੇ ਦੰਗਾ ਮਚਾਇਆ ਅਤੇ ਉਨ੍ਹਾਂ ਨੂੰ ਆਪਣੀ ਹੱਦੋਂ ਬਾਹਰ ਕੱਢ ਦਿੱਤਾ'' (ਕਰਤੱਬ 13:42–50)। ਲੁਸਤਰਾ ਵਿਚ ਦੋਵੇਂ ਮਿਸ਼ਨਰੀ ਬੜੀ ਮੁਸ਼ਕਿਲ ਨਾਲ ਪਥਰਾਅ ਤੋਂ ਬਚੇ ਸਨ (ਕਰਤੱਬ 14:1–6)। ਲੁਸਤਰਾ ਵਿਚ ਪੌਲੁਸ ਬਚ ਨਹੀਂ ਸਕਿਆ ਸੀ

ਕਿਉਂ ਜੋ ਉੱਥੇ ''ਯਹੂਦੀ ਅੰਤਾਕੀਆ ਅਰ ਇਕੁਨਿਯੁਮ ਤੋਂ ਉੱਥੇ ਆਏ ਅਤੇ ਲੋਕਾਂ ਨੂੰ ਉਭਾਰ ਕੇ ਪੌਲੁਸ ਨੂੰ ਪਰਥਾਉ ਕੀਤਾ ਅਤੇ ਇਹ ਸਮਝ ਕੇ ਕਿ ਉਹ ਮਰ ਗਿਆ ਹੈ ਉਹ ਨੂੰ ਘਸੀਟ ਕੇ ਨਗਰੋਂ ਬਾਹਰ ਲੈ ਗਏ'' (ਕਰਤੱਬ 14:19)।

ਇਸਮਾਏਲ ਵੱਲੋਂ ਇਸਹਾਕ ਦਾ ਸਤਾਅ ਬੇਪਰਤੀਤੇ ਯਹੂਦੀਆਂ ਵੱਲੋਂ ਬੇਰਹਿਮੀ ਨਾਲ ਕੀਤੇ ਜਾਣ ਵਾਲੇ ਪੌਲੁਸ ਦੇ ਸਤਾਅ ਵਰਗਾ ਸੀ। ਨਸਲੀ ਤੌਰ ਤੇ ਭਾਵੇਂ ਪੌਲੁਸ ਆਪ ਇਕ ਯਹੂਦੀ ਸੀ ਅਤੇ ਆਪਣੇ ਗੁਮਰਾਹਕੁਨ ਜੋਸ਼ ਵਿਚ ਉਸ ਨੇ ਮਸੀਸੀਅਤ ਨੂੰ ਸਤਾਇਆ ਸੀ, ਪਰਬਾ ਆਦਿ ਵਿਚ ਉਸ ਨੂੰ ਨਵੇਂ ਜਨਮ ਦਾ ਅਨੁਭਵ ਮਿਲ ਗਿਆ। ਹੁਣ ਉਹ ਮਸੀਹੀ ਲੋਕਾਂ ਵਿਚ ਸ਼ੁਮਾਰ ਹੁੰਦਾ ਸੀ ਜਿਹੜੇ ''ਆਤਮਾ ਦੇ ਅਨੁਸਾਰ'' ਜੰਮੇ ਸਨ (ਗਲਾਤੀਆਂ 4:29)। ਉਹ ਮਸੀਹ ਵਿਚ ਸੀ, ਜਿੱਥੇ ਉਹ ਫ਼ਰਕ ਮਿਟ ਜਾਂਦੇ ਸਨ ਜਿਹੜੇ ਯਹੂਦੀਆਂ ਅਤੇ ਗੈਰਕੌਮਾਂ ਵਿਚ ਪਾਏ ਜਾਂਦੇ ਸਨ। ਆਪਣੀ ਮਨਬਦਲੀ ਕਰਕੇ ਇਹ ਸਾਬਕਾ ਸਤਾਉਣ ਵਾਲਾ ਹੁਣ ਸਤਾਅ ਝੱਲਣ ਵਾਲਾ ਬਣ ਗਿਆ ਸੀ। ਉਸ ਨੇ ਆਪਣੇ ਆਪ ਨੂੰ ਇਸਹਾਕ ਦੀ ਭੂਮਿਕਾ ਵਿਚ ਪਾਇਆ ਜਿਹੜਾ ''ਸਰੀਰ ਦੇ ਅਨੁਸਾਰ'' ਆਪਣੇ ਵੱਡੇ ਭਰਾ ਦੇ ਮਜ਼ਾਕ ਦਾ ਸ਼ਿਕਾਰ ਸੀ। ਪੌਲੁਸ ਦੇ ਵਾਂਗ (5:11), ਗਲਾਤੀਆਂ ਦੇ ਮਸੀਹੀਆਂ ਨੂੰ ਵੀ ਯਿਸੂ ਵਿਚ ਨਿਹਚਾ ਦੇ ਕਾਰਣ ਸਤਾਇਆ ਗਿਆ ਸੀ (3:4)।

**ਆਇਤ 30.** ਇਹ ਆਇਤ ਸਵਾਲ ਖੜਾ ਕਰਦੀ ਹੈ, **ਪਰ ਧਰਮ ਪੁਸਤਕ ਆਖਦਾ ਹੈ?** ਜਵਾਬ ਉਤਪਤ 21:10 ਵਿੱਚੋਂ ਥੋੜ੍ਹਾ ਸਹਿਜੇ ਢੰਗ ਨਾਲ ਦੁਹਰਾਇਆ ਗਿਆ ਹੈ: **''ਗੋੱਲੀ ਅਤੇ ਉਸ ਦੇ ਪੁੱਤਰ ਨੂੰ ਕੱਢ ਦੇਹ ਕਿਉਂ ਜੋ ਗੋੱਲੀ ਦਾ ਪੁੱਤਰ ਅਜ਼ਾਦ ਦੇ ਪੁੱਤਰ ਦੇ ਨਾਲ ਅਧਕਾਰੀ ਨਹੀਂ ਹੋਵੇਗਾ।''** ਮੂਲ ਸੰਦਰਭ ਵਿਚ ਇਹ ਸ਼ਬਦ ਸਾਰਾਹ ਵੱਲੋਂ ਕਹੇ ਗਏ ਸਨ। ਜਿਹੜੀ ਆਪਣੀ ਸੌਂਕਣ ਹਾਜਰਾ ਦੇ ਪੁੱਤਰ ਇਸਮਾਏਲ ਨੂੰ ਇਸਹਾਕ ਨੂੰ ਚੜ੍ਹਾਉਂਦਿਆਂ ਵੇਖ ਕੇ ਖਿਝਦੀ ਹੁੰਦੀ ਸੀ। ਮਾਮਲਾ ਹੋਰ ਵੀ ਉਲਝਾਉਣ ਲਈ ਇਹ ਬਦਸਲੂਕੀ ਇਸਹਾਕ ਦੇ ਦੁੱਧ ਛੁਡਾਉਣ ਦੇ ਸਨਮਾਨ ਵਾਲੇ ਜਸ਼ਨ ਵੇਲੇ ਹੋਇਆ।

ਮਨੁੱਖੀ ਤੌਰ ਤੇ ਸਾਰਾਹ ਦੀ ਮੰਗ ਜ਼ੁਲਮ ਅਤੇ ਨਜਾਇਜ਼ ਸਜ਼ਾ ਲਗਦੀ ਹੈ। ਜੋ ਉਸ ਨੌਜਵਾਨ ਦੀ ਬਦਸਲੂਕੀ ਨਾਲ ਕਿਤੇ ਮੇਲ ਨਹੀਂ ਖਾਂਦਾ। ਅਬਰਹਾਮ ਦੀ ਪ੍ਰਤੀਕਿਰਿਆ ਤੋਂ ਅਸੀਂ ਵੇਖ ਸਕਦੇ ਹਾਂ ਕਿ ਉਸ ਦੀਆਂ ਭਾਵਨਾਵਾਂ ਵੀ ਉਹੋ ਜਿਹੀਆਂ ਹੀ ਸਨ, ਭਾਵੇਂ ਨਿੱਜੀ ਨਹੀਂ ਸਨ। ਅਸੀਂ ਪੜ੍ਹਦੇ ਹਾਂ, ''ਆਪਣੇ ਪੁੱਤਰ ਦੇ ਕਾਰਣ ਅਬਰਾਹਾਮ ਦੀ ਨਿਗਾਹ ਵਿਚ ਇਹ ਗੱਲ ਅੱਤ ਬੁਰੀ ਸੀ'' (ਉਤਪਤ 21:11)।

ਅਬਰਾਹਾਮ ਦਾ ਜਵਾਬ ਭਾਵੇਂ ਜਿਨਾਂ ਵੀ ਸਹੀ ਲੱਗੇ, ਪਰ ਅੰਤਰਯਾਮੀ ਖ਼ੁਦਾ ਦੀ ਇਸਹਾਕ ਅਤੇ ਉਸ ਦੀ ਸੰਤਾਨ ਲਈ ਹੀ ਨਹੀਂ ਬਲਕਿ ਇਸਮਾਏਲ ਅਤੇ ਉਹਦੀ ਸੰਤਾਨ ਲਈ ਵੀ ਮਕਸਦ ਅਤੇ ਯੋਜਨਾ ਹੈ ਸੀ। ਅਬਰਾਹਾਮ ਨੇ ਸਿਰਫ਼ ਇਸਰਾਏਲ ਕੌਮ ਦਾ ਪਿਤਾ ਹੀ ਨਹੀਂ ਹੋਣਾ ਸੀ ਬਲਕਿ ''ਬਹੁਤੀਆਂ ਕੌਮਾਂ ਦਾ ਪਿਤਾ'' ਵੀ ਬਣਨਾ ਸੀ (ਉਤਪਤ 17:5)। ਇਸੇ ਵਾਅਦੇ ਦੇ ਅਧਾਰ ਤੇ ਅਬਰਾਹਾਮ ਦਾ ਨਾਮ ''ਅਬਰਾਮ'' (''ਉੱਨਤ ਪਿਤਾ'') ਤੋਂ ''ਅਬਰਾਹਾਮ'' (''ਦਲਾਂ ਦਾ ਪਿਤਾ'') ਬਦਲ ਦਿੱਤਾ ਗਿਆ।

ਇਹ ਨਾਮ ਬਦਲੀ ਉਦੋਂ ਹੋਈ ਜਦੋਂ ਅਬਰਾਹਾਮ ਨੜ੍ਹਿਨਵਿਆਂ ਸਾਲਾਂ ਦਾ ਸੀ। ਇਸ ਮੌਕੇ ਤੇ ਖ਼ੁਦਾ ਉਹਦੇ ਕੋਲ ਆਇਆ ਅਤੇ ਉਸ ਨੇ ਉਸ ਨੂੰ ਦੱਸਿਆ ਕਿ ਅਗਲੇ ਸਾਲ ਇਸੇ ਵਕਤ ਸਾਰਾਹ, ਜੋ ਕਿ ਉਸ ਵਕਤ ਉਣਨਵੇਂ ਸਾਲਾਂ ਦੀ ਸੀ, ਬਾਲ ਜਣੇਗੀ। ਬੇਯਕੀਨੀ ਵਿਚ ''ਅਬਰਾਹਾਮ ਮੂੰਹ ਭਾਰ ਡਿੱਗ ਪਿਆ ਅਤੇ ਹੱਸਿਆ'' ਅਤੇ ਕਹਿਣ ਲੱਗਾ, ''ਇਸਮਾਏਲ ਹੀ ਤੇਰੇ ਹਜ਼ੂਰ ਜੀਉਂਦਾ ਰਹੇ'' (ਉਤਪਤ 17:17, 18)। ਖ਼ੁਦਾ ਨੂੰ ਇਸਮਾਏਲ ਦਾ ਖ਼ਿਆਲ ਸੀ, ਕਿਉਂ ਜੋ ਉਸ ਨੇ ਆਖਿਆ ਸੀ ''ਇਸਮਾਏਲ ਲਈ ਵੀ ਮੈਂ ਤੇਰੀ ਸੁਣੀ। ਵੇਖ ਮੈਂ ਉਹ ਨੂੰ ਅਸੀਸ ਦਿੱਤੀ ਹੈ ਅਤੇ ਮੈਂ ਉਹ ਨੂੰ

ਫਲਵੰਤ ਬਣਾਵਾਂਗਾ ਅਰ ਹੱਦੋਂ ਬਾਹਲਾ ਵਧਾਵਾਂਗਾ। ਉਸ ਤੋਂ ਬਾਰਾਂ ਸ਼ਹਿਜ਼ਾਦੇ ਜੰਮਣਗੇ ਅਰ ਮੈਂ ਉਹ ਨੂੰ ਇਕ ਵੱਡੀ ਕੌਮ ਬਣਾਵਾਂਗਾ'' (ਉਤਪਤ 17:20)।

ਇੱਥੇ ਖ਼ੁਦਾ ਨੇ ਅਬਰਾਹਾਮ ਨੂੰ ਹਦਾਇਤ ਕੀਤੀ, ''ਇਹ ਗੱਲ ਇਸ ਮੁੰਡੇ [ਇਸਮਾਏਲ] ਅਤੇ ਤੇਰੀ ਗੋੱਲੀ [ਹਾਜਰਾ] ਦੇ ਵਿਖੇ ਤੇਰੀ ਨਿਗਾਹ ਵਿਚ ਬੁਰੀ ਨਾ ਲੱਗੇ। ਜੋ ਕੁਝ ਸਾਰਾਹ ਨੇ ਤੈਨੂੰ ਆਖਿਆ ਹੈ ਤੂੰ ਉਹ ਦੀ ਅਵਾਜ਼ ਸੁਣ ਕਿਉਂ ਜੋ ਤੇਰੀ ਅੰਸ ਇਸਹਾਕ ਤੋਂ ਹੀ ਪੁਕਾਰੀ ਜਾਵੇਗੀ'' (ਉਤਪਤ 21:12)। ਅਬਰਾਹਾਮ ਪਰਮੇਸ਼ੁਰ ਦਾ ਆਗਿਆਕਾਰ ਸੀ ਅਤੇ ਉਸ ਨੇ ਹਾਜਰਾ ਅਤੇ ਇਸਮਾਏਲ ਨੂੰ ਘੱਲ ਦਿੱਤਾ (ਉਤਪਤ 21:14)। ਇਸ ਕਾਰਵਾਹੀ ਨਾਲ ਸਾਰਾਹ ਨੂੰ ਇਸਹਾਕ ਦੀ ਸੁਰੱਖਿਆ ਦਾ ਯਕੀਨ ਹੋ ਗਿਆ ਅਤੇ ਇਸਹਾਕ ਨੂੰ ਅਬਰਾਹਾਮ ਦੀ ਜਾਇਦਾਦ ਦਾ ਇਕਲੌਤਾ ''ਵਾਰਿਸ'' ਬਣਾ ਦਿੱਤਾ ਗਿਆ (ਉਤਪਤ 24:36; 25:5, 6)। ਇਸਮਾਏਲ ਨੇ ਉਸ ਦੇ ਨਾਲ ਸਾਂਝਾ ਰਾਰਿਸ ਨਹੀਂ ਹੋਣਾ ਸੀ।

ਗਲਾਤੀਆ ਦੇ ਮਸੀਹੀਆਂ ਲਈ ਇਸ ਉਦਾਹਰਣ ਵਿਚ ਕਿਹੜੀ ਰੂਹਾਨੀ ਸਚਿਆਈ ਸੀ? ਪੌਲੁਸ ਇਸ ਗੱਲ ਉੱਤੇ ਜ਼ੋਰ ਦੇ ਰਿਹਾ ਸੀ ਕਿ ਸਰੀਰ ਦੇ ਅਨੁਸਾਰ ਯਹੂਦੀਆਂ ਦਾ (ਜੋ ਇਸਮਾਏਲ ਨੂੰ ਦਰਸਾਉਂਦੇ ਹਨ) ਪਰਮੇਸ਼ੁਰ ਦੇ ਰਾਜ ਵਿਚ ਕੋਈ ਵਿਰਸਾ ਨਹੀਂ ਸੀ। ਇਸ ਦੇ ਉਲਟ ਨਵੇਂ ਨੇਮ ਵਿਚ ਇੱਕੋ ਇਕ ਮੀਰਾਸ *ਮਸੀਹੀ ਲੋਕਾਂ* ਲਈ ਹੈ ਜਿਹੜੇ ਆਤਮਾ ਤੋਂ ਜਨਮੇ ਹਨ (ਜੋ ਇਸਹਾਕ ਨੂੰ ਦਰਸਾਉਂਦੇ ਹਨ)। ਰੌਬਰਟ ਐਲ. ਜੌਨਸਨ ਦੇ ਅਨੁਸਾਰ, ''ਪੌਲੁਸ ਦੇ ਕਹਿਣ ਦਾ ਅਰਥ ਇਹ ਹੈ ਕਿ ਇਹ ਮੀਰਾਸ ਸਿਰਫ਼ ਅਬਰਾਹਾਮ ਦੇ ਆਤਮਿਕ ਅੰਸ ਲਈ ਹੋਣੀ ਸੀ। ਸਰੀਰ ਅਤੇ ਆਤਮਾ ਭਾਵ ਗੁਲਾਮੀ [ਅਤੇ] ਅਜ਼ਾਦੀ ਵਿਚਕਾਰ ਕੋਈ ਸਮਝੌਤਾ ਨਹੀਂ ਹੋਣਾ ਸੀ। ਸ਼ਰ੍ਹਾ ਅਤੇ ਇੰਜੀਲ ਨਾਲ ਨਾਲ ਨਹੀਂ ਰਹਿ ਸਕਦੇ।''[52]

**ਆਇਤ 31.** ਪੌਨੁਸ ਨੇ ਗੱਲ ਖ਼ਤਮ ਕਰਦਿਆਂ ਆਖਿਆ, **ਇਸ ਲਈ, ਹੇ ਭਰਾਵੋ, ਅਸੀਂ ਗੋੱਲੀ ਦੀ ਨਹੀਂ ਸਗੋਂ ਅਜ਼ਾਦ ਦੀ ਸੰਤਾਨ ਹਾਂ।** ਉਹ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਮਸੀਹੀ ਲੋਕ ਸੀਨਾ ਤੋਂ ਮਿਲੇ ਨੇਮ ਭਾਵ ਸ਼ਰ੍ਹਾ ਦੀ ਸੰਤਾਨ ਨਹੀਂ ਹਨ। ਅਜਿਹਾ ਉਸ ਨੇ ਪਹਿਲੀ ਵਾਰ ਨਹੀਂ ਕਿਹਾ ਸੀ ਅਤੇ ਨਾ ਹੀ ਇਹ ਆਖ਼ਰੀ ਵਾਰ ਹੋਣਾ ਸੀ। ਗਲਾਤੀਆਂ ਦੀ ਕਿਤਾਬ ਵਿਚ ਅਤੇ ਹੋਰ ਉਸ ਨੇ ਕਈ ਜਗ੍ਹਾ ਆਖਿਆ ਜੋ ਸ਼ਰ੍ਹਾ ਨਾਲ ਜੁੜੇ ਤਬਾਹਕੁੰਨ ਨਤੀਜਿਆਂ ਨੂੰ ਵਿਖਾਉਂਦਾ ਹੈ।

ਜੋ ਕੁਝ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਸਿਖਾ ਰਹੇ ਸਨ ਉਹ ''ਹੋਰ ਕਿਸੇ ਖੁਸ਼ਖ਼ਬਰੀ'' (1:6), ਭਾਵ ਵਿਗੜੀ ਹੋਈ ਖੁਸ਼ਖ਼ਬਰੀ (1:7) ਸੀ।

ਪੌਲੁਸ ਨੇ ਪਤਰਸ ਨੂੰ ਭਾਈਆਂ ਦੇ ਸਾਹਮਣੇ ਆਖਿਆ, ''ਜੇ ਸ਼ਰ੍ਹਾ ਦੇ ਰਾਹੀਂ ਧਰਮ ਪ੍ਰਾਪਤ ਹੁੰਦਾ'' ਤਾਂ ਪਰਮੇਸ਼ੁਰ ਦੀ ਕਿਰਪਾ ਅਕਾਰਥ ਹੈ ਅਤੇ ''ਮਸੀਹ ਐਵੇਂ ਹੀ ਮੋਇਆ'' (2:21)।

''ਜਿੰਨੇ ਸ਼ਰ੍ਹਾ ਦੇ ਕੰਮਾਂ ਉੱਤੇ ਭਰੋਸਾ ਰਖਦੇ ਹਨ ਉਹ [ਸਭ] ਸਰਾਪ ਦੇ ਹੇਠਾਂ ਹਨ'' (3:10)।

''ਪਰ ਨਿਹਚਾ ਦੇ ਆਉਣ ਤੋਂ ਪਹਿਲਾਂ ਅਸੀਂ ... ਸ਼ਰਾ ਦੇ ਪਹਿਰੇ ਹੇਠ ਬੱਧੇ ਹੋਏ ਰਹਿੰਦੇ ਸਾਂ। ਸੋ ਸ਼ਰਾ ਮਸੀਹ ਦੇ ਆਉਣ ਤੀਕੁਰ ਸਾਡੇ ਲਈ ਨਿਗਾਹਬਾਨ ਬਣੀ ...। ਪਰ ਹੁਣ ਨਿਹਚਾ ਜੋ ਆਈ ਅਸੀਂ ਅਗਾਹਾਂ ਨੂੰ ਨਿਗਾਹਬਾਨ ਦੇ ਮਤਹਿਤ ਨਹੀਂ ਹਾਂ'' (3:23–25)।

''ਤਿਵੇਂ ਅਸੀਂ ਵੀ ਜਦ ਬਾਲਕ ਸਾਂ ਤਦ ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿਚ ਸਾਂ। ਪਰ ਜਾਂ ਸਮਾ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਘੱਲਿਆ ... ਇਸ ਲਈ

ਜੋ ... ਉਨ੍ਹਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ...'' (4:3–5)।

''ਸੋ ਤੂੰ ਅਗਾਹਾਂ ਨੂੰ ਗੁਲਾਮ ਨਹੀਂ ਸਗੋਂ ਪੁੱਤਰ ਹੈਂ ਅਤੇ ਜੇ ਪੁੱਤਰ ਹੈਂ ਤਾਂ ਪਰਮੇਸ਼ੁਰ ਦੇ ਰਾਹੀਂ ਅਧਕਾਰੀ ਵੀ ਹੈਂ'' (4:7)।

''ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ, ਇਸ ਲਈ ਦ੍ਰਿੜ੍ਹ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਪੋ'' (5:1)।

ਜੋ ਕੋਈ ''ਸ਼ਰਾ ਨਾਲ ਧਰਮੀ ਬਣਨਾ ਚਾਹੁੰ[ਦਾ ਹੈ] ਸੋ ਮਸੀਹ ਤੋਂ ਅੱਡ ਹੋ'' ਗਿਆ ਅਤੇ ''ਕਿਰਪਾ ਤੋਂ ਡਿੱਗ'' ਗਿਆ ਹੈ (5:4)।

''ਪਰ ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ ਤਾਂ ਸ਼ਰਾ ਦੇ ਮਤਹਿਤ ਨਹੀਂ ਹੋ'' (5:18)।

ਪੌਲੁਸ ਨੇ ਕਿਹਾ ਕਿ ''ਅਸੀਂ *ਕਿਸੇ* ਗੋੱਲੀ ਦੀ ਨਹੀਂ ਬਲਕਿ ਅਜ਼ਾਦ ਤੀਵੀਂ ਦੀ ਸੰਤਾਨ ਹਾਂ।'' ਯੂਨਾਨੀ ਲਿਖਤ ਵਾਂਗ ਅੰਗ੍ਰੇਜ਼ੀ ਸੰਸਕਰਣ NASB ਵਿਚ ਗੋੱਲੀ ਲਈ ਸ਼ਬਦ (bondwoman) ਤੋਂ ਪਹਿਲਾਂ ਨਿਸ਼ਚਤ ਉਪਪਦ ("the") ਨਹੀਂ ਹੈ। ਪਰ freewoman ਤੋਂ ਪਹਿਲਾਂ ਉਪਪਦ ਹੈ। ਕਿਸਮ ਜਾਂ ਗੁਣ ਦਾ ਵਿਚਾਰ ਪਹਿਲੇ ਸ਼ਬਦ ਵਿਚ ਮਿਲਦਾ ਹੈ ਜਦ ਕਿ ਦੂਜੇ ਵਿਚ ਜਾਣ ਪਛਾਣ ਕਰਾਈ ਜਾਂਦੀ ਹੈ। ਦੂਜੇ ਸ਼ਬਦਾਂ ਵਿਚ, ਮਸੀਹੀ ਲੋਕ ''ਅਜਿਹੀ *ਕਿਸੇ ਵੀ* ਔਰਤ ਦੀ ਸੰਤਾਨ ਨਹੀਂ ਜਿਹੜੀ ਗੁਲਾਮ ਹੋਵੇ ਬਲਕਿ *ਉਸ* [ਸਾਰਾਹ] ਦੀ ਸੰਤਾਨ ਹਨ ਜਿਹੜੀ ਅਜ਼ਾਦ ਹੈ।'' ਪੌਲੁਸ ਦੀ ਵਾਕ ਰਚਨਾ ਹਾਜਰਾ ਦੀ ਸ਼ਾਨ ਅਤੇ ਰੁਤਬੇ ਨੂੰ ਘੱਟ ਦੱਸਦੀ ਹੈ ਅਤੇ ਸਾਰਾਹ ਦੀ ਸ਼ਾਨ ਅਤੇ ਰੁਤਬੇ ਨੂੰ ਵਧਾਉਂਦੀ ਹੈ।[53]

ਦ੍ਰਿਸ਼ਟਾਂਤ ਦਾ ਅਰਥ ਦੋਹਾਂ ਨੇਮਾਂ ਵਿਚਕਾਰ ਫ਼ਰਕ ਉੱਤੇ ਅਧਾਰਿਤ ਹੈ। ਮਸੀਹੀ ਲੋਕਾਂ ਦੇ ਰੂਪ ਵਿਚ ਨਾ ਤਾਂ ਸਾਡਾ ਜਨਮ ਅਤੇ ਨਾ ਸਾਡਾ ਗੋਦ ਲਿਆ ਜਾਣਾ ਸ਼ਰ੍ਹਾ ਲਈ ਪਰਮੇਸ਼ੁਰ ਦੀ ਸੰਤਾਨ ਵਜੋਂ ਹੋਇਆ। ਮਸੀਹ ਵਿਚ ਯਹੂਦੀ ਜਾਂ ਗੈਰਕੌਮ, ਸੁੰਨਤ ਜਾਂ ਅਸੁੰਨਤ, ਗੁਲਾਮ ਜਾਂ ਅਜ਼ਾਦ ਵਿਚ ਕੋਈ ਫ਼ਰਕ ਨਹੀਂ ਹੈ।[54] ਜਿਹੜੇ ਲੋਕ ਮਸੀਹ ਵਿਚ ਹਨ ਉਹ ਸ਼ਰ੍ਹਾ ਦੇ ਅਸਹਿ ਜੂਲੇ ਤੋਂ ਮੁਕਤ ਹਨ (5:1), ਸਜ਼ਾ ਤੋਂ ਮੁਕਤ ਹਨ (ਰੋਮੀਆਂ 8:1, 2), ਅਤੇ ਸ਼ਰ੍ਹਾ ਦੇ ਸਰਾਪ ਤੋਂ ਮੁਕਤ ਹਨ (ਗਲਾਤੀਆਂ 3:13)। ਲੇਲੇ ਦੇ ਲਹੂ ਨਾਲ ਖ਼ਰੀਦੇ ਗਏ ਸਭ ਲੋਕ ਹੁਣ ਪਰਮੇਸ਼ੁਰ ਦੇ ਛੁਡਾਏ ਹੋਏ ਅਤੇ ਪਰਮੇਸ਼ੁਰ ਦੇ ਆਤਮਾ ਦਾ ਵਾਸ ਪਾਉਣ ਵਾਲੇ ਲੋਕਾਂ ਦੀ ਭੀੜ ਹਨ।

ਯਿਸੂ ਨੇ ਸਾਮਰੀ ਔਰਤ ਨੂੰ ਦੱਸਿਆ ਕਿ ''ਮੁਕਤੀ ਯਹੂਦੀਆਂ ਤੋਂ ਹੈ'' (ਯੂਹੰਨਾ 4:22)। ਪਰ ਇਸ ਵਾਕ ਦਾ ਮਤਲਬ ਇਹ ਨਹੀਂ ਹੈ ਕਿ ਮੁਕਤੀ ਦੀ ਕੋਈ ਵੀ ਸ਼ਕਤੀ ਯਹੂਦੀਆਂ, ਯਹੂਦੀ ਮਤ ਜਾਂ ਸ਼ਰ੍ਹਾ ਵਿੱਚੋਂ ਨਿੱਕਲਦੀ ਹੋਵੇ। ਇਸ ਦੇ ਉਲਟ ਪਰਮੇਸ਼ੁਰ ਨੇ ਇਸਰਾਏਲ ਨੂੰ ਸੰਸਾਰ ਵਿਚ ਮੁਕਤੀਦਾਤੇ ਨੂੰ ਲਿਆਉਣ ਦੇ ਮਾਧਿਅਮ ਦੇ ਰੂਪ ਵਿਚ ਚੁਣਿਆ। ਮੁਕਤੀ ਖ਼ਾਸ ਤੌਰ ਤੇ ਯਿਸੂ ਵਿਚ ਮਿਲਣੀ ਸੀ। ਸ਼ਰ੍ਹਾ ਨੇ ਹਮੇਸ਼ਾ ਦੀ ਜ਼ਿੰਦਗੀ ਦੀ ਗਵਾਹੀ ਦਿੱਤੀ ਪਰ ਇਹ ਉਹ ਜ਼ਿੰਦਗੀ ਨਹੀਂ ਦੇ ਸਕੀ ਕਿਉਂ ਜੋ ਉਹ ਜ਼ਿੰਦਗੀ ਸਿਰਫ਼ ਮਸੀਹ ਵਿਚ ਹੀ ਮਿਲ ਸਕਦੀ ਹੈ।[55]

## ਪ੍ਰਾਸੰਗਿਕਤਾ

**ਪੌਲੁਸ ਦੀ ਜ਼ੋਰਦਾਰ ਅਪੀਲ** (4:1-20)

ਪੌਲੁਸ ਨੇ ਅਧਿਆਇ 4 ਵਿਚ ਮੂਸਾ ਦੀ ਸ਼ਰ੍ਹਾ ਦੀ ਵਫ਼ਾਦਾਰੀ ਤੇ ਮਸੀਹ ਵਿਚ ਨਿਹਚਾ ਦੀ ਸ੍ਰੇਸ਼ਠਤਾ ਉੱਤੇ ਆਪਣੀ ਚਰਚਾ ਨੂੰ ਜੋੜਦਿਆਂ ਇਸ ਜ਼ਰੂਰੀ ਸਚਿਆਈ ਨੂੰ ਆਪਣੇ ਪਾਠਕਾਂ ਨੂੰ

ਸਮਝਾਉਣ ਲਈ ਕਈ ਨੀਤੀਆਂ ਵਰਤੀਆਂ ਤਰਕ, ਭਾਵਨਾ ਅਤੇ ਦ੍ਰਿਸ਼ਟਾਂਤ ਦੀ ਵਰਤੋਂ ਕਰਦਿਆਂ ਉਸ ਨੇ ਗਲਾਤੀਆ ਦੇ ਮਸੀਹੀਆਂ ਨੂੰ ਆਪਣੇ ਹਾਲਾਤ ਦਾ ਮੁਲਾਂਕਣ ਕਰਕੇ ਆਪਣੀਆਂ ਜ਼ਿੰਦਗੀਆਂ ਨੂੰ ਬਦਲਣ ਦੀ ਬੇਨਤੀ ਕੀਤੀ। ਉਹ ਚਾਹੁੰਦਾ ਸੀ ਕਿ ਉਹ ਸ਼ਰ੍ਹਾ ਦੇ ਰਾਹੀਂ ਧਰਮੀ ਠਹਿਰਾਏ ਜਾਣ ਦੀ ਤਲਾਸ਼ ਕਰਨ ਦੀ ਥਾਂ ਪੂਰੀ ਤਰ੍ਹਾਂ ਨਾਲ ਯਿਸੂ ਵਿਚ ਭਰੋਸਾ ਰੱਖਣ।

*ਉਸ ਨੇ ਪੁੱਤਰਾਂ ਦੇ ਰੂਪ ਵਿਚ ਉਨ੍ਹਾਂ ਦੇ ਗੋਦ ਲਏ ਜਾਣ ਤੇ ਅਨੰਦ ਕੀਤਾ* (4:1–7)। ਅਧਿਆਇ 3 ਦੇ ਦ੍ਰਿਸ਼ਟਾਂਤ ਦੇ ਰੂਪਕ ਨੂੰ ਅੱਗੇ ਤੋਰਦਿਆਂ ਪੌਲੁਸ ਨੇ ਯਹੂਦੀ ਮਤ ਨੂੰ ਉਸ ਬਾਲਕ ਦੀ ਹਾਲਤ ਨਾਲ ਮਿਲਾਇਆ ਜਿਹੜਾ ''ਉਸ ਮਿਆਦ ਤੀਕ ਜੋ ਪਿਤਾ ਦੇ ਪਹਿਲਾਂ ਠਹਿਰਾਈ ਹੈ ਸਰਬਰਾਹਾਂ ਅਤੇ ਮੁਖਤਿਆਰਾਂ ਦੇ ਮਤਹਿਤ ਹੈ'' (4:2)। ਅਮਲੀ ਤੌਰ ਤੇ ਬਾਲਕ ''ਅਤੇ ਗੁਲਾਮ ਵਿਚ ਕੁਝ ਭਿੰਨ ਭੇਤ ਨਹੀਂ ਸੀ'' (4:1)। ਪਰ ਸੁਰਗੀ ਪਿਤਾ ਵੱਲੋਂ ਠਹਿਰਾਇਆ ਹੋਇਆ ਸਮਾਂ ਆ ਗਿਆ ਸੀ ਅਤੇ ਉਸ ਨੇ ਆਪਣੇ ਪੁੱਤਰ ਨੂੰ ਜਗਤ ਵਿਚ ਘੱਲਿਆ ਤਾਂ ਜੋ ''ਉਨ੍ਹਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ'' (4:4, 5ੳ)। ਯਿਸੂ ਮਸੀਹ ਦੇ ਰਾਹੀਂ ਛੁਡਾਏ ਜਾਣ ਨਾਲ ਯਹੂਦੀਆਂ ਅਤੇ ਗੈਰਕੌਮਾਂ ਦੋਹਾਂ ਨੂੰ ਬਰਾਬਰ ਪੁੱਤਰ ਬਣਾਇਆ ਜਾਣਾ ਸੀ (4:5ਅ, 6)। ਰਸੂਲ ਨੇ ਜ਼ਬਰਦਸਤ ਢੰਗ ਨਾਲ ਇਹ ਪ੍ਰਚਾਰ ਕਰਦਿਆਂ ਇਸ ਵਿਚਾਰ ਨੂੰ ਸੰਖੇਪ ਕੀਤਾ, ''ਸੋ ਤੂੰ ਅਗਾਹਾਂ ਨੂੰ ਗੁਲਾਮ ਨਹੀਂ ਸਗੋਂ ਪੁੱਤਰ ਹੈਂ ਅਤੇ ਜੇ ਪੁੱਤਰ ਹੈਂ ਤਾਂ ਪਰਮੇਸ਼ੁਰ ਦੇ ਰਾਹੀਂ ਅਧਕਾਰੀ ਵੀ ਹੈਂ'' (4:7)।

*ਉਸ ਨੇ ਉਨ੍ਹਾਂ ਦੇ ਪਰਤ ਜਾਣ ਤੇ ਅਫ਼ਸੋਸ ਕੀਤਾ* (4:8–11)। ਗਲਾਤੀਆਂ ਵਿਚ ਪੌਲੁਸ ਵੱਲੋਂ ਮਸੀਹ ਵਿਚ ਲਿਆਂਦੇ ਲੋਕ ਗੈਰਕੌਮ ਮੂਰਤੀਪੂਜਕ ਸਨ। ਇਸ ਕਰਕੇ ਉਨ੍ਹਾਂ ਦੀ ਪਿਛਲੀ ਜੀਵਨ ਸ਼ੈਲੀ ਦੀ ਗੱਲ ਕਰਦਿਆਂ ਉਸ ਨੇ ਆਖਿਆ ਕਿ ਉਹ ''ਉਨ੍ਹਾਂ ਦੇ ਬੰਧਨ ਵਿਚ ਸਾਓ ਜਿਹੜੇ ਅਸਲ ਵਿਚ ਈਸ਼ੁਰ ਨਹੀਂ ਸਨ'' (4:8)। ਜਦ ਉਸ ਨੇ ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਈ ਸੀ (ਮਸੀਹ ਨੂੰ ਸਰੇਆਮ ਸਲੀਬ ਉੱਤੇ ਚੜ੍ਹਾਇਆ ਵਿਖਾ ਕੇ; 3:1), ਤਾਂ ਉਨ੍ਹਾਂ ਨੇ ਨਿਹਚਾ ਨਾਲ ਬਪਤਿਸਮਾ ਲੈ ਕੇ ਉਸ ਨੂੰ ਕਬੂਲ ਕੀਤਾ ਸੀ ਅਤੇ ''ਪਰਮੇਸ਼ੁਰ ਦੇ ਪੁੱਤਰ'' ਬਣ ਗਏ ਸਨ (3:26)। ਪੌਲੁਸ ਨੂੰ ਇਸ ਗੱਲ ਦੀ ਪਰੇਸ਼ਾਨੀ ਸੀ ਕਿ ਉਹ ''ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ ਦੀ ਵੱਲ ਮੁੜ'' ਜਾਣਗੇ ਜਿਹੜੀਆਂ ਉਨ੍ਹਾਂ ਨੂੰ ਬਚਾ ਨਹੀਂ ਸਕਦੀਆਂ ਸਨ (4:9)। ਇਸ ਭਾਸ਼ਾ ਵਿਚ ਯਹੂਦੀਆਂ ਦੇ ਖ਼ਾਸ ਦਿਨਾਂ ਅਤੇ ਪਰਬਾਂ ਨੂੰ ਸਨਮਾਨ ਦੇਣਾ ਸ਼ਾਮਿਲ ਸੀ ਜਿਸ ਨੂੰ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਗੈਰਕੌਮ ਮਸੀਹੀਆਂ ਉੱਥੇ ਥੋਪ ਰਹੇ ਸਨ (4:10)। ਰਸੂਲ ਜਿਸ ਨੇ ਉਨ੍ਹਾਂ ਵਿਚ ਪ੍ਰਚਾਰ ਕਰਨ ਲਈ ਆਪਣੀ ਜਾਨ ਜੋਖਿਮ ਵਿਚ ਪਾ ਦਿੱਤੀ ਸੀ, ਨੂੰ ਸਿਰਫ਼ ਐਨੀ ਉਮੀਦ ਸੀ ਕਿ ਉਨ੍ਹਾਂ ਦੀ ਖਾਤਿਰ ਕੀਤੀਆਂ ਗਈਆਂ ਉਸ ਦੀਆਂ ਮੇਹਨਤਾਂ ''ਐਵੇਂ'' ਨਹੀਂ ਗਈਆਂ ਸਨ (4:11)।

*ਉਸ ਨੇ ਉਨ੍ਹਾਂ ਦੇ ਨਵੇਂ ਸਿਰਿਓਂ ਲਗਾਅ ਦੀ ਭੀਖ ਮੰਗੀ* (4:12–20)। ਨਿਹਚਾ ਵਿਚ ਉਨ੍ਹਾਂ ਦਾ ਪਿਤਾ ਹੋਣ ਕਰਕੇ ਪੌਲੁਸ ਨੇ ਗਲਾਤੀਆਂ ਨੂੰ ਆਪਣੀ ਨਕਲ ਕਰਨ ਲਈ ਆਖਿਆ (4:12)। ਉਸ ਨੇ ਗਲਾਤੀਆਂ ਨੂੰ ਉਨ੍ਹਾਂ ਵੱਲੋਂ ਉਸ ਦੇ ਸ਼ਾਨਦਾਰ ਸਵਾਗਤ ਕੀਤੇ ਜਾਣ ਦੀ ਗੱਲ ਯਾਦ ਦਆਈ, ਉਸ ਦੇ ਖ਼ਤਰਨਾਕ ਰੋਗ ਦੇ ਬਾਵਜੂਦ ਉਨ੍ਹਾਂ ਉਸ ਨੂੰ ਈਵੇਂ ਕਬੂਲ ਕੀਤੇ ਜਾਣ ਦੀ ਗੱਲ ਯਾਦ ਦੁਆਈ ਜਿਵੇਂ ਉਹ ''ਮਸੀਹ ਦਾ ਦੂਤ'' ਜਾਂ ''ਸਗੋਂ ਮਸੀਹ ਯਿਸੂ'' ਆਪ ਹੋਵੇ (4:13, 14)। ਉਸ ਨੇ ਉਨ੍ਹਾਂ ਨੂੰ ਇਹ ਆਖਦਿਆਂ ਕਿ ਲੋੜ ਪੈਣ ਤੇ ਉਹ ਆਪਣੀਆਂ ''ਅੱਖਾਂ'' ਵੀ ਕੁਰਬਾਨ ਕਰ ਦਿੰਦੇ, ਉਨ੍ਹਾਂ ਨੂੰ ਯਾਦ ਦੁਆਇਆ ਕਿ ਉਨ੍ਹਾਂ ਨੇ ਉਹਦੇ ਨਾਲ ਕਿੰਨਾ ਪਿਆਰ ਵਿਖਾਇਆ (4:15)। ਪੌਲੁਸ ਨੇ ਉਨ੍ਹਾਂ ਤੋਂ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਝੂਠੀ ਸਿੱਖਿਆ ਨੂੰ ਨਕਾਰ ਕੇ ਮਸੀਹ ਵਿਚ ਅਨੰਦ ਅਤੇ ਉਹਦੇ ਲਈ ਆਪਣੇ ਪ੍ਰੇਮ ਨੂੰ ਨਵੇਂ ਸਿਰਿਓਂ ਬਣਾਉਣ ਦੀ ਭੀਖ ਮੰਗੀ (4:16–18)। ਉਹ ਆਪਣੀ ''ਔਲਾਦ'' ਨੂੰ ਮਿਲਣ ਲਈ ਤੜਪਦਾ ਸੀ ਤਾਂ ਜੋ ਉਹ ਉਨ੍ਹਾਂ ਨਾਲ ਰੂ–ਬ–ਰੂ ਗੱਲ ਕਰ ਸਕੇ। ਉਹਦਾ ਟੀਚਾ ਸੀ ਕਿ ਮਸੀਹ ਸਚਮੁਚ ਉਨ੍ਹਾਂ ਵਿਚ ''ਸੁਰਤ'' ਫੜ

ਲਵੇ (4:19, 20)।

*ਉਸ ਨੇ ਮਸੀਹ ਵਿਚ ਉਨ੍ਹਾਂ ਦੀ ਅਜ਼ਾਦੀ ਨੂੰ ਉਦਾਹਰਣ ਨਾਲ ਸਮਝਾਇਆ* (4:21–31)। ਪੌਲੁਸ ਨੇ ਸਾਫ਼ ਸਾਫ਼ ਸਮਝਾਇਆ ਕਿ ਗਲਾਤੀਆਂ ਨੂੰ ਅਜ਼ਾਦੀ ਯਿਸੂ ਮਸੀਹ ਵਿਚ ਮਿਲੀ ਸੀ। ਉਸ ਨੇ ਅਬਰਾਹਾਮ ਦੇ ਦੋ ਪੁੱਤਰਾਂ ਇਸਮਾਏਲ ਅਤੇ ਇਸਹਾਕ ਦੀ ਪੁਰਾਣੇ ਨੇਮ ਦੀ ਕਹਾਣੀ ਤੇ ਅਧਾਰਿਤ ਇਕ ਰੂਪਕ ਵਰਤਿਆ। ਇਸਮਾਏਲ ''ਗੋੱਲੀ'' ਤੋਂ ਜੰਮਿਆ ਅਬਰਾਹਾਮ ਦਾ ਪੁੱਤਰ ਸੀ। ਉਹ ਦੁਨਿਆਵੀ ਯਰੂਸ਼ਲਮ ਦੇ ਨਾਲ ਨਾਲ ਸੀਨਾ ਪਹਾੜ ਉੱਤੇ ਪੁਰਾਣੇ ਨੇਮ ਨਾਲ ਵਾਂਗ ਮੇਲ ਖਾਂਦਾ ਹੈ। ਇਸ ਦੇ ਉਲਟ ਇਸਹਾਕ ''ਅਜ਼ਾਦ'' ਭਾਵ ਅਬਰਾਹਾਮ ਦੀ ਪਤਨੀ ਸਾਰਾਹ ਤੋਂ ਜੰਮਿਆ ਪੁੱਤਰ ਸੀ। ਉਹ ਸੁਰਗੀ ਯਰੂਸ਼ਲਮ ਦੇ ਨਾਲ ਨਾਲ ਮਸੀਹ ਵੱਲੋਂ ਬਨ੍ਹੇ ਗਏ ਨਵੇਂ ਨੇਮ ਵਾਂਗ ਹੈ (4:21–27)।

ਇਸਮਾਏਲ ਵਾਂਗ ਯਹੂਦੀਆਂ ਦਾ ਜਨਮ ਕੁਦਰਤੀ ਢੰਗ ਨਾਲ ਹੋਇਆ ਸੀ। ਪਰ ਗਲਾਤੀਆਂ ਦੇ ਮਸੀਹੀ ਲੋਕ ਇਸ ਗੱਲ ਵਿਚ ''ਇਸਹਾਕ ਵਾਂਗ'' ਸਨ ਕਿ ਉਹ ''ਬਚਨ ਦੀ ਸੰਤਾਨ'' ਸਨ (4:28)। ਪਰਮੇਸ਼ੁਰ ਨੇ ਅਬਰਾਹਾਮ ਅਤੇ ਸਾਰਾਹ ਨੂੰ ਪੁੱਤਰ ਦੇਣ ਦਾ ਆਪਣਾ ਬਚਨ ਪੂਰਾ ਕੀਤਾ ਸੀ, ਭਾਵੇਂ ਉਹ ਐਨੇਂ ਬੁੱਢੇ ਸਨ ਕਿ ਉਨ੍ਹਾਂ ਦੇ ਸੰਤਾਨ ਨਹੀਂ ਹੋ ਸਕਦੀ ਸੀ ਅਤੇ ਸਾਰਾਹ ਬਾਂਝ ਸੀ। ਮਸੀਹੀ ਲੋਕਾਂ ਦਾ ਨਾਂਅ ਅਰਥਾਤ ਆਤਮਿਕ ਜਨਮ ਅਬਰਾਹਾਮ ਨੂੰ ਉਸ ਦੀ ਅੰਸ (ਜੋ ਕਿ ਮਸੀਹ ਹੈ) ਦੇ ਰਾਹੀਂ ਸਭ ਲੋਕਾਂ ਨੂੰ ਬਰਕਤ ਦੇਣ ਦੇ ਉਹਦੇ ਵਾਅਦੇ ਦਾ ਪੂਰਾ ਹੋਣਾ ਸੀ।

ਜਿਸ ਤਰ੍ਹਾਂ ਨਾਲ ਇਸਮਾਏਲ ਇਸਹਾਕ ਨੂੰ ਪਰੇਸ਼ਾਨ ਕਰਦਾ ਹੁੰਦਾ ਸੀ ਉਸੇ ਤਰ੍ਹਾਂ ਨਾਲ ਬੇਪਰਤੀਤੇ ਯਹੂਦੀ ਵੀ ਕਲੀਸੀਆ ਨੂੰ ਸਤਾਉਂਦੇ ਸਨ। ਸਾਰਾਹ ਨੇ ਅਬਰਾਹਾਮ ਨੂੰ ਹਾਤਰਾ ਨੂੰ ਅਤੇ ਇਸਮਾਏਲ ਨੂੰ ਕੱਢ ਦੇਣ ਦੀ ਬੇਨਤੀ ਕੀਤੀ ਕਿਉਂ ਜੋ ਗੁਲਾਮ ਦੇ ਪੁੱਤਰ ਨੇ ਇਸਹਾਕ ਨਾਲ ਮਿਲਾਸ ਵਿਚ ਸਾਂਝੀ ਨਹੀਂ ਹੋਣਾ ਸੀ। ਗਲਾਤੀਆਂ ਲਈ ਆਪਣੇ ਵਿੱਚੋਂ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਕੱਢ ਦੇਣਾ ਜ਼ਰੂਰੀ ਸੀ (4:29–31)।

### ''ਮੂਲ ਗੱਲਾਂ'' (4:3, 9)

ਅਧਿਆਇ 4 ਵਿਚ ਪੌਲੁਸ ਨੇ ਦੋ ਵਾਰ ''ਮੂਲ ਗੱਲਾਂ'' ਦੀ ਗੱਲ ਕੀਤੀ (4:3, 9; ESV)। ਪਹਿਲੀ ਵਾਰ ਇਹ ਸ਼ਬਦ ਉਸ ਸ਼ਰ੍ਹਾ ਲਈ ਵਰਤਿਆ ਗਿਆ ਜਿਹਦੇ ਮਤਹਿਤ ਯਹੂਦੀ ਲੋਕ ਸਨ। ਦੂਜੀ ਵਾਰ ਵਾਲੇ ਸ਼ਬਦ ਵਿਚ ਗੈਰਕੌਮ ਲੋਕ ਆਉਂਦੇ ਹਨ ਅਤੇ ਇਸ ਦਾ ਦੋਹਰਾ ਅਰਥ ਹੈ। ''ਮੁੜ ਜਾਂਦੇ ਹੋ'' ਵਾਕਅੰਸ਼ ''ਸ਼ਰ੍ਹਾ'' ਜਿਸ ਦੇ ਨਾਲ ਨਾਲ (ਉਹ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਪ੍ਰਭਾਵ ਕਰਕੇ ਜੁੜੇ ਹੋਏ ਸਨ) ਕਾਫ਼ਿਰ ਮੂਰਤੀਪੂਜਾ (ਜੋ ਗਲਾਤੀਆਂ ਦੇ ਲੋਕ ਪਹਿਲਾਂ ਕਰਦੇ ਸਨ) ਵਾਲੀਆਂ ''ਮੂਲ ਗੱਲਾਂ'' ਨਾਲ ਸਬੰਧਿਤ ਹੈ। ਇਨ੍ਹਾਂ ਵਿੱਚੋਂ ਕਿਸੇ ਵਿਚ ਵੀ ਉਨ੍ਹਾਂ ਨੂੰ ਮੁਕਤੀ ਦੁਆਉਣ ਦੀ ਸ਼ਕਤੀ ਨਹੀਂ ਸੀ।

ਸ਼ਰ੍ਹਾ ਨੇ ਉਸ ਸਮੇਂ ਤਕ ਲਿਆਉਣ ਲਈ ਜਦ ਮਸੀਹ ਨੇ ਆਉਣਾ ਸੀ ਇਕ ਜ਼ਰੂਰੀ ਸਾਧਨ ਦਾ ਕੰਮ ਕੀਤਾ। ਬੱਚੇ ਨੂੰ ਸੰਖੇਪ ਵਿਚਾਰਾਂ ਨੂੰ ਸਮਝਣ ਦੇ ਯੋਗ ਹੋਣ ਲਈ ਮਨ ਨੂੰ ਛੂ ਲੈਣ ਵਾਲੀ ਮਦਦ ਦੀ ਲੋੜ ਹੁੰਦੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਸਮਝਾਉਣ ਲਈ ਕਈ ਵਾਰ ਤਸਵੀਰਾਂ ਦੇ ਰਾਹੀਂ ਸਮਝਾਉਣਾ ਪੈਂਦਾ ਹੈ। ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਜਦੋਂ ਉਹ ਬਾਲ ਅਵਸਥਾ ਵਿਚ ਸਨ, ਗੱਲਬਾਤ ਕਰਨ ਲਈ ਨਜ਼ਰ ਆਉਣ ਵਾਲੀਆਂ ਮੂਰਤਾਂ ਦੀ ਵਰਤੋਂ ਕੀਤੀ ਅਤੇ ਦ੍ਰਿਸ਼ਟਾਂਤਾਂ ਨੂੰ ਅਮਲ ਵਿਚ ਲਿਆਂਦਾ। ਅੱਜ ਬੱਚੇ ਸਿੱਖਿਆ ਦੀਆਂ ਬੁਨਿਆਦੀ ਗੱਲਾਂ ਅਤੇ ਸ਼ਬਦਾਵਲੀ ਨੂੰ ਸਮਝਣ ਲਈ ''ਨਰਸਰੀ ਸਕੂਲ'' ਵਿਚ ਜਾਂਦੇ ਹਨ ਕਿਉਂ ਜੋ ਉਨ੍ਹਾਂ ਨੂੰ ਪੜ੍ਹਾਈ, ਗਣਿਤ ਅਤੇ ਹੋਰਨਾਂ ਖੇਤਰਾਂ ਵਿਚ ਮਾਹਿਰ ਹੋਣ ਤੋਂ ਪਹਿਲਾਂ ਭਾਸ਼ਾ ਦੇ ਅੱਖਰਾਂ ਅਤੇ ਬੇਨਤੀ ਦਾ ਗਿਆਨ ਹੋਣਾ ਜ਼ਰੂਰੀ ਹੈ। ਇਨ੍ਹਾਂ ਬੁਨਿਆਦੀ ਗੱਲਾਂ ਦੇ ਬਿਨਾਂ ਸਿੱਖਿਆ ਦੀ ਪੂਰੀ ਪ੍ਰਕਿਰਿਆ ਹੀ ਨਾਮੁਮਕਿਨ ਹੋਵੇਗੀ। ਜਦ ਬੱਚਾ ਬੁਨਿਆਦੀ ਸਿੱਖਿਆ ਦੀਆਂ

ਇਨ੍ਹਾਂ ਗੱਲਾਂ ਨੂੰ ਸਮਝ ਜਾਂਦਾ ਹੈ ਤਾਂ ਉਸ ਨੂੰ ਉਚੇਰੀ ਸਿੱਖਿਆ ਲਈ ਵੱਡੇ ਸਕੂਲ ਵਿਚ ਭੇਜ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਨਾਲ ਨਾਲ ਸ਼ਰ੍ਹਾ ਨੇ ਆਪਣਾ ਕੰਮ ਪੂਰਾ ਕੀਤਾ। ਪਰ ਮਸੀਹ ਦੇ ਆਉਣ ਦੇ ਬਾਅਦ ਉਹਦੇ ਵੱਲ ਵਾਪਸ ਮੁੜ ਜਾਣ ਦਾ ਕੋਈ ਕਾਰਣ ਨਹੀਂ ਸੀ।

**ਯਿਸੂ, ਛੁਡਾਉਣ ਵਾਲਾ** (4:4, 5)

4:4, 5 ਵਿਚ ਪੌਲਸ ਨੇ ਲਿਖਿਆ, ''ਪਰ ਜਾਂ ਸਮਾ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ। ਇਸ ਲਈ ਜੋ ਮੁੱਲ ਦੇ ਕੇ ਉਨ੍ਹਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪਰਾਪਤ ਹੋਵੇ।'' ਇਨ੍ਹਾਂ ਸ਼ਬਦਾਂ ਵਿਚ ਇਸ ਗੱਲ ਤੇ ਜ਼ੋਰ ਹੈ ਕਿ ਸਹੀ ਸਮਾਂ ਆਉਣ ਤੇ ਪਰਮੇਸ਼ੁਰ ਨੇ ਮਨੁੱਖ ਨੂੰ ਪਾਪ ਦੀ ਗੁਲਾਮੀ ਵਿੱਚੋਂ ਛੁਡਾਉਣ ਲਈ ਧਰਤੀ ਉੱਤੇ ਆਪਣੇ ਪੁੱਤਰ ਨੂੰ ਘੱਲਿਆ (ਵੇਖੋ ਯੂਹੰਨਾ 8:31–36)। ਇਸ ਵਿਚਾਰ ਨੂੰ ਇਬਰਾਨੀਆਂ ਦੀ ਕਿਤਾਬ ਨੇ ਇਸ ਤਰ੍ਹਾਂ ਜਤਾਇਆ ਹੈ:

> ਸੋ ਜਦ ਬਾਲਕ ਲਹੂ ਅਤੇ ਮਾਸ ਵਿਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਹਨਾਂ ਹੀ ਵਿਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿਚ ਮੌਤ ਹੈ ਅਰਥਾਤ ਸ਼ੈਤਾਨ ਨੂੰ ਨਾਸ ਕਰੇ। ਅਤੇ ਉਨ੍ਹਾਂ ਨੂੰ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿਚ ਫਸੇ ਹੋਏ ਸਨ ਛੁਡਾਵੇ (ਇਬਰਾਨੀਆਂ 2:14, 15)।
>
> ਇਸ ਲਈ ਉਹ ਸੰਸਾਰ ਵਿਚ ਆਉਂਦਾ ਹੋਇਆ ਆਖਦਾ ਹੈ, ਬਲੀਦਾਨ ਅਰ ਭੇਟ ਤੂੰ ਨਹੀਂ ਚਾਹਿਆ, ਪਰ ਮੇਰੇ ਲਈ ਦੇਹੀ ਤਿਆਰ ਕੀਤੀ (ਇਬਰਾਨੀਆਂ 10:5)।
>
> ਅਤੇ ਉਸੇ ਇੱਛਿਆ ਕਰਕੇ ਅਸੀਂ ਯਿਸੂ ਮਸੀਹ ਦੀ ਦੇਹੀ ਦੇ ਇੱਕੋ ਵਾਰ ਚੜ੍ਹਾਏ ਜਾਣ ਦੇ ਰਾਹੀਂ ਪਵਿੱਤਰ ਕੀਤੇ ਗਏ ਹਾਂ (ਇਬਰਾਨੀਆਂ 10:10)।

ਇਨ੍ਹਾਂ ਅਤੇ ਹੋਰਨਾਂ ਹਵਾਲਿਆਂ ਤੋਂ ਇਹ ਸਪੱਸ਼ਟ ਹੈ ਕਿ ਯਿਸੂ ਨੂੰ ਮਨੁੱਖ ਨੂੰ ਛੁਟਕਾਰਾ ਦੁਆਉਣ ਵਿਚ ਦੇਹ ਵਿਚ ਮਰਨਾ ਜ਼ਰੂਰੀ ਸੀ।[56] ਇਹ ਪਰਮੇਸ਼ੁਰ ਦੀ ''ਸਨਾਤਨ ਮਨਸ਼ਾ'' ਦਾ ਪੂਰਾ ਹੋਣਾ ਹੈ (ਅਫ਼ਸੀਆਂ 3:11)। ਇਸ ਦੇ ਬਾਵਜੂਤ ਗਤਸਮਨੀ ਵਿਚ ਉਸ ਦੀ ਭਾਵਭਰੀ ਬੇਚੈਨੀ ਤੇ ਵਿਚਾਰ ਕਰਨਾ ਲੂੰ ਕੰਡੇ ਖੜੇ ਕਰ ਦਵੇਗਾ। ਇਹ ਜਾਣਦਿਆਂ ਕਿ ਉਹਦੇ ਨਾਲ ਕੀ ਹੋਣ ਵਾਲਾ ਹੈ, ਪਰ ਇਹ ਵੀ ਜਾਣਦਿਆਂ ਕਿ ਪਰਮੇਸ਼ੁਰ ਲਈ ਕੁਝ ਵੀ ਅਸੰਭਵ ਨਹੀਂ ਹੈ, ਉਸ ਨੇ ਸੰਘਰਸ਼ ਕੀਤਾ। ਉਸ ਨੇ ਦਿਲੋਂ ਦੁਆ ਕੀਤੀ, ''ਜੇ ਹੋ ਸਕੇ ਤਾਂ ਇਹ ਘੜੀ ਮੈਥੋਂ ਟਲ ਜਾਵੇ।'' ਉਸ ਨੇ ਪੁਕਾਰ ਕੇ ਆਖਿਆ, ''ਅੱਬਾ, ਹੇ ਪਿਤਾ, ਤੈਥੋਂ ਸਭੋਂ ਕੁਝ ਹੋ ਸਕਦਾ ਹੈ। ਇਹ ਪਿਆਲਾ ਮੇਰੇ ਕੋਲੋਂ ਹਟਾ ਦਿਹ ਤਾਂ ਵੀ ਉਹ ਨਾ ਹੋਵੇ ਜਿਹੜਾ ਮੈਂ ਚਾਹੁੰਦਾ ਹਾਂ ਪਰ ਉਹ ਹੋਵੇ ਜਿਹੜਾ ਤੂੰ ਚਾਹੁੰਦਾ ਹੈਂ'' (ਮਰਕੁਸ 14:36)। ਉਸਦਾ ਸੰਤਾਪ ਐਨਾਂ ਜ਼ਿਆਦਾ ਸੀ ਕਿ ''ਉਹਦਾ ਮੁੜਕਾ ਲਹੂ ਦੀਆਂ ਬੂਦਾਂ ਵਾਂਗੂ ਭੁੰਏ ਡਿੱਗਦਾ ਸੀ'' (ਲੂਕਾ 22:44)।

ਯਿਸੂ ਪਿਤਾ ਦੀ ਇੱਛਾ ਪੂਰੀ ਕਰਨਾ ਚਾਹੁੰਦਾ ਸੀ ਅਤੇ ਅਜਿਹਾ ਕਰਕੇ ਉਸ ਨੂੰ ਤਾਕਤ ਵੀ ਮਿਲ ਰਹੀ ਸੀ (ਯੂਹੰਨਾ 4:31–34); ਇਸ ਦੇ ਬਾਵਜੂਦ ਜਿਵੇਂ ਕਿ ਹੋਰ ਕਿਤੇ ਨਹੀਂ ਮਿਲਦਾ, ਉਹਦੀ ਇਛਾ ਨੂੰ ਪਿਤਾ ਦੀ ਇੱਛਾ ਦੇ ਉਲਟ ਪਰਖਿਆ ਗਿਆ ਸੀ। ਇਸ ਦੇਹ ਵਿਚ ਰਹਿੰਦਿਆਂ ਜਿਹੜੀ ਕਿ ਉਸ ਦਾ ਜੋ ਉਹ ਸੀ ਹਿੱਸਾ ਬਣ ਗਈ ਸੀ, ਉਹ ਉਸ ਨਾਲ ਉਸ ਦੀ ਇੱਛਾ ਨਹੀਂ ਕਰ ਸਕਦਾ ਸੀ ਜੋ ਉਸ ਨਾਲ ਹੋਣ ਵਾਲਾ ਸੀ। ਖ਼ੁਦਾ ਦੇ ਰੂਪ ਵਿਚ ਯਿਸੂ ਨੂੰ ਪਰਮੇਸ਼ੁਰ ਦੀ ਇੱਛਾ ਨਾਲ ਮਿਲਣ

ਵਿਚ ਅਨੰਦ ਮਿਲਣਾ ਸੀ ਪਰ ਮਨੁੱਖ ਦੇ ਰੂਪ ਵਿਚ ਉਹਦੇ ਮਨੁੱਖੀ ਸੁਭਾਅ ਦੀ ਹਰ ਗੱਲ ਉਸ ਤੋਂ ਜੋ ਉਹ ਜਾਣਦਾ ਸੀ ਕਿ ਰੱਬੀ ਇੱਛਾ ਹੈ, ਬਚਨ ਲਈ ਪੁਕਾਰਦੀ ਸੀ। ਗਤਸਮਨੀ ਵਿਚ ਕਿਤੇ ਆਪਣੇ ਪਿਤਾ ਦੀ ਇੱਛਾ ਦੇ ਸਾਹਮਣੇ ਆਪਣੀ ਇੱਛਾ ਨੂੰ ਕੁਰਬਾਨ ਕਰਦਿਆਂ ਯਿਸੂ ਦੇ ਆਤਮਾ ਨੇ ਉਸ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਫ਼ਤਹਿ ਪਾਈ: ''ਉਹ ਨਾ ਹੋਵੇ ਜਿਹੜਾ ਮੈਂ ਚਾਹੁੰਦਾ ਹਾਂ ਪਰ ਉਹ ਹੋਵੇ ਜਿਹੜਾ ਤੂੰ ਚਾਹੁੰਦਾ ਹੈਂ'' (ਮਰਕੁਸ 14:36)। ਇੱਥੇ ਹੀ, ਭਾਵ ਮਨੁੱਖੀ ਰੂਪ ਵਿਚ, ਪਰਮੇਸ਼ੁਰ ਦੇ ਪੁੱਤਰ ਨੇ ''ਦੁੱਖ ਭੋਗੇ ਉਨ੍ਹਾਂ ਤੋਂ ਆਗਿਆਕਾਰੀ ਸਿੱਖੀ। ਅਤੇ ਉਹ ਸਿੱਧ ਹੋ ਕੇ ਉਨ੍ਹਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ'' (ਇਬਰਾਨੀਆਂ 5:8, 9)।

**ਮੰਚ ਤਿਆਰ ਕਰਨਾ** (4:4)[57]

ਪਵਿੱਤਰ ਲਿਖਤ ਦੇ ਗੰਭੀਰ ਪਾਠਕ ਅਬਰਾਹਾਮ ਦੀ ਸੰਤਾਨ ਦੀਆਂ ਪਰੀਖਿਆਵਾਂ ਕਈ ਤਰ੍ਹਾਂ ਦੀਆਂ ਲਗਦੀਆਂ ਸਨ ਅਤੇ ਆਮ ਤੌਰ ਤੇ ਤਕਲੀਫ਼ਦੇਹ ਹੁੰਦੀਆਂ ਸਨ, ਕਈ ਵਾਰ ਬੜੀਆਂ ਹੀ ਤਬਾਹਕੁਨ ਸਨ; ਪਰ ਪਰਮੇਸ਼ੁਰ ਦੀ ਹਦਾਇਤ ਨੂੰ ਮੰਨਦਿਆਂ ਸਭ ਗੱਲਾਂ ਉਦੇਸ਼ ਭਰਪੂਰ ਸਨ। ਮਿਸਰ ਦੀ ਗੁਲਾਮੀ ਵਿਚ ਇਸਰਾਏਲ ਕੌਮ ਦੇ ਜਨਮ ਕਰਕੇ ਉਜਾੜ ਵਿੱਚ ਘੁੰਮਣ ਦੌਰਾਨ ਉਨ੍ਹਾਂ ਦਾ ਇਤਿਹਾਸ ਨਿਹਚਾਹੀਣ ਹੋ ਗਿਆ। ਨਿਆਈਆਂ ਦੇ ਤਹਿਤ ਆਪਹੁਦਰੇ ਕਾਲ ਤੋਂ ਇਸ ਦੇ ਸ਼ੁਰੂਆਤੀ ਰਾਜਿਆਂ ਦੇ ਸੁਨਹਰੀ ਯੁੱਗ ਦੀ ਸ਼ੁਰੂਆਤ ਹੋਈ। ਜ਼ਿਆਦਾਤਰ ਰਾਜਿਆਂ ਦੀ ਹਕੂਮਤ ਦੌਰਾਨ ਇਸਰਾਏਲ ਦੀ ਨਾਸਤਿਕਤਾ ਦੇ ਬਾਅਦ ਇਸ ਦਾ ਅਸੂਰ ਅਤੇ ਬਾਬੁਲ ਵਿਚ ਜਾਣ ਦਾ ਅਤੇ ਫਿਰ ਜਰੂਬਾਬਿਲ, ਅਜ਼ਰਾ, ਨਹਮਯਾਹ ਦੀ ਅਗਵਾਈ ਵਿਚ ਅਨੰਦ ਨਾਲ ਆਪਣੇ ਦੇਸ਼ ਪਰਤਣ ਦਾ ਕਾਰਣ ਬਣਿਆ। ਸਿਕੰਦਰ ਮਹਾਨ ਦੀ ਹਕੂਮਤ ਦੌਰਾਨ ਮਕਦੂਨੀਆਂ ਦੀ ਫ਼ਤਹਿ ਅਤੇ ਸੱਭਿਆਚਾਰਕ, ਭਾਸ਼ਾਈ ਅਤੇ ਧਾਰਮਿਕ ਬਦਲਾਵਾਂ ਨਾਲ ਸੀਰੀਆ ਅਤੇ ਮਿਸਰ ਦੇ ਰਾਜਿਆਂ ਦੀ ਹਕੂਮਤ ਵਿਚ ਤਕਲੀਫ਼ਾ ਆਈਆਂ। ਅਜ਼ਾਦੀ ਦੇ ਮੱਕਾਬੀਆਂ ਦੇ ਸ਼ਾਨਦਾਰ ਪਰ ਸੰਖੇਪਕਾਲ ਤੋਂ ਪਹਿਲਾਂ ਰੋਮੀਆਂ ਦੇ ਕਬਜ਼ੇ ਤੋਂ ਨਜਾਤ ਦੀ ਉਮੀਦ ਜਾਗੀ। ਇਨ੍ਹਾਂ ਸਭ ਇਨਕਲਾਬੀ ਬਦਲਾਵਾਂ ਨੇ ਜਿਨ੍ਹਾਂ ਨਾਲ ਆਲੇ ਦੁਆਲੇ ਦੇ ਲੋਕਾਂ ਵਿਚਕਾਰ ਲੜਾਈਆਂ ਹੁੰਦੀਆਂ ਸਨ। ''ਇਸਰਾਏਲ ਦੀ ਤਸੱਲੀ'' ਅਤੇ ''ਯਰੂਸ਼ਲਮ ਦੇ ਨਿਸਤਾਰੇ'' ਦੀ ਉਨ੍ਹਾਂ ਲਈ ਵਫ਼ਾਦਾਰ ਬਕੀਏ ਵਿਚਕਾਰ (ਯਰੂਸ਼ਲਮ ਦੇ ਨਿਸਤਾਰੇ) ਦੀ ਉਨ੍ਹਾਂ ਦੀ ਉਮੀਦ ਨੂੰ ਵਧਾਉਣ ਦਾ ਕੰਮ ਕੀਤਾ (ਲੂਕਾ 2:25, 38)।

ਨਾ ਤਾਂ ਅਬਰਾਹਾਮ ਦੇ ਪੋਤੇ ਯਾਕੂਬ (ਇਸਰਾਏਲ) ਅਤੇ ਨਾ ਹੀ ਉਹਦੇ ਨਾਮ ਤੋਂ ਬਣੀ ਕੌਮ ਨੂੰ ਕੁਝ ਪਤਾ ਸੀ ਕਿ ਖ਼ੁਦਾ ਉਨ੍ਹਾਂ ਨਾਲ ਕੀ ਕਰ ਰਿਹਾ ਹੈ। ਫਿਰ ਵੀ ਉਨ੍ਹਾਂ ਸੱਤਰ ਅੰਸਾਂ ਤੋਂ ਜਿਹੜੇ ਮਿਸਰ ਵਿਚ ਚਲੇ ਗਏ ਸਨ, ਇਕ ਕੌਮ ਬਣਨ ਤੋਂ ਪਹਿਲਾਂ ਵੀ ਪਰਮੇਸ਼ੁਰ ਦੀ ਸਨਾਤਨ ਮੰਸ਼ਾ ਨਾਲ ''ਭੇਤ ਜਿਹੜਾ ਆਦਿ ਤੋਂ ਪਰਮੇਸ਼ੁਰ ਵਿਚ ਗੁਪਤ'' ਸੀ (ਅਫ਼ਸੀਆਂ 3:9), ਸ਼ਕਲ ਲੈਣ ਲਗ ਪਿਆ ਸੀ। ਜਿਸ ਤਰ੍ਹਾਂ ਮਿਸਰ ਨੂੰ ਇਕ ਖ਼ਾਸ ਮਕਸਦ ਲਈ ਵਰਤਿਆ ਗਿਆ ਸੀ ਉਸੇ ਤਰ੍ਹਾਂ ਖ਼ੁਦਾ ਨੇ ਹੋਰਨਾਂ ਮਕਸਦਾਂ ਲਈ ਗੈਰਕੌਮਾਂ ਨੂੰ ਇਕ ਤੋਂ ਬਾਅਦ ਇਕ ਨੂੰ ਵਰਤਣਾ ਸੀ। ਇਸਰਾਏਲ ਦੇ ਉੱਤਰੀ ਰਾਜ ਦਾ ਅਸ਼ੂਰ ਵਿਚ ਜਾਣਾ ਇਕ ਵੱਡਾ ਧੱਕਾ ਸੀ, ਇੱਥੋਂ ਤਕ ਕਿ ਉੱਤਰੀ ਰਾਜ ਯਹੂਦਾ ਲਈ ਸੀ। ਪਰ ਇਸ ਖ਼ਤਰਨਾਕ ਹਾਰ ਨਾਲ ਵੀ ਖ਼ੁਦਾ ਦੇ ਲੋਕਾਂ ਨੂੰ ਮੂਰਤੀਪੂਜਾ ਅਤੇ ਉਸ ਦਾ ਹੁਕਮ ਨਾ ਮੰਨਣ ਦੇ ਡਰਾ ਦੇਣ ਵਾਲੇ ਨਤੀਜਿਆਂ ਦੀ ਸਮਝ ਨਹੀਂ ਆਈ। ਇਸ ਕਰਕੇ ਯਹੂਦਾ ਨੂੰ ਨਬੂਕਦਨੱਸਰ ਦੀ ਬਰਬਾਦੀ ਵਾਲੀ ਸਜ਼ਾ ਦਿੱਤੀ ਗਈ; ਅਤੇ ਇਸੇ ਕਰਕੇ ਯਰੂਸ਼ਲਮ ਦੀ ਹੈਕਲ ਨੂੰ ਬਰਬਾਦ ਕਰ ਦਿੱਤਾ ਗਿਆ ਅਤੇ ਲੋਕਾਂ ਨੂੰ ਬਾਬੁਲ ਦੀ ਗੁਲਾਮੀ ਵਿਚ ਲਿਜਾਇਆ ਗਿਆ। ਇਨ੍ਹਾਂ ਘਟਨਾਵਾਂ ਨੇ ਯਹੂਦੀਆਂ ਨੂੰ ਨਿਰਾਸ਼ ਕਰ ਦਿੱਤਾ ਪਰ ਅਖ਼ੀਰ ਵਿਚ ਇਸ ਵਾਰ ਉਨ੍ਹਾਂ ਨੂੰ ਸਮਝ ਆ ਹੀ ਗਈ। ਇਸ ਤੋਂ ਬਾਅਦ ਕਦੇ ਦੁਬਾਰਾ ਸਾਨੂੰ ਉਨ੍ਹਾਂ ਵਿਚ ਮੂਰਤੀਪੂਜਾ ਤੇ ਪਾਪ ਦੀ ਗੱਲ ਪੜ੍ਹਨ ਨੂੰ ਨਹੀਂ ਮਿਲਦੀ।

ਜਲਾਵਤਨੀ ਦੌਰਾਨ ਦਾਨੀਏਲ ਨੇ ਬਾਬੁਲ, ਮਾਦਾ ਫ਼ਾਰਸ, ਮਕਦੂਨੀਆਂ ਅਤੇ ਰੋਮ ਦੇ ਚਾਰ ਰਾਜਿਆਂ ਅਤੇ ਸਮੇਂ ਦੇ ਪੂਰਾ ਹੋਣ ਅਤੇ ਮਸੀਹਾ ਦੇ ਆਉਣ ਲਈ ਮੰਚ ਤਿਆਰ ਕਰਨ ਦੀ ਉਨ੍ਹਾਂ ਦੀ ਵੱਖੋ ਵੱਖ ਭੂਮਿਕਾ ਦੀ ਵਿਸਤਾਰ ਨਾਲ ਸ਼ਾਨਦਾਰ ਨਬੂਵਤ ਕੀਤੀ (ਦਾਨੀਏਲ 2:26–45)। ਕਿਉਂ ਜੋ ਪਹਿਲੀ ਹਕੂਮਤ ਵਿਚ ਜਿਹੜੀ ਬਾਬੁਲ ਦੀ ਸੀ, ਯਰੂਸ਼ਲਮ ਦੀ ਹੈਕਲ ਨੂੰ ਬਰਬਾਦ ਕਰ ਦਿੱਤਾ ਗਿਆ ਸੀ, ਇਸ ਕਰਕੇ ਜਲਾਵਤਨ ਹੋਏ ਯਹੂਦੀ ਲੋਕ ਸਿਨਾਗੋਗਾਂ (ਸਮਾਜ ਮੰਦਰਾਂ) ਵਿਚ ਇਕੱਠੇ ਹੋਣ ਲੱਗੇ। ਇਸ ਨਵੇਂ ਪ੍ਰਬੰਧ ਦੇ ਰਾਹੀਂ ਖ਼ੁਦਾ ਦਾ ਵਚਨ ਭੂਮੱਧ ਸਾਗਰ ਦੀ ਪੂਰੀ ਘਾਟੀ ਅਤੇ ਇਸ ਤੋਂ ਪਾਰ ਸੁਰੱਖਿਅਤ ਰਿਹਾ। ਰਵਾਇਤ ਮੁਤਾਬਿਕ ਕਿਤੇ ਵੀ ਜਿੱਥੇ ਦਸ ਯਹੂਦੀ ਆਦਮੀ ਹੋਣ ਉਹ ਬੰਦਗੀ ਲਈ ਇਕੱਠੇ ਹੋ ਸਕਦੇ ਸਨ, ਉੱਥੇ ਵਚਨ ਦਾ ਅਧਿਐਨ ਕੀਤਾ ਜਾਂਦਾ ਅਤੇ ਉਨ੍ਹਾਂ ਦਾ ਗਿਆਨ ਅੱਗੇ ਫੈਲਾਇਆ ਜਾਂਦਾ ਸੀ। ਸਮਾਜ ਮੰਦਰ ਵਿਚ ਜ਼ਿੰਦਗੀ ਦੇ ਯਹੂਦੀ ਤਰੀਕੇ ਨੂੰ ਹੀ ਬਰਕਰਾਰ ਨਹੀਂ ਰੱਖਿਆ ਜਾਂਦਾ ਬਲਕਿ ਕਾਫ਼ਿਰਾਂ ਦੀਆਂ ਜ਼ਿੰਦਗੀਆਂ ਨੂੰ ਵੀ ਇਸ ਨਾਲ ਅਸਰ ਹੁੰਦਾ ਜਿਹੜੇ ਇਸ ਦੀਆਂ ਵਿਧੀਆਂ ਅਤੇ ਇਸ ਦੇ ਉੱਚ ਨੈਤਿਕ ਮਾਪਦੰਡਾਂ ਵੱਲ ਖਿੱਚੇ ਜਾਂਦੇ।

ਦਾਨੀਏਲ ਵੱਲੋਂ ਜਿਸ ਦੂਜੀ ਹਕੂਮਤ ਦੀ ਨਬੂਵਤ ਕੀਤੀ ਗਈ ਸੀ। ਉਹ ਮਾਦੀ ਅਤੇ ਫ਼ਾਰਸੀਆਂ ਦੀ ਹਕੂਮਤ ਸੀ। ਦਾਨੀਏਲ 5:30, 31 ਵਿਚ ਇਸ ਬਦਲਾਅ ਦਾ ਵੇਰਵਾ ਦਿੱਤਾ ਗਿਆ ਹੈ: ''ਉਸੇ ਰਾਤ ਨੂੰ ਬੇਲਸ਼ੱਸਰ ਜੋ ਕਸਦੀਆਂ [ਜਾਂ ਬਾਬੁਲਵਾਸੀਆਂ] ਦਾ ਰਾਜਾ ਸੀ ਵੱਢਿਆ ਗਿਆ ਅਤੇ ਦਾਰਾ ਮਾਦੀ ਨੇ ਬਾਹਠਾਂ ਵਰ੍ਹਿਆਂ ਦੀ ਉਮਰ ਵਿਚ ਰਾਜ ਲੈ ਲਿਆ।''

ਮਾਦੀ ਅਤੇ ਫ਼ਾਰਸੀ ਲੋਕ ਸਕੇ ਸਬੰਧੀ ਅਤੇ ਰਿਸ਼ਤੇਦਾਰ ਅਤੇ ਮਿੱਤਰ ਰਾਸ਼ਟਰ ਸਨ। ਦਾਨੀਏਲ ਵੱਲੋਂ ਉਨ੍ਹਾਂ ਨੂੰ ਇੱਕੋ ਹੀ ਹਕੂਮਤ ਜਾਂ ਰਾਜ ਵਜੋਂ ਮੰਨਿਆ ਗਿਆ ਜਿਹਾ ਕੀ ਦਾਨੀਏਲ 8:20 ਤੋਂ ਸਪੱਸ਼ਟ ਹੈ: ''ਉਹ ਮੇਢਾ ਜਿਹ ਨੂੰ ਤੈਂ ਡਿੱਠਾ ਜਿਸ ਨੂੰ ਦੋ ਸਿੰਗ ਹਨ ਜੋ ਮਾਦਾ ਅਤੇ ਫ਼ਾਰਸ ਦੇ ਰਾਜੇ ਹਨ।'' ਯਹੂਦੀਆਂ ਦੇ ਇਤਿਹਾਸ ਫਾਰਸੀਆਂ ਦੀ ਮੁੱਖ ਭੂਮਿਕਾ ਵਿਚ ਕੋਰੁਸ ਦਾ ਉਹ ਹੁਕਮ ਸੀ ਜਿਸ ਨੇ ਉਨ੍ਹਾਂ ਨੂੰ ਆਪਣੇ ਦੇਸ਼ ਵਾਪਸ ਜਾ ਕੇ ਫੇਰ ਤੋਂ ਹੈਕਲ ਬਣਾਉਣ ਦਾ ਪ੍ਰਮਾਣ ਦਿੱਤਾ (ਅਜ਼ਰਾ 1:1, 2)।

ਦਾਨੀਏਲ ਵੱਲੋਂ ਜਿਸ ਤੀਜੀ ਹਕੂਮਤ ਦੀ ਨਬੂਵਤ ਕੀਤੀ ਗਈ ਸੀ ਉਹ ਮਕਦੂਨੀਆਂ ਦਾ ਰਾਜ ਜਿਸ ਨੂੰ ਉਸ ਨੇ ''ਯੂਨਾਨ ਦਾ ਰਾਜ'' ਆਖਿਆ; ਇਸ ਨੂੰ ਉਸ ਨੇ ''ਬਲਵਾਨ ਬੱਕਰਾ'' ਦੱਸਿਆ ਜਿਹੜਾ ਮਾਦਾ ਅਤੇ ਫਾਰਸ ਦੇ ਰਾਜਿਆਂ ਨੂੰ ਦਰਸਾਉਣ ਵਾਲੇ ਦੋ ਸਿੰਗਾਂ ਵਾਲੇ ਮੇਢੇ ਨੂੰ ਸੁੱਟ ਦਿੰਦਾ ਹੈ (ਦਾਨੀਏਲ 8:21)। ਫ਼ਿਲਿੱਪ ਦੂਜੇ ਦੇ ਸਮੇਂ ਤਕ, ਮਕਦੂਨੀਆਂ ਨੇ ਯੂਨਾਨੀ ਗੋਤਾਂ ਦੇ ਇਤਿਹਾਸ ਵਿਚ ਕੋਈ ਵੱਡੀ ਭੂਮਿਕਾ ਨਹੀਂ ਨਿਭਾਈ ਸੀ। ਪਰ ਇਹ ਫ਼ਿਲਿੱਪ ਜ਼ਬਰਦਸਤ ਢੰਗ ਨਾਲ ਇਕ ਚਲਾਕ ਸਿਆਸਤਦਾਨ ਅਤੇ ਦਿਲੇਰ ਫੌਜੀ ਜਰਨੈਲ ਸੀ। ਉਸ ਨੇ ਪਹਿਲਾਂ ਤਾਂ ਆਪਣੇ ਹਮ–ਵਤਨਾਂ ਨੂੰ ਇਕ ਤਾਕਤਵਰ ਫੌਜੀ ਦਸਤੇ ਵਿਚ ਇਕੱਠਾ ਕੀਤਾ ਅਤੇ ਫਿਰ ਦੱਖਣ ਵਿਚ ਆਪਣੇ ਰਿਸ਼ਤੇਦਾਰਾਂ ਉੱਤੇ ਫ਼ਤਹਿ ਪਾਈ। ਫ਼ਿਲਿੱਪ ਦਾ ਛੋਟਾ ਪੁੱਤਰ ਸਿਕੰਦਰ ਸੀ ਅਤੇ ਉਸ ਨੇ ਇਹ ਯਕੀਨੀ ਬਣਾਇਆ ਕਿ ਮੁੰਡੇ ਨੂੰ ਬੇਹਤਰੀਨ ਉਸਤਾਦ ਉਸ ਸਮੇਂ ਦਾ ਮਸ਼ਹੂਰ ਦਾਰਸ਼ਨਿਕ ਅਰਸਤੂ ਮਿਲੇ। ਫਿਰ ਉਸ ਨੇ ਮੁੰਡੇ ਨੂੰ ਬੇਹਤਰੀਨ ਸਿੱਖਿਆ ਦੁਆਈ। ਕਈ ਵਾਰ ਉਹਦੇ ਸੁਭਾਅ ਅਤੇ ਬੁਰੇ ਵਿਹਾਰ ਕਰਕੇ ਉਸ ਨੂੰ ''ਜੰਗਲੀ ਫ਼ਿਲਿੱਪ'' ਆਖਿਆ ਜਾਂਦਾ ਸੀ, ਫਿਰ ਵੀ ਫ਼ਿਲਿੱਪ ਨੇ ਐਥੇਨ ਦੀ ਸਰਵੋਤਮ ਸੱਭਿਅਤਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਸਮੇਂ ਦੀਆਂ ਕੁਝ ਵੱਡੀਆਂ ਵੱਡੀਆਂ ਸਾਹਿਤਕ ਹਸਤੀਆਂ ਨੂੰ ਸੱਦਾ ਦਿੱਤਾ। ਇਸ ਆਦਮੀ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਉਹਦੀ ਮੁੱਖ ਭੂਮਿਕਾ ਆਪਣੇ ਸਮੇਂ ਦੀ ਸਭ ਤੋਂ ਸ਼ਕਤੀਸ਼ਾਲੀ ਮਸ਼ੀਨ ਨੂੰ ਇਕੱਠਾ ਕਰਨਾ ਸੀ। ਉਸ ਦੇ ਕਤਲ ਵੇਲੇ ਇਹ ਮਸ਼ੀਨ ਬੇਮਿਸਾਲ ਤਰੀਕੇ ਨਾਲ ਬਹੁਤੇ ਮਸ਼ਹੂਰ ਪੁੱਤਰ ਦੇ ਹੱਥਾਂ ਵਿਚ ਪੈ ਗਈ ਜਿਹੜਾ ''ਸਿਕੰਦਰ ਮਹਾਨ'' ਦੇ ਨਾਮ ਨਾਲ ਮਸ਼ਹੂਰ ਹੋਇਆ। ਸਿਕੰਦਰ ਫਾਰਸ ਦਾ ਹੋਣ ਵਾਲਾ ਵਿਜੇਤਾ ਸੀ। ਜਿਸ ਨੂੰ ਉਸ ਸਮੇਂ ਤਕ ਦੀ ਬਿਨਾਂ ਵਿਰੋਧ ਦੇ ਮਹਾਂਸ਼ਕਤੀ ਮੰਨਿਆ ਜਾਂਦਾ ਸੀ।

ਮਸੀਹਾ ਦੇ ਯੁੱਗ ਦੀ ਆਮਦ ਲਈ ਰਾਹ ਤਿਆਰ ਕਰਨ ਵਿਚ ਮਦਦ ਲਈ ਯਕੀਨਨ ਹੀ ਸੱਭਿਅ ਸੰਸਾਰ ਵਿਚ ਬਦਲਾਅ ਲਿਆਉਣ ਲਈ ਇਸ ਜਵਾਨ ਨੂੰ ਵਰਤਣ ਵਿਚ ਇਹ ਖ਼ੁਦਾ ਦੀ ਯੋਜਨਾ ਦਾ ਹਿੱਸਾ ਸੀ। ਯੂਨਾਨੀਆਂ ਦੀ ਭਾਸ਼ਾ ਅਤੇ ਸੱਭਿਆਚਾਰ ਨੂੰ ਫੈਲਾਉਣ ਦੇ ਰਾਹੀਂ ਇਸ ਨੂੰ ਪੂਰਾ ਕੀਤਾ ਗਿਆ। ਜੀਣ ਦਾ ਇਹ ਢੰਗ ਸਿਕੰਦਰ ਦੀਆਂ ਫੌਜੀ ਜਿੱਤਾਂ ਕਰਕੇ ਦੂਰ ਦੂਰ ਤਕ ਫੈਲ ਗਿਆ। ਇਨ੍ਹਾਂ ਜਿੱਤਾਂ ਨਾਲ ਅਸਲ ਵਿਚ ਸਾਰੇ ਪੂਰਬੀ ਭੂਮੱਧ ਸਾਗਰ ਅਤੇ ਭਾਰਤ ਦੇਸ਼ ਤਕ ਇਸ ਨਿਰਾਲੇ ਜਵਾਨ ਦਾ ਪ੍ਰਭਾਵ ਮਹਿਸੂਸ ਕੀਤਾ ਗਿਆ। ਇਬਰਾਨੀ ਬਾਈਬਲ ਦਾ ਅਨੁਵਾਦ ਯੂਨਾਨੀ ਵਿਚ (ਜ਼ਾਹਿਰ ਤੌਰ ਤੇ ਸਿਕੰਦਰੀਆ) ਮਿਸਰ, ਜਿਸ ਨੂੰ ਉਸ ਦੇ ਨਾਂਅ ਤੋਂ ਜਾਣਿਆ ਜਾਂਦਾ ਸੀ।[58] ਅਤੇ ਕੋਇਨੀ (ਆਮ) ਯੂਨਾਨੀ ਭਾਸ਼ਾ ਜਿਸ ਵਿਚ ਬਾਈਬਲ ਦੇ ਇਨ੍ਹਾਂ ਦੋਹਾਂ ਹਿੱਸਿਆਂ ਦਾ ਅਨੁਵਾਦ ਕੀਤਾ ਗਿਆ ਹੈ, ਦਾ ਸਿਹਰਾ ਅਸਿੱਧੇ ਤੌਰ ਤੇ ਸਿਕੰਦਰ ਨੂੰ ਦਿੱਤਾ ਜਾ ਸਕਦਾ ਹੈ। ਕਾਫ਼ਿਰ ਜਗਤ ਵਿਚ ਹੀ ਨਹੀਂ ਬਲਕਿ ਯਹੂਦੀਆਂ ਦੇ ਸਿਨਾਗੋਗਾਂ ਵਿਚ ਵੀ ਫੈਲਣ ਨਾਲ ਕੋਇਨੀ ਭਾਸ਼ਾ ਦੀ ਵਰਤੋਂ ਇਨ੍ਹਾਂ ਸਭ ਦੇਸ਼ਾਂ ਵਿਚ ਹੋਣ ਲੱਗੀ। ਜਿਸ ਨੇ ਬਾਅਦ ਵਿਚ ਇੰਜੀਲ ਦੇ ਵਿਰਤਾਂਤਾਂ ਅਤੇ ਨਵੇਂ ਨੇਮ ਦੇ ਹੋਰ ਲੇਖਾਂ ਦੀ ਮੂਲ ਭਾਸ਼ਾ ਬਣਨਾ ਸੀ।

ਸਿਕੰਦਰ ਦੇ ਨਿੱਜੀ ਉਸਤਾਦ ਵਜੋਂ ਅਰਸਤੂ ਦੀ ਭੂਮਿਕਾ ਯੂਨਾਨੀ ਭਾਸ਼ਾ ਨੂੰ ਫੈਲਾਉਣ ਲਈ ਸ਼ਾਨਦਾਰ ਸੀ। ਉਸ ਮਹਾਨ ਦਾਰਸ਼ਨਿਕ ਨੇ ''ਮੋਨਾਰਕੀ'' (ਰਾਜਤੰਤਰ) ਅਤੇ ''ਕਾਲੋਨੀਜ਼'' (ਉਪਨਿਵੇਸ਼) ਸਿਰਲੇਖ ਨਾਲ ਖ਼ਾਸਕਰਕ ਸਿਕੰਦਰ ਨੂੰ ਦੋ ਲੇਖ ਲਿਖੇ। ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਮਕਦੂਨੀਆਂ ਦੇ ਲੋਕ ਬੋਲਦੇ ਭਾਵੇਂ ਯੂਨਾਨੀ ਸਨ, ਪਰ ਉਹ ਜ਼ਿਆਦਾਤਰ ਯੂਨਾਨੀ ਕਬੀਲਿਆਂ ਵਾਂਗ ਲੋਕਤੰਤਰ ਦੇ ਸਿਆਸੀ ਨਿਯਮਾਂ ਨਾਲ ਬੱਧੇ ਗਏ ਨਹੀਂ ਸਨ। ਉਹ ਆਪਣੇ ਹਾਕਮ ਚੁਣਦੇ ਸਨ; ਪਰ ਹਾਕਮ ਚੁਣ ਲਏ ਜਾਣ ਦੇ ਬਾਅਦ ਉਹ ਹਾਕਮ ਰਾਜਿਆਂ ਦੀ ਸ਼ਕਤੀ ਅਤੇ ਇਖ਼ਤਿਆਰ ਨਾਲ ਕੰਮ ਕਰਦੇ ਸਨ। ਫ਼ਿਲਿੱਪ ਦੂਜੇ ਨੇ ਆਪਣੇ ਪਿਤਾ ਵਾਂਗ ਹਕੂਮਤ ਕੀਤੀ ਅਤੇ ਸਿਕੰਦਰ ਨੇ ਵੀ ਉਵੇਂ ਵੀ ਕੀਤਾ। ਅਸਲ ਵਿਚ ਸਿਕੰਦਰ ਵੱਲੋਂ ਲਿਬੀਆ ਵਿਚ ਅੱਮੋਲ ਦੀ ਪੇਸ਼ਨਗੋਈ ਮੰਨਣ ਤੋਂ ਬਾਅਦ ਜਿੱਥੇ ਉਸ ਨੂੰ ਦੇਵਤਾ ਐਲਾਨਿਆ ਗਿਆ ਸੀ, ਉਹ ਅਜਿਹਾ ਮੋਨਾਰਕ ਭਾਵ ਸਮ੍ਰਾਟ ਬਣ ਗਿਆ ਜਿਹਾ ਮਕਦੂਨੀਆਂ ਵਿਚ ਨਾ ਉਸ ਤੋਂ ਪਹਿਲਾਂ ਹੋਇਆ ਸੀ ਅਤੇ ਨਾ ਬਾਅਦ ਵਿਚ। ਅਸਲ ਵਿਚ ਬਹੁਤ ਸਾਰੇ ਪੂਰਬੀ ਲੋਕਾਂ ਵੱਲੋਂ ਜਿਨ੍ਹਾਂ ਉੱਤੇ ਉਸ ਨੇ ਫ਼ਤਹਿ ਪਾਈ ਸੀ, ਉਸ ਦੀ ਪੂਜਾ ਕੀਤੀ ਜਾਂਦੀ ਸੀ।

ਭੂਮੱਧ ਸਾਗਰ ਦੀ ਘਾਟੀ ਦੇ ਲੋਕਾਂ ਵਿੱਚੋਂ ਹੋਰ ਕਿਸੇ ਨੇ ਐਨੇ ਉਪਨਿਵੇਸ਼ ਨਹੀਂ ਬਣਾਏ ਜਿੰਨੇ ਯੂਨਾਨੀਆਂ ਨੇ ਬਣਾਏ ਸਨ। ਅਠਵੀਂ ਸਦੀ ਈ. ਪੂ. ਤੋਂ ਲੈ ਕੇ ਅਗਲੇ ਤਿੰਨ ਸੌ ਸਾਲਾਂ ਤਕ ਉਹ ਸਮੁੰਦਰੀ ਇਲਾਕਿਆਂ ਦੇ ਨੇੜੇ ਨੇੜੇ (ਫ੍ਰਾਸ, ਇਟਲੀ, ਉੱਤਰ ਅਫ਼ਰੀਕਾ ਅਤੇ ਏਸ਼ੀਆ ਮਾਈਨਰ) ਉਪਨਿਵੇਸ਼ ਬਣਾਉਂਦੇ ਰਹੇ। ਉਨ੍ਹਾਂ ਨੇ ਇਲਾਕੇ ਦੇ ਜ਼ਿਆਦਾਤਰ ਟਾਪੂਆਂ ਤੇ ਵੀ ਕਲੋਨੀਆਂ ਵਸਾਈਆਂ ਸਨ। ਅਸਲ ਵਚ ਇਕ ਪ੍ਰਾਚੀਨ ਲੇਖਕ ਨੇ ਇਨ੍ਹਾਂ ਸਮੁੰਦਰੀ ਕੰਢੇ ਤੇ ਯੂਨਾਨੀ ਨਿਵਾਸੀਆਂ ਨੂੰ ਤਲਾਬ ਦੇ ਆਲੇ ਦੁਆਲੇ ਬੈਠੇ ਡੱਡੂਆਂ ਨਾਲ ਮਿਲਾਇਆ ਸੀ।[59] ਅਰਸਤੂ ਅਤੇ ਉਸ ਦਾ ਵਿਦਿਆਰਥੀ ਸਿਕੰਦਰ ਨਾ ਸਿਰਫ਼ ਵਣਜੀ ਅਤੇ ਸਿਆਸੀ ਕਾਰਣਾਂ ਲਈ ਬਲਕਿ ਯੂਨਾਨੀ ਭਾਸ਼ਾ ਅਤੇ ਸੱਭਿਆਚਾਰ ਦੇ ਵਾਧੇ ਲਈ ਵੀ ਕਲੋਨੀਆਂ ਦੀ ਉਪਯੋਗਿਤਾ ਅਤੇ ਸ਼ਕਤੀ ਤੋਂ ਚੰਗੀ ਤਰਾਂ ਵਾਕਿਫ਼ ਸਨ। ਸਿਕੰਦਰ ਨੇ ਜਿੱਥੇ ਵੀ ਫ਼ਤਹਿ ਪਾਈ ਸੀ ਉੱਥੇ ਉਸ ਨੇ ਕਸਰਤ ਘਰ, ਰੰਗਸ਼ਾਲਾ, ਹਾਲ ਅਤੇ ਚੈਂਬਰ ਵਰਗੇ ਰਵਾਇਤੀ ਯੂਨਾਨੀ ਸੰਸਥਾਨ ਜ਼ਰੂਰ ਬਣਾਏ। ਫਿਰ ਇਹ ਕਾਲੋਨੀਆਂ ਉਸ ਵੱਡੇ ਸੱਭਿਆਚਾਰਕ ਅਤੇ ਭਾਸ਼ਾਈ ਪ੍ਰਕਿਰਿਆ ਦੇ ਚਮਕਦੇ ਪੁਆਇੰਟ ਬਣ ਗਏ ਜਿਸ ਨੂੰ ਯੂਨਾਨੀਕਰਣ ਕਿਹਾ ਜਾਂਦਾ ਹੈ। ਇਹ ਨਿਰਾ ਸੰਜੋਗ ਨਹੀਂ ਹੈ ਕਿ ਇਸ ਤਰ੍ਹਾਂ ਨਾਲ ਪੂਰਬ ਦੇ ਦੇਸ਼ਾਂ ਨੂੰ ਮੁਕਤੀ ਦੇ ਮਸੀਹਾ ਦੇ ਸੰਦੇਸ਼ ਦੇ ਆਉਣ ਲਈ ਤਿਆਰ ਕੀਤਾ ਗਿਆ ਸੀ। ਨਵੇਂ ਨੇਮ ਦੀਆਂ ਲਿਖਤਾਂ ਕੋਇਨੀ ਯੂਨਾਨੀ ਵਿਚ ਪੂਰੇ ਸੱਭਿਅ

ਸੰਸਾਰ ਵਿਚ ਭੇਜ ਦਿੱਤੀਆਂ ਗਈਆਂ, ਜਿਵੇਂ ਕਿ ਅੱਜ ਵੀ ਉਹ ਸਾਡੇ ਕੋਲ ਹਨ।

ਦਾਨੀਏਲ ਨੇ ਇਸ ਚੌਥੀ ਹਕੂਮਤ ਦੀ ਨਬੂਵਤ ਕੀਤੀ ਸੀ ਉਹ ਰੋਮੀ ਰਾਜ ਸੀ। ਅਗਸਤੁਸ ਕੈਸਰ ਦੇ ਸਮੇਂ ਤਕ ਜਿਸ ਦੀ ਹਕੂਮਤ ਵਿਚ ਯਿਸੂ ਦਾ ਜਨਮ ਹੋਇਆ ''ਸਮਾਂ ਪੂਰਾ'' ਹੋਣ (4:4) ਦੀਆਂ ਹੋਰ ਮਹੱਤਪੂਰਣ ਤਿਆਰੀਆਂ ਹੋ ਚੁੱਕੀ ਸਨ। ਯੂਨਾਨੀਆਂ ਦੀ ਨਕਲ ਕਰਦਿਆਂ ਰੋਮੀ ਵਾਸਤੂਕਲਾ, ਕਵਿਤਾ ਅਤੇ ਸਾਹਿਤ ਦੀ ਸ਼ੁਰੂਆਤ ਹੋ ਚੁੱਕੀ ਸੀ। 146 ਈ. ਪੂ. ਵਿਚ ਜਦ ਰੋਮੀਆਂ ਨੇ ਕੁਰਿੰਥੁਸ ਉਤੇ ਫ਼ਤਹਿ ਪਾਈ ਅਤੇ ਪੂਰੇ ਸ਼ਹਿਰ ਨੂੰ ਖੰਡਰ ਬਣਾ ਦਿੱਤਾ ਉਸ ਸਮੇਂ ਖੂਬਸੂਰਤ ਮੂਰਤੀਕਲਾ ਦੇ ਰੂਪ ਵਿਚ ਕਲਾ ਦੀਆਂ ਅਜਿਹੀ ਕੀਮਤੀ ਚੀਜ਼ਾਂ ਹੀ ਨਹੀਂ ਬਲਕਿ ਸ਼ੀਸ਼ੇ ਵਿਚ ਜਿਨ੍ਹਾਂ ਕਰਕੇ ਇਹ ਸ਼ਹਿਰ ਮਸ਼ਹੂਰ ਸੀ, ਆਪਣੇ ਸਮੁੰਦਰੀ ਕੰਢਿਆਂ ਤੇ ਲੈ ਗਏ (ਵੇਖੋ 1 ਕੁਰਿੰਥੀਆਂ 13:12)। ਉਹ ਬਹੁਤ ਸਾਰੇ ਗੁਲਾਮਾਂ ਦੇ ਨਾਲ ਨਾਲ ਕੁਰਿੰਥੁਸ ਦੇ ਮਸ਼ਹੂਰ ਪਿੱਤਲ ਵੀ ਸਭ ਚੁੱਕ ਕੇ ਲੈ ਗਏ। ਇਹ ਗੁਲਾਮ ਉਹੀ ਲੋਕ ਸਨ ਜਿਨ੍ਹਾਂ ਨੂੰ ਆਪਣੇ ਪੁੱਤਰਾਂ ਨੂੰ ਯੂਨਾਨੀ ਭਾਸ਼ਾ ਨੂੰ ਸਿਖਾਉਣ ਲਈ ਉਸਤਾਦਾਂ ਦਾ ਕੰਮ ਲੈ ਕੇ ਵਰਤਿਆ ਜਾ ਸਕਦਾ ਸੀ।[60]

ਭੂਮੱਧ ਸਾਗਰ ਦੀ ਸੰਸਾਰ ਦੀ ਵੱਡੀ ਸ਼ਕਤੀ ਬਣਨ ਤੋਂ ਬਾਅਦ ਰੋਮੀ ਹਕੂਮਤ ਨੇ ਸਿਰਫ਼ ਯੂਨਾਨੀ ਫ਼ਾਇਦਿਆਂ ਲਈ ਹੀ ਨਹੀਂ ਬਲਕਿ ਮਸੀਹਾ ਦੀ ਆਮਦ ਦੇ ਨੇੜ ਤੇੜੇ ਦੇ ਹਾਲਾਤ ਵਿਚ ਬਹੁਤ ਵੱਧ ਯੋਗਦਾਨ ਦਿੱਤਾ। ਰੋਮ ਕੰਮ ਕਰਨ ਵਾਲਿਆਂ ਦੀ ਬਜਾਏ ਸੋਚਣ ਵਾਲਿਆਂ ਦਾ ਦੇਸ਼ ਕਿਤੇ ਘੱਟ ਸੀ। ਇਸ ਦਾ ਫੋਕਸ ਵਿਹਾਰਕ ਸੀ। ਇਸ ਦੇ ਗ੍ਰਹਿਯੁਗ ਖ਼ਤਮ ਹੋਣ ਅਤੇ ਤਾਕਤ ਉਕਟੇਵੀਅਨ (ਜਿਹੜਾ ਕੈਸਰ ਅਗਸਤੁਸ ਦੇ ਨਾਂਅ ਨਾਲ ਮਸ਼ਹੂਰ ਹੈ; ਵੇਖੋ ਲੂਕਾ 2:1) ਦੇ ਹੱਥ ਵਿਚ ਚਲੇ ਜਾਣ ਤੋਂ ਬਾਅਦ ਰੋਮ ਦੀਆਂ ਫੌਜੀ ਸ਼ਕਤੀਆਂ ਨੇ ਭੂਮੱਧ ਸਾਗਰ ਅਤੇ ਏਜੀਅਨ ਸਮੁੰਦਰੀ ਡਾਕੂਆਂ ਤੋਂ ਛੁਡਾਇਆ, ਰੋਮ ਦਾ ਕੰਟਰੋਲ ਇਨ੍ਹਾਂ ਸਮੁੰਦਰਾਂ ਦੇ ਕੰਢੇ ਕੰਢੇ ਸਭ ਦਸ਼ਾਂ ਤਕ ਫੈਲਾ ਦਿੱਤਾ ਅਤੇ ਸ਼ਾਂਤੀ ਦਾ ਇਕ ਲੰਮਾ ਅਤੇ ਚਿਰਕਾਲੀ ਕਾਲ ਕਾਇਮ ਕੀਤਾ ਜਿਸ ਨੂੰ *ਪੈਕਸ ਅਗਸਤਾ* ਜਾਂ ਅਗਸਤਨ ਸ਼ਾਂਤੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਅਗਤੁਸ ਦੀ ਹਕੂਮਤ ਦੌਰਾਨ ਹੀ ''ਸ਼ਾਂਤੀ ਦਾ ਰਾਜਕੁਮਾਰ'' ਹਕੂਮਤ ਦੇ ਤੁਲਨਾਤਮਕ ਤੌਰ ਤੇ ਇਕ ਗੁਮਨਾਮ ਕੋਨੇ ਵਿਚ ਇਕ ਛੋਟੇ ਜਿਹੇ ਨਗਰ ਵਿਚ ਜੰਮਿਆ ਜੋ ਭੂਮੱਧ ਸਾਗਰ ਦੇ ਪੂਰਬੀ ਕੰਢੇ ਤੋਂ ਬਹੁਤਾ ਦੂਰ ਨਹੀਂ ਸੀ।

ਭਲਾ ਰੋਮ ਦੇ ਸੁਨਹਿਰੀ ਯੁੱਗ ਤੋਂ ਵਧ ਕੇ ਇਕ ਪਰਮੇਸ਼ੁਰ-ਮਨੁੱਖ ਅਤੇ ਛੁਡਾਉਣ ਵਾਲੇ ਦੀ ਆਮਦ ਲਈ ਮਨੁੱਖੀ ਇਤਿਹਾਸ ਵਿਚ ਇਸ ਨਾਲੋਂ ਆਦਰਸ਼ ਸਮਾਂ ਕੋਈ ਹੋਰ ਹੋ ਸਕਦਾ ਸੀ? (1) ਹਕੂਮਤ ਦੇ ਕਾਰੋਬਾਰ ਨਾਲ ਹੋਣ ਜਾਂ ਵਪਾਰੀ ਜਹਾਜ਼ਾਂ ਨਾਲ, ਜ਼ਮੀਨੀ ਰਾਹ ਨਾਲ ਹੋਣ ਜਾਂ ਉਸ ਸਮੇਂ ਦੇ ਬੇਹਤਰੀਨ ਸੜਕਾਂ ਨਾਲ, ਇੱਧਰ ਉੱਧਰ ਜਾਣ ਦੇ ਬੜੇ ਮੌਕੇ ਸਨ। (2) ਸੂਬਿਆਂ ਦੀਆਂ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਭਾਵੇਂ ਫ਼ਰਕ ਸਨ ਪਰ ਹਕੂਮਤ ਵਿਚ ਸੰਵਾਦ ਲਈ ਯੂਨਾਨੀ ਆਮ ਭਾਸ਼ਾ ਸੀ। (3) ਰੋਮੀਆਂ ਨਾਗਰਿਕਤਾ ਉਨ੍ਹਾਂ ਨੂੰ ਹੀ ਦਿੱਤੀ ਜਾਂਦੀ ਸੀ ਜਿਹੜੇ ਇਸ ਨੂੰ ਖ਼ਰੀਦ ਸਕਦੇ ਸਨ ਅਤੇ ਜਿਨ੍ਹਾਂ ਦੇ ਇਸ ਨੂੰ ਪਾਉਣ ਲਈ ਹਾਲਾਤ ਹੱਦ ਵਿਚ ਹੋਣ ਦੇ ਆਧਾਰ ਤੇ ਇਸ ਦੀ ਹਮਾਇਤ ਸੀ (ਵੇਖੋ ਕਰਤੱਬ 22:27, 28)। (4) ਪੇਸ਼ੀਆਂ ਅਤੇ ਅਪੀਲਾਂ ਦੇ ਸਿਸਟਮ ਵਾਲੇ ਰੋਮੀ ਕਾਨੂੰਨ ਨੂੰ ਵਧਾਵਾ ਦਿੱਤਾ ਜਾਂਦਾ ਸੀ (ਵੇਖੋ ਕਰਤੱਬ 25:11, 12)। (5) ਰੋਮ ਵਿਚ ਇਸ ਦੇ ਮਤਹਿਤ ਦੇਸ਼ਾਂ ਵਿਚ ਸਥਾਨਕ ਸੱਭਿਅਤਾਵਾਂ ਅਤੇ ਧਰਮਾਂ ਨੂੰ ਸਹਿਨ ਕੀਤਾ ਜਾਂਦਾ ਸੀ, ਆਮ ਤੌਰ ਤੇ ਦਿੱਤੇ ਗਏ ਲੋਕਾਂ ਨੂੰ ਆਪਣੇ ਹੀ ਸਥਾਨਕ ਹਾਕਮਾਂ ਜਾਂ ਜਜਮਾਨ ਰਾਜਿਆਂ ਦੇ ਧਰਮਾਂ ਦੀ ਇਜਾਜ਼ਤ ਜਾਂ ਹਮਾਇਤ ਦਿੱਤੀ ਜਾਂਦੀ ਸੀ। ਕਿਸੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਇਹ ਸਭ ਗੱਲਾਂ ਆਪ ਖ਼ੁਦਾ ਵੱਲੋਂ ਦਿੱਤੀਆਂ ਜਾਣ ਵਾਲੀਆਂ ਬਰਕਤਾਂ ਹਨ ਜਿਹੜਾ ਦਾਊਦ ਦੇ ਪੁੱਤਰ ਆਉਣ ਲਈ ਮੰਚ ਤਿਆਰ ਕਰ ਰਿਹਾ ਸੀ।

ਯਿਸੂ ਦੇ ਕਰੀਬੀ ਚੇਲੇ ਵੀ ਇਸ ਅਦਿੱਖ, ਆਤਮਿਕ ਰਾਜ ਨੂੰ ਸਮਝ ਨਹੀਂ ਸਕੇ ਸਨ। ਯਹੂਦੀ ਲੋਕ ਬਲਕਿ ਗ੍ਰੰਥੀ ਅਤੇ ਫ਼ਰੀਸੀ ਵੀ ਜਿਹੜੀਆਂ ਆਪਣੀਆਂ ਮਨੁੱਖੀ ਰੀਤਾਂ ਦੇ ਗੰਦ ਵਿਚ ਫਸੇ ਹੋਏ

ਸਨ, ਕਿਵੇਂ ਇਸ ਹਕੀਕਤ ਨੂੰ ਸਮਝ ਸਕਦੇ ਸਨ ਕਿ ''ਸਮੇਂ ਦਾ ਪੂਰਾ ਹੋਣਾ'' ਉਨ੍ਹਾਂ ਉੱਤੇ ਆ ਪੁੱਜਿਆ ਸੀ। ਉਹ ਕਿਵੇਂ ਸਮਝ ਸਕਦੇ ਸਨ ਕਿ ਮਸੀਹਾ ਦੇ ਦਿਨ ਆ ਗਏ ਸਨ ਅਤੇ ਪਰਮੇਸ਼ੁਰ ਦਾ ਰਾਜ ਯਿਸੂ ਨਾਸਰੀ ਦੇ ਰੂਪ ਵਿਚ ਉਨ੍ਹਾਂ ਦੇ ਵਿਚਕਾਰ ਸੀ (ਲੂਕਾ 17:21)? ਉਹ ਕਿਵੇਂ ਕਲਪਨਾ ਕਰ ਸਕਦੇ ਸਨ ਕਿ ਇਹ ਸਾਰੇ ਬਦਲਾਅ ਖ਼ੁਦਾ ਦੇ ਹੱਥੀਂ ''ਪ੍ਰਭੂ ਦਾ ਰਾਹ ਤਿਆਰ ਕਰਨ'' ਲਈ ਕੀਤੇ ਗਏ ਸਨ (ਮਰਕੁਸ 1:3; NIV)?

**ਪੁੱਤਰ ਹੋਣ ਦੀਆਂ ਬਰਕਤਾਂ (4:6, 7)**

ਮਸੀਹ ਵਿਚ ਮਸੀਹੀ ਆਦਮੀ ਦੀ ਥਾਂ ਦੀ ਚਰਚਾ ਕਰਦਿਆਂ ਪੌਲੁਸ ਨੇ ਇਕ ਯਕੀਨ ਦੁਆਉਣ ਵਾਲੀ ਸਚਿਆਈ ਦੱਸੀ, ''ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ [ਤੁਹਾਡੇ] ਦਿਲਾਂ ਵਿਚ ਘੱਲ ਦਿੱਤਾ ਜਿਹੜਾ 'ਅੱਬਾ', ਅਰਥਾਤ 'ਹੇ ਪਿਤਾ' ਪੁਕਾਰਦਾ ਹੈ'' (4:6)। ਉਸ ਨੇ ਅੱਗੇ ਆਖਿਆ ਕਿ ਕਿਉਂ ਜੋ ਅਸੀਂ ਪੁੱਤਰ ਹਾਂ ਇਸ ਕਰਕੇ ਅਸੀਂ ''ਪਰਮੇਸ਼ੁਰ ਦੇ ਰਾਹੀਂ ਅਧਕਾਰੀ ਵੀ'' ਹਾਂ (4:7)।

ਖ਼ੁਦਾ ਨੇ ਸਾਡੇ ਲਈ ਸੁਰਗੀ ਜਲਾਲ ਦੇ ਇਲਾਕੇ ਦੇ ਗਿਆਨ ਨੂੰ ਅਤੇ ਉਸ ਅਨੰਦ ਨੂੰ ਖੋਲ੍ਹ ਦਿੱਤਾ ਹੈ ਜਿਹੜਾ ਸਾਡੀ ਕਲਪਨਾ ਤੋਂ ਬਾਹਰਾ ਹੈ ਅਸੀਂ ਵਿਚਾਰੇ ਮਿੱਟੀ ਦੇ ਨਾਸਮਝ ਜੀਵ ਹਾਂ। ਜਿਨ੍ਹਾਂ ਦੀ ਸੋਚ ਧਰਤੀ ਤਕ ਦੀ ਹੀ ਹੈ ਅਤੇ ਇਸ ਸੰਸਾਰ ਦੇ ਥੋੜ੍ਹੀ ਦੇਰ ਦੇ ਆਕਰਸ਼ਣਾਂ ਨਾਲੋਂ ਸਾਨੂੰ ਆਪਣੇ ਵੱਲ ਖਿੱਚੇ ਜਾਣ ਤੇ ਰੀਝੇ ਜਾਂਦੇ ਹਾਂ। ਬਾਈਬਲ ''ਸੁਰਗ'' ਦੀ ਗੱਲ ਕਰਦੀ ਹੈ ਪਰ ਇਸ ਨਾਲੋਂ ਵੀ ਵਧ ਕੇ ''ਜਲਾਲ'' ਦੀ ਗੱਲ ਬਾਰ ਬਾਰ ਕਰਦੀ ਹੈ। ਅਜਿਹੀਆਂ ਉਦਾਹਰਣਾਂ ਸਮਝਣ ਦੀ ਸਾਡੀ ਯੋਗਤਾ ਨਾਲੋਂ ਉੱਪਰ ਦੀਆਂ ਹਨ। ਐਨੇ ਅਸੀਮ ਰੂਪ ਵਿਚ ਸਰੇਸ਼ਠ ਅਤੇ ਉੱਚੇ ਹੋਣ ਦੇ ਪਰਮੇਸ਼ੁਰ ਹੋਣ ਦੇ ਵਿਚਾਰ ਹੀ ਸਾਡੀ ਮਨੁੱਖੀ ਸਮਝ ਤੋਂ ਬਹੁਤ ਪਰ੍ਹੇ ਹਨ। ਫਿਰ ਵੀ ਪਰਮੇਸ਼ੁਰ ''ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਪੋਹੰਦੀ ਹੈ'' (ਅਫ਼ਸੀਆਂ 3:20)।

ਕੀ ਸਾਨੂੰ ਖ਼ੁਦਾ ਨੂੰ ਸਮਝਣ ਦੇ ਵਿਚਾਰਾਂ ਦੀ ਇੱਛਾ ਕਰਨਾ ਛੱਡ ਦੇਣਾ ਚਾਹੀਦਾ ਹੈ? ਬੇਸ਼ੱਕ ਅਫ਼ਸੀਆਂ 3:20 ਵਿਚ ਪੌਲੁਸ ਇਹ ਤਾਂ ਨਹੀਂ ਕਹਿ ਰਿਹਾ ਸੀ। ਸ਼ਾਇਦ ਸਾਨੂੰ ਇਮਾਨਦਾਰੀ ਨਾਲ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਕਿ '''ਸਮਰੱਥਾ ਜੋ ਸਾਡੇ ਵਿਚ ਪੋਹੰਦੀ ਹੈ' ਕੀ ਹੈ?'' ਸੰਦਰਭ ਵਿਚ ਪੌਲੁਸ ਦਾ ਵਿਸ਼ਾ ਆਤਮਾ [ਪਵਿੱਤਰ] ਦਾ ਵਾਸ ਅਤੇ ਆਤਮਿਕ ਜੀਵਨ ਸੀ ਜਿਸ ਨਾਲ ਸਾਨੂੰ ਨਿਹਚਾ ਦੇ ਰਾਹੀਂ ਭਰਿਆ ਗਿਆ ਹੈ, ਤਾਂ ਭਲਾ ਸਾਨੂੰ ''ਸਮਰੱਥਾ'' ਸ਼ਬਦ ਨੂੰ ਵੱਡੇ ਅੱਖਰਾਂ ਵਿਚ ਲਿਖਣਾ ਚਾਹੀਦਾ ਹੈ? ਅਫ਼ਸੀਆਂ 3:14–21 ਵਿਚ ਪੌਲੁਸ ਨੇ ਆਪਣੀ ਦੁਆ ਬਾਰੇ ਦੱਸਿਆ ਕਿ ਭਾਈ ਆਤਮਾ ਦੀ ਸਮਰੱਥਾ ਨਾਲ ਮਜ਼ਬੂਤ ਹੋਣ ਤਾਂ ਜੋ ਮਸੀਹ ਦੇ ਵੱਡੇ ਪਿਆਰ ਨੂੰ ਸਮਝ ਸਕਣ ਅਤੇ ਪਰਮੇਸ਼ੁਰ ਦੀ ਭਰਪੂਰੀ ਨਾਲ ਭਰ ਜਾਣ। ਭਲਾ ਪੌਲੁਸ ਪਰਮੇਸ਼ੁਰ ਦੀ ਸਮਰੱਥਾ ਦੀ ਗੱਲ ਕਰ ਰਿਹਾ ਸੀ ਜਾਂ ਆਤਮਾ ਦੀ ਸਮਰੱਥਾ ਦੀ? ਫ੍ਰਾਂਸਿਸ ਫੋਲਕਸ ਨੇ ਲਿਖਿਆ ਹੈ, ''ਇਹ ਨਵੇਂ ਨੇਮ ਦੀ ਸਿੱਖਿਆ ਦੀ ਲਗਾਤਾਰ ਮਾਨਤਾ ਜਾਂ ਖ਼ਾਸ ਜ਼ੋਰ ਹੈ ਕਿ ਮਸੀਹੀ ਜੀਵਨ ਦੀ ਸਮਰੱਥਾ ਪਵਿੱਤਰ ਆਤਮਾ ਦੇ ਨਿੱਜੀ ਵਾਸ ਨਾਲ ਮਿਲਦੀ ਹੈ।''[61]

ਯਕੀਨਨ ਹੀ ਫੋਲਕਸ ਦਾ ਨਜ਼ਰੀਆ ਸਹੀ ਹੈ। ਇੱਕੋ ਅਧਿਆਇ ਦੇ ਸੰਦਰਭ ਵਿਚ ਪੌਲੁਸ ਨੇ ਮਸੀਹ ਦੇ ਵਾਸ, ਪਰਮੇਸ਼ੁਰ ਦੇ ਵਾਸ ਅਤੇ ਆਤਮਾ ਦੇ ਵਾਸ ਦੀ ਗੱਲ ਕੀਤੀ (ਰੋਮੀਆਂ 8)। ਇਹ ਭਾਸ਼ਾ ਸਾਨੂੰ ਇਸ ਕਰਕੇ ਨਹੀਂ ਦਿੱਤੀ ਗਈ ਕਿ ਅਸੀਂ ਇਸ ਗੱਲ ਦਾ ਵਿਸ਼ਲੇਸ਼ਨ ਕਰ ਸਕੀਏ ਕਿ ਖ਼ੁਦਾਈ ਦਾ ਹਰ ਸ਼ਖ਼ਸ ਕਿਸੇ ਖ਼ਾਸ ਹਲਾਤ ਵਿਚ ਕੀ ਕਰ ਸਕਦਾ ਹੈ। ਪਰ ਖ਼ੁਦਾ ਦੇ ਗਣਿਤ ਨਾਲ ਬੇਪਰਤੀਤੇ ਨੂੰ ਜਿੰਨੀ ਮਰਜ਼ੀ ਮੁਸ਼ਕਿਲ ਹੋਵੇ, ਬਾਈਬਲ ਸਾਨੂੰ ਇਹ ਜ਼ਰੂਰ ਦੱਸਦੀ ਹੈ ਕਿ ਇਹ ਤਿੰਨੋ

ਇਕ ਹਨ। ਸਿਰਫ਼ ਇਸੇ ਤੱਥ ਨਾਲ ਸਾਨੂੰ ਹੈਰਾਨੀ ਅਤੇ ਭੈ ਨਾਲ ਭਰ ਜਾਣਾ ਚਾਹੀਦਾ ਹੈ। ਸਾਨੂੰ ਹੋਰ ਵੀ ਹੈਰਾਨ ਹੋਣਾ ਚਾਹੀਦਾ ਹੈ ਕਿ ਪੂਰੇ ਆਤਮਿਕ ਖੇਤਰ ਦੇ ਪਿਤਾ ਅਤੇ ਪਰਮੇਸ਼ੁਰ ਨੇ[62] ਸਾਨੂੰ ਆਪਣੇ ਪਾਪਾਂ ਤੋਂ ਛੁਡਾਉਣ ਲਈ ਨਿਰਾਲੇ ਢੰਗ ਨਾਲ ਆਪਣੇ ਪਿਆਰੇ ਪੁੱਤਰ ਨੂੰ ਸਾਡੇ ਲਈ ਦੇ ਦਿੱਤਾ। ਫਿਰ ਉਸ ਨਾਲੋਂ ਵੀ ਵਧ ਕੇ ਉਸ ਨੇ ''ਇਕ ਹੋਰ ਸਹਾਇਕ'' (ਯੂਹੰਨਾ 14:16; KJV), ਸਾਡੇ ਨਾਲ ਹੋਣ ਲਈ ਹੀ ਨਹੀਂ ਬਲਕਿ ਸਾਡੇ ਅੰਦਰ ਰਹਿਣ ਲਈ ਵੀ ਦਿੱਤਾ। ਸਹਾਇਕ ਸਾਨੂੰ ਰੂਹਾਨੀ ਵਿਚਾਰਾਂ ਅਤੇ ਕੰਮਾਂ ਲਈ ਪ੍ਰੇਰਣਾ ਦਿੰਦਾ ਅਤੇ ਸਾਨੂੰ ਇਸ ਮੌਜੂਦਾ ਬੁਰੇ ਸੰਸਾਰ ਵਿਚ ''ਦੇਹੀ ਦੇ ਕਾਰਜਾਂ ਨੂੰ ਮਾਰਨ'' ਦੇ ਯੋਗ ਬਣਾਉਂਦਾ ਹੈ (ਰੋਮੀਆਂ 8:13)।

ਹਰ ਮਨੁੱਖੀ ਤਰਕ ਅਤੇ ਦਲੀਲ ਦੇ ਉਲਟ, ਪਿਤਾ, ਪੁੱਤਰ ਅਤੇ ਆਤਮਾ ਸਚਮੁਚ ਵਿਚ ਇਕ ਹਨ। ਉਨ੍ਹਾਂ ਦੀ ਸਨਾਤਨ ਮੰਸ਼ਾ ਇੱਕੋ ਹੈ ਕਿ ਨਿਰਾਸ਼ਾਜਨਕ ਢੰਗ ਨਾਲ ਪਾਪ ਵਿਚ ਗੁਆਚੇ ਲੋਕਾਂ ਦੇ ਸੰਸਾਰ ਨੂੰ ਛੁਡਾਉਣਾ ਹੈ। ਕਿਸੇ ਤਰ੍ਹਾਂ ਨਾਲ ਸਾਡੇ ਪਵਿੱਤਰ ਪਰਮੇਸ਼ੁਰ ਨੇ ਸਾਨੂੰ ਪਿਆਰ ਕੀਤਾ ਅਤੇ ਸਾਨੂੰ ਸਭ ਤੋਂ ਵੱਡਾ ਤੋਹਫ਼ਾ ਜਿਹੜਾ ਉਹ ਸਾਨੂੰ ਦੇ ਸਕਦਾ ਸੀ, ਦੇ ਦਿੱਤਾ। ਉਸ ਨੇ ਉਸ ਦੀ ਕੁਰਬਾਨੀ ਦਿੱਤੀ ਜਿਸ ਨੂੰ ਅਸੀਂ ਸਮਝਣ ਦੀ ਸ਼ਾਇਦ ਹੀ ਕਲਪਨਾ ਕਰ ਸਕਦੇ ਹਾਂ ਕਿ ਉਹ ਅਜਿਹਾ ਕਰ ਸਕਦਾ ਹੈ। ਆਓ ਦੁਆ ਕਰੀਏ, ''ਹੇ ਪਰਮੇਸ਼ੁਰ, ਸਾਨੂੰ ਉਹ ਕਿਰਪਾ ਅਤੇ ਰਹਿਮ ਦੇ, ਤਾਂ ਜੋ ਅਸੀਂ ਤੇਰੇ ਵਫ਼ਾਦਾਰ ਸੇਵਕ ਮੂਸਾ ਵਾਂਗ ਤੇਰੀ ਵਡਿਆਈ ਨੂੰ ਵੇਖ ਸਕੀਏ! ਸਾਡੇ ਅੰਦਰ ਘੱਟੋ ਘੱਟ ਤੇਰੇ ਪੁੱਤਰ ਯਿਸੂ, ਗਲੀਲ ਦੇ ਮਸੀਹ ਦੀ ਮਨੁੱਖੀ ਰੂਪ ਵਿਚ ਅਥਾਹ ਭੇਤ ਦੀ ਇਕ ਛੋਟੀ ਜਿਹੀ ਝਲਕ ਮਿਲ ਜਾਵੇ ਜਿਸ ਨੇ ਆਪਣੇ ਆਪ ਵਿਚ ਤੇਰੇ ਹੀ ਅਸੀਮ ਪ੍ਰੇਮੀ ਮਨ ਨੂੰ ਵਿਖਾਇਆ।''

ਪੁੱਤਰ ਹੋਣ ਦੇ ਫ਼ਾਇਦੇ ਅਤੇ ਖ਼ਾਸ ਹੱਕ ਬਾਈਬਲ ਵਿਚ ਸਨਮਾਨ ਦਾ ਬੜਾ ਥਾਂ ਰਖਦੇ ਹਨ। ਲੂਕਾ 15 ਅਧਿਆਇ ਵਾਲੇ ਦ੍ਰਿਸ਼ਟਾਂਤ ਵਿਚ ਉਜਾੜੂ ਪੁੱਤਰ ਵੀ ਇਸ ਤੱਥ ਦੇ ਬਾਵਜੂਦ ਕਿ ਉਸ ਨੇ ਮੋਟੇ ਤੌਰ ਤੇ ਆਪਣੇ ਆਪ ਨੂੰ ਬਰਬਾਦ ਕਰ ਲਿਆ ਸੀ ਅਤੇ ਆਪਣੇ ਪਿਤਾ ਅਤੇ ਆਪਣੇ ਪਰਿਵਾਰ ਨੂੰ ਅਪਮਾਨਿਤ ਕੀਤਾ ਸੀ, ਆਪਣੇ ਪਿਤਾ ਦੇ ਘਰ ਵਾਪਸ ਆਉਣ ਤੇ ਖੁੱਲ੍ਹੀਆਂ ਬਾਹਾਂ ਨਾਲ ਉਸ ਦਾ ਸਵਾਗਤ ਕੀਤਾ ਗਿਆ ਸੀ। ਉਸ ਨੂੰ ਆਦਰ ਵਾਲੇ ਕੱਪੜੇ ਪਹਿਨਾਏ ਗਏ ਸਨ, ਇਸ ਕਰਕੇ ਨਹੀਂ ਕਿ ਉਸ ਨੇ ਐਨੇ ਸ਼ਰਮਨਾਕ ਤਰੀਕੇ ਨਾਲ ਕੰਮ ਕੀਤਾ ਸੀ, ਬਲਕਿ ਉਸ ਦੇ ਕੰਮਾਂ ਦੇ ਬਾਵਜੂਦ, ਇਸ ਲਈ ਕਿ ਜੋ ਉਹ ਪੁੱਤਰ ਸੀ। ਸਾਨੂੰ ਇਸ ਤੱਥ ਤੋਂ ਪਰੇਸ਼ਾਨ ਹੋਣਾ ਚਾਹੀਦਾ ਹੈ ਕਿ ਮਨੁੱਖ ਜਾਤੀ ਦੇ ਭ੍ਰਿਸ਼ਟ ਮੈਂਬਰਾਂ ਦੇ ਰੂਪ ਵਿਚ ਸਾਨੂੰ ਸਾਰੇ ਸੰਸਾਰ ਦੇ ਪਰਮੇਸ਼ੁਰ ਦੇ ਪਰਿਵਾਰ ਵਿਚ ਕਬੂਲਿਆ ਗਿਆ ਅਤੇ ਲੈ ਲਿਆ ਗਿਆ ਹੈ। ਉਸ ਨੇ ਸਮਝ ਤੋਂ ਬਾਹਰ ਫ਼ਜ਼ਲ ਦੇ ਕੰਮ ਭਾਵ ਆਪਣੇ ''ਇੱਕੋ ਇਕ ਨਿਰਾਲੇ ਪੁੱਤਰ *[monogenēs]* ਦੇ ਸਲੀਬ ਦਿੱਤੇ ਜਾਣ ਦੇ ਰਾਹੀਂ'' ਸਾਨੂੰ ਗੋਦ ਲੈ ਲਿਆ ਹੈ (ਯੂਹੰਨਾ 1:18; 3:16; CJB)।

ਮਨੁੱਖੀ ਜੀਵਾਂ ਦੇ ਰੂਪ ਵਿਚ ਅਸੀਂ ਸਿਰਫ਼ ਛੋਟੀ ਜਿਹੀ ਝਲਕ ਹੀ ਫੜ ਸਕਦੇ ਹਾਂ, ਉਸ ਇਲਾਹੀ ਪ੍ਰੇਮ ਦੀ ਜਿਸ ਵਿਚ ਪਿਤਾ ਨੂੰ ਅਜਿਹੀ ਖ਼ਤਰਨਾਕ ਕੁਰਬਾਨੀ ਸਾਡੀ ਖ਼ਾਤਰ ਦੇਣੀ ਪਈ। ਇਸ ਵੱਡੇ ਪਿਆਰ ਦੀ ਸਾਡੇ ਸੀਮਤ ਸਮਝ ਨਾਲ ਇਹ ਹੋ ਸਕਦਾ ਹੈ ਕਿ ਅਸੀਂ ਇਸ ਤੋਂ ਮੋਹਿਤ ਨਾ ਹੋਈਏ? ਅਜਿਹੇ ਪ੍ਰੇਮ ਲਈ ਸਾਨੂੰ ਅਜਿਹੇ ਸਰਵਸ਼ਕਤੀਸ਼ਾਲੀ ਤੇ ਸੰਸਾਰ ਦੇ ਸਭ ਲੋਕਾਂ ਲਈ ਜਿਨ੍ਹਾਂ ਲਈ ਉਸ ਪਿਆਰੇ ਪੁੱਤਰ ਨੇ ਆਪਣੀ ਜਾਨ ਦੇ ਦਿੱਤੀ, ਪਿਆਰ ਭਰੇ, ਸ਼ੁਕਰਗੁਜ਼ਾਰ, ਸਮਰਪਤ ਸੇਵਾ ਲਈ ਆਪਣੀ ਪੂਰੀ ਤਾਕਤ ਨਾਲ ਭਰ ਜਾਣਾ ਚਾਹੀਦਾ ਹੈ।

**ਅਜੋਕੇ ਸਮੇਂ ਦੀ ਮੂਰਤੀਪੂਜਾ** (4:8)

ਇੱਕੀਵੀਂ ਸਦੀ ਵਿਚ ਰਹਿਣ ਵਾਲੇ ਲੋਕ ਲੱਕੜ ਜਾਂ ਪੱਥਰ ਦੀਆਂ ਬਣੀਆਂ ਮੂਰਤਾਂ ਅੱਗੇ ਝੁਕਣ ਜਾਂ ਉਨ੍ਹਾਂ ਦੀ ਪੂਜਾ ਕਰਨ ਦੀ ਪਰਖ ਤੋਂ ਮੁਕਤ ਹੋ ਸਕਦੇ ਹਨ। ਪਰ ਪੁਰਾਣੇ ਜ਼ਮਾਨੇ ਭਾਵ ਯੂਨਾਨੀ

ਸੰਸਾਰ ਵਿਚ ਜਿਸ ਵਿਚ ਦੁਨੀਆਂ ਦੇ ਸਭ ਤੋਂ ਗੰਭੀਰ ਚਿੰਤਕ ਪੈਦਾ ਹੋਏ, ਮੂਰਤੀਪੂਜਾ ਇਕ ਲਤ ਸੀ।

ਯੂਨਾਨੀਆਂ ਨੇ ਵੀ ਜਿਹੜੇ ਮਸੀਹ ਤੋਂ ਸਦੀਆਂ ਪਹਿਲਾਂ ਰਹਿੰਦੇ ਸਨ, ਕਦੇ ਇਹ ਨਹੀਂ ਮੰਨਿਆ ਸੀ ਕਿ ਉਨ੍ਹਾਂ ਦੇ ਦੇਵਤਿਆਂ ਦੀਆਂ ਮੂਰਤੀਆਂ ਅਸਲ ਵਿਚ ਦੇਵਤੇ ਹਨ, ਨਾ ਹੀ ਉਹ ਇਹ ਮੰਨਦੇ ਸਨ ਕਿ ਉਨ੍ਹਾਂ ਦੇ ''ਅਸਲ'' ਦੇਵਤੇ ਉਲਿੰਪੁਸ ਪਹਾੜ ਦੀਆਂ ਬਰਫੀਲੀਆਂ ਚੋਟੀਆਂ ਤੇ ਕਿਸੇ ਸਮੇਂ ਰਹਿੰਦੇ ਸਨ। ਬਲਕਿ ਇਹ ਮੂਰਤੀਆਂ ਉਨ੍ਹਾਂ ਦੀ ਨਜ਼ਰ ਵਿਚ ਉਨ੍ਹਾਂ ਦੇਵਤਿਆਂ ਨੂੰ ਦਰਸਾਉਂਦੀਆਂ ਸਨ ਜਿਹੜੇ ਉਨ੍ਹਾਂ ਦੀ ਮਾਨਤਾ ਅਨੁਸਾਰ ਕਿਸੇ ਹੋਰ ਆਯਾਮ ਵਿਚ ਰਹਿੰਦੇ ਸਨ ਜਿਹੜਾ ''ਸੁਰਗ'' ਜਾਂ ਸੁਰਗੀ ਖੇਤਰ ਦੀ ਸਾਡੀ ਧਾਰਣਾ ਵਰਗਾ ਹੈ। ਇਸ ਤਰ੍ਹਾਂ ਨਾਲ ਇਹ ਮੂਰਤੀਆਂ ਉਨ੍ਹਾਂ ਮੂਰਤੀਆਂ ਨਾਲੋਂ ਬਹੁਤੀਆਂ ਫ਼ਰਕ ਨਹੀਂ ਸਨ ਜਿਹੜੀਆਂ ਸਾਡੇ ਅਜੋਕੇ ਸਮੇਂ ਵਿਚ ਕੁਝ ਕੈਥੇਡਰਲਾਂ ਵਿਚ ਪਾਈਆਂ ਜਾਂਦੀਆਂ ਹਨ। ਕੁਝ ਮੂਰਤੀਆਂ ਨੂੰ ਰਸਮ ਮੁਤਾਬਿਕ ਤੇਲ ਨਾਲ ਮਸਹ ਕੀਤਾ ਜਾਂਦਾ ਹੈ, ਉਨ੍ਹਾਂ ਦੇ ਪੈਰ ਚੁੰਮੇ ਜਾਂਦੇ ਹਨ ਅਤੇ ਕਈ ਮੂਰਤੀਆਂ ਨੂੰ ਵਿਚ–ਵਿਚ ਸੋਹਣਾ ਲਿਬਾਸ ਵੀ ਪੁਆਇਆ ਜਾਂਦਾ ਹੈ।

ਮੂਰਤੀਪੂਜਾ ਦੇ ਵਿਰੁੱਧ ਮਾਮਲਾ ਮਨੁੱਖ ਦੇ ਵਿਸ਼ਵਾਸ ਜਾਂ ਉਸ ਦੀ ਸ਼ਰਧਾ ਦੀਆਂ ਗਲਤ ਗੱਲਾਂ ਜਾਂ ਅਧਾਰਾਂ ਤੇ ਅਧਾਰਿਤ ਹੈ, ਉਹ ਭੌਤਿਕ ਹੋਣ ਜਾਂ ਹੱਥਲਿਖਤ। ਪਰਮੇਸ਼ੁਰ ਨੂੰ ਛੱਡ ਕਿਸੇ ਨਾਲ ਵੀ ਪ੍ਰੇਮ ਕਰਨਾ ਅਤੇ ਉਸ ਉੱਤੇ ਭਰੋਸਾ ਕਰਨਾ ਉਸ ਤੋਂ ਉਹ ਖੋਹ ਲੈਂਦਾ ਹੈ ਜੋ ਸਿਰਫ਼ ਉਸੇ ਦਾ ਹੈ। ਮੂਰਤੀਪੂਜਾ ਦਾ ਸਾਰ ਇਹੀ ਹੈ।

ਉਦਾਹਰਣ ਲਈ ਪੁਰਾਣੇ ਜ਼ਮਾਨੇ ਦੇ ਯੂਨਾਨੀਆਂ ਦਾ ਮੰਨਣਾ ਸੀ ਕਿ ਅਕਾਸ਼ੀ ਪਿੰਡਾਂ (ਸੂਰਜ, ਚੰਦ, ਅਤੇ ਗ੍ਰਹਾਂ[63]) ਇਕ ਥਾਂ ਟਿਕੇ ਤਾਰਿਆਂ ਨੂੰ ਅੱਗੇ ਪਿੱਛੇ ''ਘੁਮਾਉਣ'' ਦੀ ਸ਼ਕਤੀ ਹੈ ਅਤੇ ਉਨ੍ਹਾਂ ਕੋਲ ਆਦਮੀ ਦੀ ਕਿਸਮਤ ਉੱਤੇ ਵੀ ਇਖ਼ਤਿਆਰ ਹੈ। ਅੱਜ ਸਾਡੇ ਲਈ ਭਾਵੇਂ ਇਹ ਗੱਲ ਬੇਤੁਕੀ ਲਗਦੀ ਹੋਵੇ ਪਰ ਅੱਜ ਬਹੁਤ ਸਾਰੇ ਲੋਕ ਅਖ਼ਬਾਰਾਂ ਵਿਚ ਰਾਸ਼ੀਫਲ ਵੇਖਦੇ ਅਤੇ ਇੰਟਰਨੈਟ ਉੱਤੇ ਭਵਿੱਖ ਦੀਆਂ ਘਟਨਾਵਾਂ ਨਾਲ ਜੁੜੀਆਂ ਚੰਗੀਆਂ ਜਾਂ ਬੁਰੀਆਂ ਹੋਣ ਵਾਲੀਆਂ ਗੱਲਾਂ ਦੇ ਨਿਸ਼ਾਨ ਲੱਭਦੇ ਹਨ। ਭਲਾ ਉਹ ਉਨ੍ਹਾਂ ਪੁਰਾਣੇ ਯੂਨਾਨੀਆਂ ਨਾਲੋਂ ਜਿਹੜੇ ਯਿਸੂ ਦੇ ਜਨਮ ਤੋਂ ਸਦੀਆਂ ਪਹਿਲਾਂ ਰਹਿੰਦੇ ਸਨ, ਕਿਸੇ ਵੀ ਤਰ੍ਹਾਂ ਨਾਲ ਘੱਟ ਮੂਰਤੀਪੂਜਕ ਹਨ।

ਪਰਮੇਸ਼ੁਰ ਨੇ ਅਕਾਸ਼ੀ ਪਿੰਡਾਂ ਦੀ ਪੂਜਾ ਦੇ ਵਿਰੋਧ ਵਿਚ ਆਪਣੇ ਲੋਕਾਂ ਇਸਰਾਏਲੀਆਂ ਨੂੰ ਚਿਤਾਵਨੀ ਹੀ ਨਹੀਂ ਦਿੱਤੀ ਬਲਕਿ ਉਸ ਨੇ ਹੁਕਮ ਵੀ ਦਿੱਤਾ ਕਿ ਇਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਜਾਵੇ (ਵਿਵਸਥਾ ਸਾਰ 4:19; 17:1–5)। ਬਾਅਦ ਵਿਚ ਇਸਰਾਏਲੀਆਂ ਵਿਚ ਜਦੋਂ ਬੇਦੀਨੀ ਐਨੀ ਵਧ ਗਈ ਕਿ ਸ਼ਰ੍ਹਾ ਦੀ ਕਿਤਾਬ ਹੀ ਗੁਆਚ ਗਈ ਅਤੇ ਕਈ ਸਾਲਾਂ ਤਕ ਲੋਕ ਉਸ ਨੂੰ ਭੁਲਾ ਬੈਠੇ ਤਾਂ ਜਵਾਨ ਰਾਜੇ ਯੋਸਿਯਾਹ ਨੇ ਇਸ ਦੇ ਮਿਲਣ ਤੇ ਇਕ ਕੌਮੀ ਸੁਧਾਰ ਲਿਆਂਦਾ। ਉਸ ਨੇ ਇਹ ਜਰੂਰੀ ਸਮਝਿਆ ਕਿ ਹੈਕਲ ਨੂੰ ਨਾ ਸਿਰਫ਼ ਮੂਰਤੀਪੂਜਕ ਯਾਜਕਾਂ ਤੋਂ ਬਲਕਿ ''ਉਨ੍ਹਾਂ ਨੂੰ ਭੀ ਜੋ ਬਆਲ, ਸੂਰਜ, ਚੰਦ, ਘੁੰਮਣ ਵਾਲੇ ਤਾਰੇ ਅਤੇ ਅਕਾਸ਼ ਦੇ ਸਾਰੇ ਲਕਸ਼ਰ ਲਈ ਧੂਪ ਧੁਖਾਉਂਦੇ ਸਨ ਹਟਾ ਦਿੱਤਾ'' ਜਾਵੇ (2 ਰਾਜਿਆਂ 23:5)।

ਪੌਲੁਸ ਨੇ ਸਾਫ਼ ਆਖਿਆ ਕਿ ਮੂਰਤੀਪੂਜਕ ਲੋਕ ਪਰਮੇਸ਼ੁਰ ਦੇ ਰਾਜ ਦੇ ਵਾਰਿਸ ਨਹੀਂ ਹੋਣਗੇ (1 ਕੁਰਿੰਥੀਆਂ 6:9, 10)। ਉਸ ਨੇ ਕਲੀਸੀਆ ਨੂੰ ਮੂਰਤੀਪੂਜਾ ਕਰਨ ਵਾਲਿਆਂ ਦੀ ਸੰਗਤੀ ਵਿੱਚੋਂ ਨਿਕਲ ਆਉਣ ਦਾ ਹੁਕਮ ਵੀ ਦਿੱਤਾ (1 ਕੁਰਿੰਥੀਆਂ 5:10, 11)। ਭਲਾ ਅਸੀਂ ਉਸ ਦੀ ਗੱਲ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਕਿ ''ਲੋਭ'' ਜਾਂ ''ਲਾਲਚ'' (*pleonexia,* ਪਲਿਓਨੈਕਸਿਆ[64]) ਮੂਰਤੀਪੂਜਾ ਦੇ ਬਰਾਬਰ ਹੀ ਹੈ (ਅਫ਼ਸੀਆਂ 5:5; ਕੁਲੁੱਸੀਆਂ 3:5)? ਕੀ ਅਸੀਂ ਕਦੇ ਉਸ ਦੀ ਇਸ ਮੰਗ ਉੱਤੇ ਧਿਆਨ ਦਿੱਤਾ ਹੈ ਕਿ ਇਨ੍ਹਾਂ ਪਾਪਾਂ ਤੋਂ ਤੌਬਾ ਨਾ ਕਰਨ ਵਾਲਿਆਂ ਨੂੰ ਸੰਤਾਂ ਦੀ ਸੰਗਤੀ ਤੋਂ ਇਨਕਾਰ ਕੀਤਾ ਜਾਵੇ (1 ਕੁਰਿੰਥੀਆਂ 5:11)? ਆਮ ਤੌਰ ਤੇ ਕਲੀਸੀਆਵਾਂ ਪਰਮੇਸ਼ੁਰ ਦੀ ਇਸ ਆਗਿਆ ਨੂੰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ। ਪਰ ਇਹ ਪਰਮੇਸ਼ੁਰ ਦੀ ਆਗਿਆ ਤਾਂ ਹੈ। ਇਸ ਤੋਂ

ਇਲਾਵਾ ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਦੀ ਗੱਲ ਕੀਤੀ ਜਿਨ੍ਹਾਂ ਦਾ ''ਈਸ਼ੁਰ ਢਿੱਡ ਹੈ'' (ਫ਼ਿਲਿੱਪੀਆਂ 3: 19; ਵੇਖੋ ਰੋਮੀਆਂ 16: 18) ਅਤੇ ਜਿਹੜੇ ''ਪਰਮੇਸ਼ੁਰ ਦੇ ਨਹੀਂ ਸਗੋਂ ਭੋਗ ਵਿਲਾਸ ਦੇ ਪ੍ਰੇਮੀ'' ਹਨ (2 ਤਿਮੋਥਿਉਸ 3: 4)। ਰੋਮੀਆਂ 1: 25 ਵਿਚ ਗੈਰਕੌਮਾਂ ਵਿਚ ਪਾਏ ਜਾਣ ਵਾਲੇ ਪਾਪਾਂ ਦੀ ਗੱਲ ਕਰਦਿਆਂ ਉਸ ਨੇ ਮੂਰਤੀਪੂਜਕ ਲੋਕ ਉਨ੍ਹਾਂ ਨੂੰ ਦੱਸਿਆ ਜਿਨ੍ਹਾਂ ''ਨੇ ਪਰਮੇਸ਼ੁਰ ਦੀ ਸਚਿਆਈ ਨੂੰ ਝੂਠ ਨਾਲ ਵਟਾ ਦਿੱਤਾ ਅਤੇ ਕਰਤਾਰ ਜਿਹੜਾ ਯੁੱਗ ਯੁੱਗ ਧਨ ਹੈ, ਆਮੀਨ, ਨੂੰ ਛੱਡ ਕੇ ਸਰਿਸ਼ਟੀ ਦੀ ਪੂਜਾ ਅਤੇ ਉਪਾਸਨਾ ਕੀਤੀ।''

ਇਨ੍ਹਾਂ ਹਵਾਲਿਆਂ ਦੇ ਮੁਤਾਬਿਕ *ਪਰਮੇਸ਼ੁਰ ਦੇ ਮਨ ਵਿਚ ਸਾਡੇ ਲਗਾਅ ਜਾਂ ਸਾਡੇ ਭਰੋਸੇ ਦੇ ਰੂਪ ਵਿਚ ਉਸ ਦਾ ਕੋਈ ਵੀ ਬਦਲ ਮੂਰਤੀਪੂਜਾ ਹੀ ਹੈ।* ਕੁਝ ਗੱਲਾਂ ਵਿਚ ਸਾਡੀ ਬੰਦਗੀ ਦੀਆਂ ਗੈਰ ਭੌਤਿਕ ਚੀਜ਼ਾਂ ਇਸ ਨਾਲੋਂ ਵੀ ਖ਼ਤਰਨਾਕ ਹਨ ਕਿਉਂ ਜੋ ਉਨ੍ਹਾਂ ਨੂੰ ਅਜਿਹਾ ਵੇਖਿਆ ਨਹੀਂ ਜਾਂਦਾ। ਇਸ ਉਮੀਦ ਵਿਚ ਕਿ ਉਹ ਕਿਸੇ ਤਰ੍ਹਾਂ ਨਾਲ ਸਾਡੀਆਂ ਪਰੇਸ਼ਾਨੀਆਂ ਵਿਚ ਸਾਡੀ ਮਦਦ ਕਰ ਸਕਦੀਆਂ ਹਨ ਜਾਂ ਉਨ੍ਹਾਂ ਨਾਲ ਸਾਨੂੰ ਬਰਕਤ ਮਿਲ ਸਕਦੀ ਹੈ, ''ਗੁੰਗੀਆਂ ਮੂਰਤਾਂ'' ਦੇ ਸਾਹਮਣੇ ਝੁਕਣ ਦੀ ਮੂਰਖਤਾ ਨੂੰ ਨਹੀਂ ਵਿਖਾਉਂਦੀਆਂ (ਵੇਖੋ ਯਸਾਯਾਹ 44)। ਸਾਨੂੰ ਲੱਗ ਸਕਦਾ ਹੈ ਕਿ ਅਸੀਂ ਐਨੇ ਸਿਆਣੇ ਹਾਂ ਕਿ ਇਹ ਪੁਰਾਣੀਆਂ ਮੂਰਤਾਂ ਸਾਨੂੰ ਗੁਮਰਾਹ ਨਹੀਂ ਕਰ ਸਕਦੀਆਂ ਪਰ ਸ਼ੈਤਾਨ ਕਿਸੇ ਤਰ੍ਹਾਂ ਨਾਲ ਧੋਖੇ ਦੀ ਆਪਣੀ ਕਲਾ ਨਾਲ ਸਾਥੋਂ ਬਹੁਤ ਅੱਗੇ ਰਹਿੰਦਾ ਹੈ ਅਤੇ ਉਸ ਨੂੰ ਪਤਾ ਹੈ ਕਿ ਸਾਡੀ ਸਭ ਤੋਂ ਵੱਡੀ ਕਮਜ਼ੋਰੀ ਕੀ ਹੈ ਅਤੇ ਉਹ ਆਪਣੇ ਅਗਨ ਬਾਨ ਕਿੱਥੇ ਛੱਡਣੇ ਹਨ।

ਖੁਸ਼ਹਾਲ ਲੋਕਾਂ ਲਈ ਆਧੁਨਿਕ ਮਨੁੱਖ ਦੀਆਂ ਸਭ ਮੂਰਤਾਂ ਵਿੱਚੋਂ ਸਭ ਤੋਂ ਤੇਜ਼ ਅਤੇ ਖ਼ਤਰਨਾਕ ਲੋਭ ਹੈ, ਜੋ ਆਮ ਤੌਰ ਤੇ ''ਕਾਮਯਾਬੀ'' ਦੇ ਰੂਪ ਵਿਚ ਛਲਦਾ ਹੈ। ਕੁਲੁੱਸੀਆਂ 3: 5 ਵਾਲੀਆਂ ਬੁਰਿਆਈਆਂ ਦੀ ਫ਼ਹਰਿਸਤ ਵਿਚ ''ਲੋਭ'' ਜਾਂ ''ਲਾਲਚ'' (KJV) ਯੂਨਾਨੀ ਬਾਈਬਲ ਵਿਚ ਸਿਰਫ਼ *pleonexia* (ਪਲੇਓਨੇਕਸੀਆ) ਹੀ ਹੈ ਜਿਸ ਤੋਂ ਪਹਿਲਾਂ ਨਿਸ਼ਚਿਤ ਉਪਪਦ (''the'') ਮਿਲਦਾ ਹੈ। ਅੰਗ੍ਰੇਜ਼ੀ ਦੇ ਸੰਸਕਣਾਂ ਵਿਚ ਭਾਵੇਂ ਇਹ ਨਹੀਂ ਮਿਲਦਾ, ਪਰ ਮੂਲ ਭਾਸ਼ਾ ਵਿਚ ਇਸ ਦਾ ਖ਼ਾਸ ਵਿਆਕਰਣੀ ਮਹੱਤਵ ਹੈ ਅਤੇ ਇਸ ਦਾ ਅਰਥ ਕੁਝ ਇਸ ਤਰ੍ਹਾਂ ਹੈ ''ਅਤੇ ਉਹ ਸਭ ਤੋਂ ਵੱਡੀ ਬੁਰਿਆਈ, ਲੋਭ।''[65]

ਜ਼ਿੰਦਗੀ ਵਿਚ ਅਸੀਂ ਭਾਵੇਂ ਕਿਸੇ ਵੀ ਹਾਲਤ ਵਿਚ ਹੋਈਏ ''ਪਰ ਇਕ ਗੱਲ ਦੀ ਲੋੜ ਹੈ'' (ਲੂਕਾ 10: 42)। ਆਓ ਅਸੀਂ ਸਭ ਤੋਂ ਉੱਪਰ ਪਰਮੇਸ਼ੁਰ ਨੂੰ ਅਤੇ ਉਸ ਦੇ ਵਚਨ ਨੂੰ ਹੀ ਰੱਖੀਏ।

**ਨਿੱਜੀ ਤਜਰਬੇ ਨਾਲ ਪ੍ਰਚਾਰ ਕਰਨਾ** (4: 12-15)

ਗਲਾਤੀਆਂ ਨੂੰ ਲਿਖਦਿਆਂ ਪੌਲੁਸ ਨੇ ਉਨ੍ਹਾਂ ਨਾਲ ਹੋਏ ਆਪਣੇ ਤਜ਼ਰਬਿਆਂ ਵੱਲ ਧਿਆਨ ਦੁਆਇਆ। ਇਨ੍ਹਾਂ ਗੈਰਕੌਮਾਂ ਨੂੰ ਖੁਸ਼ਖ਼ਬਰੀ ਸੁਣਾਉਂਦਿਆਂ ਨਿੱਜੀ ਮੁਸ਼ਕਿਲ ਦੇ ਬਾਵਜੂਦ ਉਹ ਉਨ੍ਹਾਂ ਨਾਲ ਘੁਲ ਮਿਲ ਗਿਆ। ਉਨ੍ਹਾਂ ਨੇ ਉਹਦੀ ਆਉ ਭਗਤ ਬੜੀ ਗਰਮਜੋਸ਼ੀ ਨਾਲ ਕੀਤੀ ਅਤੇ ਉਹ ਉਹਦੇ ਚੰਗੇ ਦੋਸਤ ਬਣ ਗਏ ਸਨ (4: 12–15)। ਮਸੀਹ ਲਈ ਉਨ੍ਹਾਂ ਦੇ ਪੂਰੀ ਤਰ੍ਹਾਂ ਨਾਲ ਸਮਰਥਨ ਨੂੰ ਬਹਾਲ ਕਰਨ ਦੀ ਕੋਸ਼ਿਸ਼ ਵਿਚ ਪੌਲੁਸ ਨੇ ਇਨ੍ਹਾਂ ਆਮ ਅਨੁਭਵਾਂ ਦੀ ਵਰਤੋਂ ਕੀਤੀ।

ਇਕ ਵਾਰ ਸਰਮਨ ਦੇਣ ਦੇ ਬਾਅਦ ਮੈਂ ਹੈਰਾਨ ਸਾਂ ਕਿ ਮੈਨੂੰ ਇੰਜੀਲ ਦਾ ਪ੍ਰਚਾਰ ਕਰਦਿਆਂ ਆਪਣੀ ਜ਼ਿਦਗੀ ਦੇ ਨਿੱਜੀ ਤਜਰਬਿਆਂ ਨੂੰ ਵਿਚ ਨਹੀਂ ਦੱਸਣਾ ਚਾਹੀਦਾ ਕਿਉਂ ਜੋ ਨਿੱਜੀ ਕਹਾਣੀਆਂ ਲਈ ''ਵਚਨ ਦਾ ਪ੍ਰਚਾਰ ਕਰਨ'' ਵਿਚ ਕੋਈ ਥਾਂ ਨਹੀਂ ਹੈ। ਮੰਨਦਾ ਹਾਂ ਕਿ ਉਸ ਸਮੇਂ ਮੈਂ ਹੈਰਾਨ ਸਾਂ। ਪਰ ਬਾਅਦ ਵਿਚ ਮੈਨੂੰ ਇਸ ਗੱਲ ਦੀ ਸਮਝ ਆਈ ਕਿ ਆਪਣੀ ਨਿੱਜੀ ਗਵਾਹੀ ਦੇਣ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਦੱਸਿਆ ਜਾ ਸਕਦਾ ਹੈ ਕਿ ਇੰਜੀਲ ਨੇ ਮੇਰੀ ਜ਼ਿੰਦਗੀ ਉੱਤੇ ਕਿਵੇਂ ਅਸਰ ਪਾਇਆ ਹੈ। ਆਪਣੇ ਸੁਣਨ ਵਾਲਿਆਂ ਨੂੰ ਇਹ ਦੱਸਣ ਲਈ ਕਿ ਉਹਦਾ ਦਿਮਾਗ ਵੀ ਨਹੀਂ ਬਲਕਿ

ਦਿਲ ਵੀ ਇਹੀ ਕਹਿ ਰਿਹਾ ਹੈ, ਅਸੀਂ ਆਪਣੀ ਜ਼ਿੰਦਗੀ ਵਿਚ ਪਰਮੇਸ਼ੁਰ ਦੀ ਸਮਰੱਥਾ ਦੀ ਗਵਾਹੀ ਦੇ ਰਹੇ ਹੋ ਸਕਦੇ ਹਾਂ। ਕਿਸੇ ਬੁਲਾਰੇ ਜਾਂ ਲੇਖਕ ਵਿਚ ਜਜ਼ਬਾਤ ਦਾ ਹੋਣਾ ਚੰਗੀ ਗੱਲ ਹੈ। ਜੇ ਉਹ ਉਸ ਵਚਨ ਦੇ ਪ੍ਰਭਾਵ ਤੋਂ ਨਿੱਕਲਿਆ ਹੋਵੇ ਜਿਸ ਨਾਲ ਉਹ ਆਪਣੇ ਸੁਣਨ ਵਾਲਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਿਚ ਹੀ ਨਹੀਂ ਬਲਕਿ ਆਪ ਵੀ ਨਿਭਾ ਰਿਹਾ ਹੋਵੇ। ਇਸ ਹਵਾਲੇ ਵਿਚ ਪੌਲੁਸ ਦੀ ਭਾਵਨਾ ਵਿਚ ਯਕੀਨਨ ਹੀ ਉਹਦਾ ਸੰਦੇਸ਼ ਸ਼ਾਮਿਲ ਸੀ।

**ਚੰਚਲਤਾ** (4: 15)

ਪੌਲੁਸ ਨੇ ਗਲਾਤੀਆਂ ਤੋਂ ਪੁੱਛਿਆ, ''ਸੋ ਹੁਣ ਤੁਹਾਡਾ ਧੰਨਵਾਦ ਕਿੱਥੇ ਗਿਆ?'' (4: 15ੳ)। ਇਸ ਸਵਾਲ ਨਾਲ ਉਨ੍ਹਾਂ ਦੇ ਵਿਹਾਰ ਦੇ ਪੂਰੀ ਤਰ੍ਹਾਂ ਨਾਲ ਬਦਲ ਜਾਣ ਦਾ ਪਤਾ ਲਗਦਾ ਹੈ ਜੋ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਕਪਟ ਕਰਕੇ ਹੋਇਆ ਸੀ। ਭਲਾ ਅਸੀਂ ਆਖ ਸਕਦੇ ਹਾਂ ਕਿ ਇਹ ਮਨਮੌਜੀ ਹੋਣਾ ਗਲਾਤੀਆਂ ਦੀ ਖੂਬੀ ਹੈ? ਨਹੀਂ, ਯਿਸੂ ਦੇ ਸਮੇਂ ਦੇ ਯਹੂਦੀਆਂ ਵਿਚ ਵੀ ਅਚਾਨਕ ਅਜਿਹਾ ਹੀ ਬਦਲਾਅ ਆਇਆ ਸੀ। ਜਿਸ ਵਿਚ ਇਕ ਪਲ ਵਿਚ ਉਹ ਯਰੂਸ਼ਲਮ ਵਿਚ ਉਹ ਫ਼ਤਹਿਮੰਦ ਦਾਖਿਲੇ ਦੇ ਦੌਰਾਨ ਅਨੰਦ ਨਾਲ ਭਰੇ ਉਸ ਰਾਜੇ ਲਈ ਜਸ਼ਨ ਮਨਾ ਰਹੇ ਸਨ ''ਜਿਹੜਾ ਪ੍ਰਭੂ ਦੇ ਨਾਮ ਉੱਤੇ'' ਆਇਆ ਅਤੇ ਹਫ਼ਤੇ ਦੇ ਅੰਦਰ-ਅੰਦਰ ਉਹ ਚਿੱਲਾ ਰਹੇ ਸਨ ਕਿ ''ਇਹ ਨੂੰ ਸਲੀਬ ਦਿਉ!'' (ਮੱਤੀ 21:9; 27:22, 23)।

ਇਸੇ ਤਰ੍ਹਾਂ ਦੀ ਬੇਮੇਲਤਾ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿਚ ਮਿਲਦੀ ਹੈ (ਮੱਤੀ 13:5, 6, 20, 21)। ਅਸੀਂ ਇਨ੍ਹਾਂ ਰੁਝਾਨਾਂ ਨੂੰ ਅੱਜ ਵੇਖਦੇ ਹਾਂ ਜਦ ਸਤਹੀ, ਜੋਸ਼ ਜੋਸ਼ ਵਿਚ ਲੋਕ ਮਸੀਹ ਨੂੰ ਮੰਨ ਤਾਂ ਲੈਂਦੇ ਹਨ ਪਰ ਫਿਰ ਉਹਦੇ ਮਗਰ ਚੱਲਣ ਤੋਂ ਮੂੰਹ ਫੇਰ ਲੈਂਦੇ ਹਨ। ਅਸੀਂ ਕੀ ਕਰਦੇ ਹਾਂ? ਭਲਾ ਸਾਡੇ ਵਿੱਚੋਂ ਕੋਈ ਪ੍ਰਭੂ ਦੇ ਨਾਲ ਆਪਣੇ ਸਬੰਧਾਂ ਵਿਚ ਇਨ੍ਹਾਂ ਲੋਕਾਂ ਨਾਲੋਂ ਫਰਕ ਹੋਣ ਦਾ ਦਾਅਵਾ ਕਰ ਸਕਦਾ ਹੈ? ਅਸੀਂ ਕਿੰਨੀ ਵਾਰ ਆਪਣੇ ''ਪਹਿਲੇ ਪਿਆਰ'' ਤੋਂ ਪਿੱਛੇ ਪੈ ਜਾਂਦੇ ਹਾਂ। ਇਕ ਵਾਰ ਫੇਰ ਤੋਂ, ਜੋ ਉਹ ਸਚਮੁਚ ਵਿਚ ਹੈ ਜਿੰਨਾਂ ਉਹ ਸਚਮੁਚ ਵਿਚ ਹੋਣਾ ਚਹੀਦਾ ਹੈ ਉਹ ਨੂੰ ਮੰਨਦਿਆਂ ਕੀ ਅਸੀਂ ਉਹਦੇ ਨਾਲ ਆਪਣੀ ਜੋਸ਼ ਭਰੀ ਮੁਲਾਕਾਤ ਨੂੰ ਫੇਰ ਤੋਂ ਪਾਉਣ ਲਈ ਤੜਫਦੇ ਹਾਂ? ਇਸ ਇੱਛਾ ਨੂੰ ''ਓ ਫਾਰ ਏ ਕਲੋਜ਼ਰ ਵਾਕ ਵਿਦ ਗਾਡ'' ਭਜਨ ਦੀਆਂ ਸਤਰਾਂ ਵਿਚ ਵਿਖਾਇਆ ਗਿਆ ਹੈ?

ਉਹ ਅਨੰਦ ਜਿਸ ਨੂੰ ਮੈਂ ਜਾਣਦਾ ਸਾਂ ਕਿੱਥੇ ਹੈ<br>
ਜਦ ਮੈਂ ਮਿਲਿਆ ਸਾਂ ਪ੍ਰਭੂ ਨੂੰ ਪਹਿਲੀ ਵਾਰ?<br>
ਰੂਹ ਨੂੰ ਸਕੂਨ ਦੇਣ ਵਾਲਾ ਉਹ ਵਿਚਾਰ ਕਿੱਥੇ ਹੈ<br>
ਯਿਸੂ ਦਾ ਅਤੇ ਉਸ ਦੇ ਵਚਨ ਦਾ?[66]

ਇਸ ਗੀਤ ਨਾਲ ਸਾਡੇ ਦਿਮਾਗ ਵਿਚ ਹਲਚਲ ਮਚ ਜਾਣੀ ਚਾਹੀਦੀ ਹੈ ਅਤੇ ਸਾਨੂੰ ਮੁਬਾਰਕ ਜਜ਼ਬਾਤ ਦੇ ਮੁੱਢਲੇ ਸਿਖਰ ਨੂੰ ਫੇਰ ਤੋਂ ਜਗਾਉਣ ਦਾ ਤਰੀਕਾ ਲੱਭਣਾ ਚਾਹੀਦਾ ਹੈ। ਭਲਾ ਅਸੀਂ ਉਸ ਰੂਹਾਨੀ ਅਨੰਦ ਨੂੰ ਜਿਹੜਾ ਪਹਿਲੀ ਵਾਰ ਸਾਨੂੰ ਪ੍ਰਭੂ ਨੂੰ ਜਾਣਨ ਤੇ ਮਿਲਿਆ ਸੀ, ਜਦ ਉਸ ਨੇ ਸਾਨੂੰ ਇਕ ਜਹਾਜ਼ ਤੇ ਚੜ੍ਹਾ ਦਿੱਤਾ ਸੀ ਜਿਸ ਦੀ ਅਸੀਂ ਕਲਪਨਾ ਨਹੀਂ ਕੀਤੀ, ਫੜੀ ਰੱਖਣਾ ਨਹੀਂ ਚਾਹੁੰਦੇ? ਨਵਾਂ ਜਨਮ ਪਾਏ ਹੋਏ ਅਤੇ ਜ਼ਿੰਦਗੀ ਦੇ ਦੁਨਿਆਵੀ ਜਹਾਜ਼ ਤੋਂ ਪਾਰ ਆ ਕੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਦੇ ਜਹਾਜ਼ ਤੇ ਆਉਣ ਵਾਲੇ ਸਭਨਾਂ ਨੂੰ ਅਜਿਹਾ ਹੀ ਮਿਲਣਾ ਚਾਹੀਦਾ ਹੈ। ਸਾਰੇ ਬਦਲਾਅ ਉਨ੍ਹਾਂ ਲਈ ਜਿਨ੍ਹਾਂ ਦਾ ਪਾਲਨ ਪੋਸ਼ਣ ਦੀ ਮੂਰਤੀਪੂਜਾ ਦੀ ਅਵਾਰਾ ਅਤੇ ਬੇਕਾਇਦਾ ਜੀਵਨ

ਸ਼ੈਲੀ ਵਿਚ ਹੋਇਆ ਹੈ, ਹੋਰ ਵੀ ਨਾਟਕੀ ਢੰਗ ਨਾਲ ਹੋਣਾ ਚਾਹੀਦਾ ਹੈ।

ਪੌਲੁਸ ਲਈ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਮਸੀਹੀ ਲੋਕਾਂ ਦੇ ਰੂਪ ਵਿਚ ਸ਼ੁਰੂ ਵਿਚ ਹੀ ਕੋਈ ਕਿਵੇਂ ਆਪਣੀ ਪੁਰਾਣੀ ਮੂਰਤੀਪੂਜਾ ਜਾਂ ਸ਼ਰ੍ਹਾ ਦੀ ਗੁਲਾਮੀ ਦੀਆਂ ''ਨਿਰਬਲ ਅਤੇ ਨਿਕੰਮੀਆਂ ਮੂਲ ਗੱਲਾਂ ਦੀ ਵੱਲ ਮੁੜ'' ਜਾਣ ਦੀ ਸੋਚ ਸਕਦਾ ਹੈ (4:9)। ਉਹ ਪੁੱਛ ਰਿਹਾ ਸੀ ਕਿ ''ਤੁਸੀਂ ਇਹ ਕਿਵੇਂ ਕਰ ਸਕਦੇ ਹੋ? ਤੁਹਾਡੀ ਹਿੰਮਤ ਕਿਵੇਂ ਪਈ! ਤੁਸੀਂ ਐਨੇ ਬੇਵਕੂਫ਼ ਕਿਵੇਂ ਹੋ ਸਕਦੇ ਹੋ?''

**ਜੋਸ਼ੀਲਾ ਪ੍ਰਚਾਰ** (4: 19)

1. ਭਲਾ ਪ੍ਰਚਾਰ ਵਿਚ ਜਜ਼ਬਾਤ ਦੀ ਵਰਤੋਂ ਹੋਣੀ ਚਾਹੀਦੀ ਹੈ? ''ਜਜ਼ਬਾਤ'' ਲਈ ਅੰਗ੍ਰੇਜ਼ੀ ਸ਼ਬਦ *emotion* ਦਾ ਸਬੰਧ ''*motion*'' ''*motivation,*'' ''*motive,*'' ਸ਼ਬਦਾਂ ਨਾਲ ਹੈ। ਲੋਕਾਂ ਨੂੰ ਫੈਸਲਾ ਲੈਣ ਅਤੇ ਉਨ੍ਹਾਂ ਉੱਤੇ ਅਮਲ ਕਰਨ ਲਈ ਇਹੀ ਉਕਸਾਉਂਦਾ ਹੈ। ਇਸ ਨੂੰ ਕਈ ਤਰ੍ਹਾਂ ਨਾਲ ਪੂਰਾ ਕੀਤਾ ਜਾ ਸਕਦਾ ਹੈ: ਜ਼ੋਰਦਾਰ ਫ਼ਰਕ ਨਾਲ, ਸਮਝਾਉਣ ਨਾਲ; ਪਾਪ ਦਾ ਦੋਸ਼ ਲਾ ਕੇ, ਅੰਤਹਕਰਣ ਨੂੰ ਜਗਾ ਕੇ; ਡਰਾ ਕੇ, ਗਲਤ ਕੰਮ ਦੇ ਨਤੀਜੇ ਸਮਝਾ ਕੇ;[67] ਅਤੇ ਸ਼ਰਮ ਨੂੰ ਉਭਾਰ ਕੇ, ਸ਼ੁਕਰਗੁਜ਼ਾਰੀ, ਪ੍ਰੇਮ ਅਤੇ ਆਸ ਦੀਆਂ ਭਾਵਨਾਵਾਂ ਨੂੰ ਜਗਾ ਕੇ। ਲੋਕਾਂ ਨੂੰ ਖਤਰੇ ਵਿਚ ਵੀ ਦਲੇਰੀ ਵਿਖਾਉਣ, ਪਰੇਸ਼ਾਨੀਆਂ ਅਤੇ ਤਕਲੀਫ਼ ਸਹਿਣ, ਵੱਡੀਆਂ ਵੱਡੀਆਂ ਰੁਕਾਵਟਾਂ ਨੂੰ ਪਾਰ ਕਰਨ, ਪਾਪ ਦਾ ਵਿਰੋਧ ਕਰਨ, ਧਾਰਮਿਕਤਾ ਦੇ ਕੰਮ ਨੂੰ ਅੱਗੇ ਵਧਾਉਣ ਦਾ ਜਨੂਨ ਹੋਣ ਜਾਂ ਕਿਸੇ ਨੂੰ ਆਲਸ ਜਾਂ ਸੁਸਤੀ ਚੋਂ ਕੱਢਣ ਲਈ ਜਜ਼ਬਾਤੀ ਹੋਣਾ ਜ਼ਰੂਰੀ ਹੈ।

ਹੋਣ ਵਾਲਾ ਇੰਜੀਲ ਦਾ ਪ੍ਰਚਾਰਕ ਜਿਸ ਨੂੰ ਲਗਦਾ ਹੈ ਕਿ ਮਸੀਹ ਦੀ ਸਿੱਖਿਆ ਨੂੰ ਵੰਡਣ ਲਈ ਇਸ ਗੱਲ ਤੋਂ ਅਣਜਾਣ ਕਿ ਉਸ ਨੂੰ ਸੁਣਨ ਵਾਲੇ ਉਸ ਵਿਚ ਕੀ ਵੇਖਦੇ ਅਤੇ ਸੁਣਦੇ ਹਨ, ਲੋਕਾਂ ਨੂੰ ਸਿਰਫ਼ ਇੰਜੀਲ ਦੇ ਤੱਥ ਦੱਸਣਾ ਹੀ ਕਾਫ਼ੀ ਨਹੀਂ ਹੋਵੇਗਾ, ਆਪਣੇ ਮਿਸ਼ਨ ਵਿਚ ਨਾਕਾਮ ਹੀ ਹੋਣ ਵਾਲਾ ਹੈ। ਇੰਜੀਲੀ ਸੰਦੇਸ਼ ਦੀ ਪੇਸ਼ਕਸ਼ ਦੀ ਰੁੱਖੀ, ਨੀਰਸ (ਭਾਵੇਂ ਸਹੀ ਹੀ ਹੋਵੇ) ਪੇਸ਼ਕਸ਼ ਵਿਚ ਜਾਣਕਾਰੀ ਦਾ ਖਜਾਨਾ ਦੇਣ ਨਾਲ ਹੋ ਸਕਦਾ ਹੈ ਕਿ ਕੋਈ ਕੰਮ ਕਰਨ ਲਈ ਅੱਗੇ ਨਾ ਵਧੇ। ਜੇ ਬੋਲਣ ਵਾਲਾ ਜੋ ਪ੍ਰਚਾਰ ਕਰ ਰਿਹਾ ਹੈ ਉਸ ਤੋਂ ਜ਼ਰਾ ਜਿੰਨਾ ਪ੍ਰਭਾਵਿਤ ਨਾ ਹੋਵੇ ਤਾਂ ਮੁਸ਼ਕਿਲ ਹੈ ਤਾਂ ਉਸ ਦੇ ਸੁਣਨ ਵਾਲੇ ਉਸ ਨਾਲੋਂ ਵੱਧ ਪ੍ਰਭਾਵਿਤ ਹੋਣ।

ਗ੍ਰੈਜੁਏਸ਼ਨ ਦੌਰਾਨ ਮੇਰੀ ਪਛਾਣ ਇਕ ਹੋਣਹਾਰ ਜਵਾਨ ਨਾਲ ਹੋਈ ਜਿਹੜਾ ਆਪਣੀ ਜਮਾਤ ਵਿਚ ਅੱਵਲ ਆਉਂਦਾ ਸੀ ਜਾਂ ਅੱਵਲ ਦੇ ਨੇੜੇ ਤੇੜੇ ਹੁੰਦਾ ਸੀ। ਗ੍ਰੇਜੁਏਸ਼ਨ ਦੇ ਬਾਅਦ ਉਹ ''ਸੇਵਕਾਈ ਵਿਚ ਆ ਗਿਆ'' ਅਤੇ ਕਈ ਵੱਡੀਆਂ ਵੱਡੀਆਂ ਕਲੀਸੀਆਵਾਂ ਵਿਚ ਪ੍ਰਚਾਰ ਕਰਨ ਲੱਗ ਪਿਆ। ਉਸ ਦੇ ਸਰਮਨਾਂ ਵਿਚ ਯੋਜਨਾ, ਸਮੱਗਰੀ, ਤਰਕ ਜਾਂ ਵਚਨ ਦੇ ਪ੍ਰਤੀ ਵਫ਼ਾਦਾਰੀ ਵਿਚ ਕੋਈ ਘਾਟ ਨਹੀਂ ਹੁੰਦੀ ਸੀ। ਉਹ ਬਿਨਾਂ ਨੋਟਸ ਦੇ ਬੁਲੰਦ ਅਵਾਜ ਨਾਲ ਦਿੱਤੇ ਗਏ ਹੁੰਦੇ। ਇੱਕੋ ਗੱਲ ਜਿਸ ਦੀ ਘਾਟ ਲਗਦੀ ਸੀ ਉਹ ਉਸ ਦਾ ਯਕੀਨ ਸੀ। ਕਿਸੇ ਤਰ੍ਹਾਂ ਨਾਲ ਇਹ ਗਿਫ਼ਟਡ ਆਦਮੀ ਜ਼ਰਾ ਜਿੰਨਾਂ ਵੀ ਸਬੂਤ ਦਿੱਤੇ ਬਿਨਾਂ ਕਿ ਜੋ ਕੁਝ ਉਹ ਕਹਿ ਰਿਹਾ ਹੈ ਉਸ ਤੋਂ ਆਪ ਪ੍ਰਭਾਵਿਤ ਹੈ, ਬੜੇ ਵਧੀਆ ਵਧੀਆ ਅਤੇ ਬੜੇ ਅਹਿਮ ਸਬਕ ਦਿੰਦਾ ਹੁੰਦਾ ਸੀ! ਆਪਣੀਆਂ ਇਨ੍ਹਾਂ ਖੂਬੀਆਂ ਦੇ ਬਾਵਜੂਦ ਇੰਜੀਲ ਦੇ ਸੇਵਕ ਵਜੋਂ ਉਹ ਨਾਕਾਬਲ ਸੀ।

ਦੂਜੇ ਪਾਸੇ ਜਜ਼ਬਾਤ ਦੀ ਵਰਤੋਂ ਸਿਰਫ਼ ਜਜ਼ਬਾਤੀ ਕਰਨ ਲਈ ਕਰਨਾ ਬੇਈਮਾਨੀ ਅਤੇ ਫਰੇਬ ਹੈ। ਇਸ ਨਾਲ ਭਾਵੇਂ ਲੋਕਾਂ ਨੂੰ ਕਈ ਤਰੀਕਿਆਂ ਨਾਲ ਜਜ਼ਬਾਤੀ ਕੀਤਾ ਜਾ ਸਕਦਾ ਹੈ। ਪਰ ਜਜ਼ਬਾਤ ਸਿਰਫ਼ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਇਕ ਤਰੀਕਾ ਹੀ ਹੈ। ਅਜਿਹੀ ਕੋਸ਼ਿਸ਼ ਦਾ ਵਸੀਲਾ ਅਤੇ ਅਸਰ ਕੀ ਹੋ ਸਕਦਾ ਹੈ? ਭਲਾ ਸੁਣ ਕੇ ਪ੍ਰਭਾਵਿਤ ਹੋਣ ਵਾਲਾ ਆਪਣੇ ਆਪ ਨੂੰ ਮਸੀਹ ਨਾਲ ਬੰਨ੍ਹ ਲਵੇਗਾ ਜਾਂ ਉਹ ਬੋਲਣ ਵਾਲੇ ਦਾ ਚੇਲਾ ਬਣ ਸਕਦਾ ਹੈ ਜਿਸ ਨੇ ਉਸ ਨੂੰ ਆਪਣੇ ਜਜ਼ਬਾਤ

ਵਿਚ ਫਸਾ ਲਿਆ। ਜੇ ਜਜ਼ਬਾਤ ਸਿਰਫ਼ ਮਨੁੱਖਾਂ ਵੱਲੋਂ ਹੈ ਅਤੇ ਇਸ ਨੂੰ ਸਿਰਫ਼ ਕਿਸੇ ਖ਼ਾਸ ਮਕਸਦ ਨੂੰ ਪਾਉਣ ਲਈ ਦੱਸਿਆ ਜਾਂਦਾ ਹੈ ਤਾਂ ਉਹ ਪ੍ਰਾਪਤੀ ਭਾਵੇਂ ਜੋ ਵੀ ਹੋਵੇ ਉਹ ਸਿਰਫ਼ ਇਨਸਾਨੀ ਕੰਮ ਹੋ ਸਕਦਾ ਹੈ।

ਜੇ ਬੋਲਣ ਵਾਲੇ ਵੱਲੋਂ ਵਿਖਾਏ ਗਏ ਜਜ਼ਬਾਤ ਪਰਮੇਸ਼ੁਰ ਦੇ ਵਚਨ ਦੇ ਅਧਿਐਨ ਅਤੇ ਮਨਨ ਨਾਲ ਜਗਾਇਆ ਗਿਆ ਹੈ ਤਾਂ ਇਸ ਦਾ ਅਸਰ ਵੱਖਰਾ ਹੋ ਸਕਦਾ ਹੈ। ਜੇ ਉਹਦੀ ਆਪਣੀ ਜ਼ਿੰਦਗੀ ਲਈ ਅਤੇ ਉਹਦੇ ਸੁਣਨ ਵਾਲਿਆਂ ਦੀਆਂ ਜ਼ਿੰਦਗੀਆਂ ਲਈ ਖੁਸ਼ਖ਼ਬਰੀ ਦੇ ਸੁਨੇਹੇ ਦੇ ਅਰਥ ਨਾਲ ਜਜ਼ਬਾਤੀ ਬਦਲ ਗਿਆ ਹੈ ਤਾਂ ਪ੍ਰਚਾਰ ਕਰਨ ਵਿਚ ਉਸ ਦਾ ਜਨੂਨ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਪਰਮੇਸ਼ੁਰ ਦੇ ਆਤਮਾ ਦਾ ਕੰਮ ਹੈ। ਇਹ ਨਿਰਾ ਮਨੁੱਖ ਦਾ ਨਹੀਂ ਬਲਕਿ ਪਰਮੇਸ਼ੁਰ ਦਾ ਕੰਮ ਹੋਵੇਗਾ।

ਆਪਣੇ ''ਛੋਟੇ ਬੱਚਿਆਂ'' (4:19; ESV) ਅੱਗੇ ਬਨਤੀ ਕਰਦਿਆਂ ਪੌਲੁਸ ਦੇ ਦਰਦ ਭਰੇ ਅਤੇ ਪਰੇਸ਼ਾਨੀ ਭਰੇ ਸ਼ਬਦਾਂ ਵਿਚ ਅਸੀਂ ਅਜਿਹੇ ਹੀ ਜਜ਼ਬਾਤ ਨੂੰ ਵੇਖ ਅਤੇ ਮਹਿਸੂਸ ਕਰ ਸਕਦੇ ਹਾਂ। ਨਾ ਸਿਰਫ਼ ਆਪਣੇ ਤੋਂ ਬਲਕਿ ਮਸੀਹ ਤੋਂ ਵੀ ਦੂਰ ਹੁੰਦੀ ਆਪਣੀ ਪਿਆਰੀ ਰੂਹਾਨੀ ਸੰਤਾਨ ਨੂੰ ਵੇਖ ਕੇ ਉਹ ਭਲਾ ਕਿਉਂ ਪਰੇਸ਼ਾਨ ਨਹੀਂ ਹੋਇਆ ਹਵੇਗਾ? ਅਜਿਹੀ ਬੇਦੀਨੀ ਨਾਲ ਅਖ਼ੀਰ ਵਿਚ ਉਨ੍ਹਾਂ ਦਾ ਨਾਸ ਹੀ ਹੋਣਾ ਸੀ, ਜਦ ਤਕ ਉਹ ਉਨ੍ਹਾਂ ਨੂੰ ਫੇਰ ਤੋਂ ਤੌਬਾ ਲਈ ਮਨਾ ਨਾ ਲੈਂਦਾ। ਪੌਲੁਸ ਦਾ ਐਨਾ ਪਰੇਸ਼ਾਨ ਹੋਣਾ ਉਹਦੇ ਅੰਦਰ ਮਸੀਹ ਦੇ ਆਤਮਾ ਨੂੰ ਹੀ ਵਿਖਾਉਂਦਾ ਹੈ।

2. ਮਸੀਹ ਨੇ ਕਿਹੋ ਜਿਹੇ ਜਜ਼ਬਾਤ ਵਿਖਾਏ? ਆਓ ਮਸੀਹ ਦੇ ਜਜ਼ਬਾਤਾਂ ਤੇ ਵਿਚਾਰ ਕਰਦੇ ਹਾਂ। ਮੂਲ ਯੂਨਾਨੀ ਵਿਚ ਕੁਝ ਇਜ਼ਹਾਰ ਉਸ ਵਿਅਕਤੀ ਲਈ ਜਿਸ ਨੇ ਇਸ ਵਿਸ਼ੇ ਤੇ ਥੋੜਾ ਜਾਂ ਜਰਾ ਵੀ ਵਿਚਾਰ ਨਾ ਕੀਤਾ ਹੋਵੇ, ਹੈਰਾਨ ਕਰ ਦੇਣ ਵਾਲੇ ਹੋ ਸਕਦੇ ਹਨ। ਇਹ ਜਜ਼ਬਾਤ ਖੁਸ਼ੀ ਤੋਂ ਲੈ ਕੇ ਡੂੰਘੇ ਦੁੱਖ ਵਿਚ ਨਜ਼ਰ ਆਉਂਦੇ ਹਨ।

*ਅਨੰਦ।* ''ਉਹ ਪਵਿੱਤਰ ਆਤਮਾ ਵਿਚ ਬਹੁਤ ਮਗਨ ਹੋ'' ਇਆ (ਲੂਕਾ 10:21)। ''ਮਗਨ ਹੋ (ਇਆ)'' ਲਈ ਯੂਨਾਨੀ ਸ਼ਬਦ (*agalliaō,* ਅਗਾਲੀਏਓ) ਦਾ ਅਰਥ ਹੈ ''ਬੇਹੱਦ ਅਨੰਦ ਹੋਣਾ, ਖੁਸ਼, ਪ੍ਰਸੰਨ ਹੋਣਾ, ਆਨੰਦਿਤ ਹੋਣਾ।''[68] ਇਹ ਅਨੰਦ ਦੇ ਇਕ ਦਰਜੇ ਦਾ ਸੁਝਾਅ ਦਿੰਦਾ ਹੈ ਜਿਹੜਾ ਕੇਵਲ ਖ਼ੁਦਾ ਵੱਲੋਂ ਹੀ ਮਿਲਦਾ ਹੈ।

*ਨਰਾਜ਼ਗੀ।* ਜਦ ਯਿਸੂ ਦੇ ਚੇਲਿਆਂ ਨੇ ਉਨ੍ਹਾਂ ਮਾਂਵਾਂ ਨੂੰ ਜਿਹੜੀਆਂ ਆਪਣੇ ਬੱਚਿਆਂ ਨੂੰ ਉਹਦੇ ਕੋਲ ਲਿਆਉਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਝਿੜਕਿਆ ਤਾਂ ''ਯਿਸੂ ਇਹ ਵੇਖ ਕੇ ਬਹੁਤ ਨਰਾਜ਼ ਹੋਇਆ ਅਤੇ ਉਨ੍ਹਾਂ ਨੂੰ ਆਖਿਆ, ਛੋਟਿਆਂ ਬਾਲਕਾਂ ਨੂੰ ਮੇਰੇ ਕੋਲ ਆਉਣ ਦਿਓ। ਉਨ੍ਹਾਂ ਨੂੰ ਨਾ ਵਰਜੋ ਕਿਉਂ ਜੋ ਪਰਮੇਸ਼ੁਰ ਦਾ ਰਾਜ ਏਹੋ ਜਿਹਿਆਂ ਦਾ ਹੈ'' (ਮਰਕੁਸ 10:14)। (*aganakteō,* ਅਗੇਨੇਕਟਿਓ) ਸ਼ਬਦ ਦਾ ਅਰਥ ਹੈ ''ਨਰਾਜ਼ ਹੋਣਾ,'' ''ਭੜਕਣਾ,'' ਜਾਂ ''ਗੁੱਸੇ ਹੋਣਾ।''

*ਕ੍ਰੋਧ।* ਲਾਜ਼ਰ ਦੇ ਮਰਨ ਦੇ ਬਾਅਦ, ''ਉਪਰੰਤ ਜਾਂ ਯਿਸੂ ਨੇ *[ਮਰੀਅਮ]* ਨੂੰ ਰੋਂਦਿਆਂ ਅਤੇ ਉਨ੍ਹਾਂ ਯਹੂਦੀਆਂ ਨੂੰ ਵੀ ਜੋ ਉਹਦੇ ਨਾਲ ਆਏ ਸਨ ਰੋਂਦੇ ਵੇਖਿਆ ਤਾਂ ਆਤਮਾ ਵਿਚ ਕਲਪਿਆ ਅਤੇ ਘਬਰਾਇਆ'' (ਯੂਹੰਨਾ 11:33)। ''ਕਲਪਿਆ'' (*embrimaomai,* ਐਮਬਰੀਮੇਓਮੇ) ਸ਼ਬਦ ਤੋਂ ਲਿਆ ਗਿਆ ਹੈ। ''ਬਾਈਬਲ ਤੋਂ ਬਾਹਰੀ ਯੂਨਾਨੀ ਵਿਚ ਇਸ ਦਾ ਅਰਥ ਘੋੜਿਆਂ ਦਾ ਹੁੰਕਾਰਣਾ ਹੋ ਸਕਦਾ ਹੈ; ਮਨੁੱਖੀ ਜੀਵਾਂ ਤੇ ਲਾਗੂ ਕਰਨ ਤੇ ਇਹ ਹਮੇਸ਼ਾ ਕ੍ਰੋਧ, ਗੁੱਸੇ ਜਾਂ ਜਜ਼ਬਾਤੀ ਨਰਾਜ਼ਗੀ ਜਤਾਉਣ ਦਾ ਸੁਝਾਅ ਦਿੰਦਾ ਹੈ।'' ਮਰੀਅਮ ਅਤੇ ਮਾਰਥਾ ਅਤੇ ਹੋਰ ਅਫ਼ਸੋਸ ਕਰਨ ਵਾਲਿਆਂ ਦੇ ਦੁੱਖ ਤੋਂ ''ਕਲਪਿਆ'' ਹੋਣ ਦੀ ਬਜਾਇ ਯਿਸੂ ''ਪਾਪ ਵਿਚ ਪਏ ਇਸ ਸੰਸਾਰ ਵਿਚ ਪਾਪ, ਬਿਮਾਰੀ ਅਤੇ ਮੌਤ'' ਜਾਂ ਸੋਗ ਕਰਨ ਵਾਲਿਆਂ ਦੀ ਬੇਪਰਤੀਤੀ ਅਤੇ ਨਿਰਾਸ਼ਾ ਨਾਲ ਗੁੱਸੇ ਵਿਚ ਆਇਆ ਹੋਵੇਗਾ।[69]

*ਨਰਾਜ਼ਗੀ ਅਤੇ ਦੁੱਖ।* ਸੁੱਕੇ ਹੱਥ ਵਾਲੇ ਨੂੰ ਚੰਗਾ ਕਰਨ ਤੋਂ ਪਹਿਲਾਂ ਯਿਸੂ ਨੇ ਫ਼ਰੀਸੀਆਂ ''ਦੀ

ਸਖ਼ਤ ਦਿਲੀ ਦੇ ਕਾਰਣ ਉਦਾਸ ਹੋ ਕੇ ਉਨ੍ਹਾਂ ਵੱਲ ਕ੍ਰੋਧ ਨਾਲ ਚੁਫੇਰੇ ਨਜ਼ਰ ਕੀਤੀ'' (ਮਰਕੁਸ 3:5)। ਇਸ ਆਇਤ ਵਿਚ (*orgē,* ਓਰਜ, ''ਕ੍ਰੋਧ'' ਜਾਂ ''ਰੋਹ'') ਅਤੇ (*sullupeō,* ਸੁੱਲੁਪਿਓ, ''ਬਹੁਤ ਉਦਾਸ ਹੋਣਾ'' ਜਾਂ ''ਹਮਦਰਦੀ ਕਰਨਾ'') ਦੋਵੇਂ ਸ਼ਬਦ ਸ਼ਾਮਿਲ ਹਨ। ''ਖ਼ੁਦਾ'' ਲਈ ਆਮ ਸ਼ਬਦ (*lupeō,* ਲੁਪਿਓ) ਹੈ ਪਰ ਇਸ ਸ਼ਬਦ ਦਾ ਡੂੰਘਾ ਅਰਥ ਦਿੰਦਿਆਂ ਅਗੇਤਰ *sun* (ਸਨ) ਹੈ ਜੋ ਮਿਲ ਕੇ *sul* –(ਸੁਲ–) ਵਿਚ ਬਦਲ ਗਿਆ। ਕਿਰਿਆ ਦਾ ਸੰਕੇਤ ਵਿਚ ਅਰਥ ''ਬੇਹੱਦ ਦੁਖੀ ਹੋਣਾ'' ਹੋ ਜਾਂਦਾ ਹੈ ਜੋ ਕਿ ਡੂੰਘੇ ਜਜ਼ਬਾਤ ਨੂੰ ਵਿਖਾਉਂਦਾ ਹੈ।

*ਵਿਰਲਾਪ।* ''ਜਾਂ *[ਯਿਸੂ]* ਨੇੜੇ ਆਇਆ ਤਾਂ ਸ਼ਹਿਰ ਨੂੰ ਵੇਖ ਕੇ ਉਸ ਉੱਤੇ ਰੋਇਆ'' (ਲੂਕਾ 19:41)। ਕਿਰਿਆ ਸ਼ਬਦ (*klaiō,* ਕਲੇਇਓ) ਦਾ ਅਰਥ ਹੈ ''ਰੋਣਾ'' ''ਵਿਰਲਾਪ,'' ਜਾਂ ''ਚਿੱਲਾਉਣਾ।'' ਇਸ ਤਰ੍ਹਾਂ ਬਾਈਬਲ ਦੀ ਸਭ ਤੋਂ ਛੋਟੀ ਆਇਤ ਵਿਚ ਅਸੀਂ ਪੜ੍ਹਦੇ ਹਾਂ ਕਿ ਲਾਜ਼ਰ ਦੀ ਕਬਰ ਤੇ ''ਯਿਸੂ ਰੋਇਆ'' (ਯੂਹੰਨਾ 11:35)। ਇੱਥੇ ਇਕ ਹੋਰ ਕਿਰਿਆ ਸ਼ਬਦ (*dakruō,* ਡਾਕਰੁਓ) ਵਰਤਿਆ ਗਿਆ ਹੈ; ਅਸਲ ਵਿਚ ਇਹ ਅਨਿਸ਼ਚਿਤ ਭੂਤਕਾਲ ਵਿਚ ਮਿਲਦਾ ਹੈ ਅਤੇ ਇਸ ਦਾ ਵਧੀਆ ਅਰਥ ''ਭੁੱਬਾਂ ਮਾਰ–ਮਾਰ ਰੋਣਾ'' ਹੈ।[70] ਦੋਹਾਂ ਵਿੱਚੋਂ ਪਹਿਲੇ ਸ਼ਬਦ ਵਿਚ ਜਿੱਥੇ ਸੁਣਾਈ ਦੇਣ ਵਾਲਾ ਦੁੱਖ ਮਿਲਦਾ ਹੈ ਉੱਥੇ ਹੀ ਦੂਜਾ ਸ਼ਬਦ ਅੱਥਰੂਆਂ ਉੱਤੇ ਜ਼ੋਰ ਦਿੰਦਾ ਹੈ। ਇਹ ਦੋਵੇਂ ਇਜ਼ਹਾਰਾ ਡੂੰਘੇ ਜਜ਼ਬਾਤ ਹਨ।

*ਤਰਸ।* ''ਅਤੇ ਜਾਂ ਉਹ ਨੇ ਭੀੜਾਂ ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ ਤਰਸ ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਉਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ'' (ਮੱਤੀ 9:36)। ''ਤਰਸ ਆਇਆ'' ਯੂਨਾਨੀ ਕਿਰਿਆ ਸ਼ਬਦ (*splanchnizomai,* ਸਪਲੈਂਚਨਿਜ਼ੋਮੇ) ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ''ਰਹਿਮ ਕਰੋ।'' ਇਸ ਨਾਲ ਸਬੰਧਿਤ ਨਾਉਂ ਸ਼ਬਦ (*splanchnon,* ਸਪਲੈਂਚਨਨ) ਪੂਰੀ ਬਾਈਬਲ ਵਿਚ ਜਜ਼ਬਾਤ ਜਾਂ ਭਾਵਨਾਵਾਂ ਦੇ ਸਭ ਤੋਂ ਰੰਗੀਨ ਇਜ਼ਹਾਰਾਂ ਵਿੱਚੋਂ ਇਕ ਹੈ। KJV ਵਿਚ ਇਸ ਦਾ ਅਨੁਵਾਦ ਆਮ ਤੌਰ ਤੇ ''ਆਂਦਰਾਂ'' ਹੋਇਆ ਹੈ ਜਿਨ੍ਹਾਂ ਨੂੰ ਲਗਾਅ, ਹਮਦਰਦੀ ਅਤੇ ਤਰਸ ਵਰਗੀਆਂ ਡੂੰਘੀਆਂ ਭਾਵਨਾਵਾਂ ਦਾ ਚਿੰਨ੍ਹ ਮੰਨਿਆ ਜਾਂਦਾ ਹੈ (ਵੇਖੋ ਫ਼ਿਲਿੱਪੀਆਂ 1:8; ਕੁਲੁੱਸੀਆਂ 3:12; KJV)।

*ਪ੍ਰੇਮ, ਘਿਰਣਾ ਅਤੇ ਹੋਰ ਜਜ਼ਬਾਤ।* ਯਿਸੂ ਦੇ ਜਜ਼ਬਾਤ ਦਰਸਾਉਂਦੇ ਕਈ ਹੋਰ ਸ਼ਬਦ ਜੋੜੇ ਜਾ ਸਕਦੇ ਹਨ। ਉਸ ਨੂੰ ਪਤਾ ਸੀ ਕਿ ''ਘਿਰਣਾ'' ਦੇ ਨਾਲ ਨਾਲ ''ਪ੍ਰੇਮ'' ਦਾ ਕੀ ਅਰਥ ਹੈ। ਪੁਰਾਣੇ ਨੇਮ ਵਿੱਚੋਂ ਲੈਂਦਿਆਂ ਇਬਰਾਨੀਆਂ ਦੀ ਲਿਖਤ ਨੇ ਮਸੀਹ ਲਈ ਕਿਹਾ ਕਿ ''ਤੈਂ ਧਰਮ ਨਾਲ ਪ੍ਰੇਮ ਅਤੇ ਕੁਧਰਮ ਨਾਲ ਵੈਰ ਰੱਖਿਆ'' (ਇਬਰਾਨੀਆਂ 1:9ਓ)।[71] ਯਿਸੂ ਨੇ ਹੈਰਾਨੀ ਅਤੇ ਨਿਰਾਸ਼ਾ ਵਰਗੇ ਜਜ਼ਬਾਤਾਂ ਨੂੰ ਮਾਣਿਆ, ਝੱਲਿਆ (ਵੇਖੋ ਮੱਤੀ 8:10; 26:37)। ਅਸਲ ਵਿਚ ਸਲੀਬ ਉੱਤੇ ਉਸ ਦੇ ਆਖ਼ਰੀ ਪਲਾਂ ਵਿਚ ਕਹੇ ਉਨ੍ਹਾਂ ਭਿਆਨਕ ਸ਼ਬਦਾਂ ਨੂੰ ਸੁਣਕੇ, ''ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ?'' (ਮੱਤੀ 27:46), ਸਾਨੂੰ ਮੰਨਣਾ ਪਵੇਗਾ ਕਿ ਉਹ ਨੂੰ ਪਤਾ ਸੀ ਕਿ ਨਿਰਾਸ਼ਾ ਕੀ ਹੁੰਦੀ ਹੈ।

ਪੌਲੁਸ ਨੇ ਯਿਸੂ ਦੇ ਮਨ ਨੂੰ ਵਿਖਾਇਆ ਅਤੇ ਸਾਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ। ਪੌਲੁਸ ਨੇ ਆਪਣੀ ਰੂਹਾਨੀ ਸੰਤਾਨ ਗਲਾਤੀਆਂ ਦੇ ਠੁਕਰਾਉਣ ਅਤੇ ਪਾਪ ਦੇ ਕਾਰਣ ਡੂੰਘੇ ਦੁੱਖ ਅਤੇ ਹੈਰਾਨੀ ਦਾ ਅਨੁਭਵ ਕੀਤਾ। ਇਸ ਤਰ੍ਹਾਂ ਨਾਲ ਉਹ ਯਿਸੂ ਵਾਂਗ ਹੀ ਕੰਮ ਕਰ ਰਿਹਾ ਸੀ ਜਿਹੜਾ ਉਨ੍ਹਾਂ ਦੀ ਖ਼ਾਤਰ ਜਿਨ੍ਹਾਂ ਨੂੰ ਉਹ ਬਚਾਉਣ ਲਈ ਆਇਆ ਸੀ, ਦੁੱਖ ਝੱਲਣ ਲਈ ਤਿਆਰ ਸੀ। ਯਿਸੂ ਦੇ ਚੇਲਿਆਂ ਦੇ ਰੂਪ ਵਿਚ ਸਾਡੇ ਅੰਦਰ ਵੀ ਮਸੀਹ ਦਾ ''ਸੁਭਾਅ'' ਹੋਣਾ ਜ਼ਰੂਰੀ ਹੈ (ਫ਼ਿਲਿੱਪੀਆਂ 2:5)।

ਇਨ੍ਹਾਂ ਮੁਲਾਂਕਣਾਂ ਤੋਂ ਅਸੀਂ ਵੇਖ ਸਕਦੇ ਹਾਂ ਕਿ ਸਾਡੇ ਉਹ ਸਭ ਬਣਨ ਵਿਚ ਜੋ ਖ਼ੁਦਾ ਨੇ ਸਾਡੇ ਲਈ ਬਣਨਾ ਠਹਿਰਾਇਆ ਹੈ, ਜਜ਼ਬਾਤ ਇਕ ਅਹਿਮ ਭੂਮਿਕਾ ਨਿਭਾ ਸਕਦੇ ਹਨ। ਯਿਸੂ ਦਾ ਅੰਦਰੂਨੀ

ਸੁਭਾਅ ਸਿਰਫ਼ ਸਾਡੇ ਕੰਮਾਂ ਨਾਲ ਹੀ ਨਹੀਂ ਬਲਕਿ ਸਾਡੇ ਵਿਹਾਰ ਵਿਚ ਵੀ ਨਜ਼ਰ ਆਉਣਾ ਜ਼ਰੂਰੀ ਹੈ। ਤਦੇ ਸਾਡੇ ਮਨ ਯਿਸੂ ਦੇ ਮਨ ਨਾਲ ਇਕ ਹੋਣਗੇ।

**ਨੇਮਾਂ ਵਿਚ ਫ਼ਰਕ ਕਰਨਾ** (4:31)

4:22–31 ਵਿਚਲੇ ਆਪਣੇ ਦ੍ਰਿਸ਼ਟਾਤ ਨੂੰ ਖ਼ਤਮ ਕਰਦਿਆਂ ਪੌਲੁਸ ਨੇ ਆਖਿਆ, ''ਇਸ ਲਈ, ਹੇ ਭਰਾਵੋ, ਅਸੀਂ ਗੋੱਲੀ ਦੀ ਨਹੀਂ ਸਗੋਂ ਅਜ਼ਾਦ ਦੀ ਸੰਤਾਨ ਹਾਂ'' (4:31)। ਉਹ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਮਸੀਹੀ ਲੋਕ ਸ਼ਰ੍ਹਾ ਦੀ ਗੁਲਾਮੀ ਵਿਚ ਨਹੀਂ ਹਨ ਬਲਕਿ ਉਹ ਮਸੀਹ ਵਿਚ ਅਜ਼ਾਦ ਹਨ। ਅਸੀਂ ਪੁਰਾਣੇ ਨੇਮ ਦੇ ਅਧੀਨ ਨਹੀਂ ਬਲਕਿ ਨਵੇਂ ਨੇਮ ਵਿਚ ਸਾਂਝੀ ਹਾਂ।

ਬਾਈਬਲ ਦੇ ਸਬੰਧ ਵਿਚ ਉਲਝਣ ਅਤੇ ਨਾਸਮਝੀ ਦਾ ਇਕ ਵੱਡਾ ਕਾਰਣ ਇਨ੍ਹਾਂ ਦੋ ਨੇਮਾਂ ਵਿਚਕਾਰ ਫ਼ਰਕ ਨੂੰ ਨਾ ਸਮਝ ਸਕਣਾ ਹੈ। ਇਹ ਨਹੀਂ ਹੋਣਾ ਚਾਹੀਦਾ, ਕਿਉਂ ਜੋ ਪਵਿੱਤਰ ਲਿਖਤ ਵਿਚ ਇਨ੍ਹਾਂ ਦੋ ਧਾਰਣਾਵਾਂ ਨੂੰ ਬੜੀ ਮਜ਼ਬੂਤੀ ਨਾਲ ਸਪੱਸ਼ਟ ਕੀਤਾ ਗਿਆ ਹੈ। ਪੁਰਾਣੇ ਨੇਮ ਨੂੰ ਯਿਸੂ ਮਸੀਹ ਦੀ ਮੁਕੰਮਲ ਕੁਰਬਾਨੀ ਦੇ ਰਾਹੀਂ ਪੂਰਾ ਕਰ ਦਿੱਤਾ ਗਿਆ ਹੈ। ਉਸ ਨੇ ਇਕ ਨਵਾਂ ਅਤੇ ਉੱਤਮ ਨੇਮ ਬੰਨ੍ਹਿਆ ਹੈ ਜਿਹੜਾ ਕਿ ਉਹਦੇ ਆਪਣੇ ਹੀ ਲਹੂ ਨਾਲ ਠਹਿਰਾਇਆ ਗਿਆ ਹੈ (ਇਬਰਾਨੀਆਂ 8–10)। ਜਿਹੜੇ ਲੋਕ ਬਾਈਬਲ ਨੂੰ ਸਹੀ ਢੰਗ ਨਾਲ ਸਮਝਣ ਅਤੇ ਲਾਗੂ ਕਰਨਾ ਚਾਹੁੰਦੇ ਹਨ ਉਨਾਂ ਲਈ ਇਸ ਨਿਯਮ ਦੀ ਸਹੀ–ਸਹੀ ਸਮਝ ਹੋਣੀ ਜ਼ਰੂਰੀ ਹੈ।

---

ਟਿੱਪਣੀਆਂ

[1]ਇਸ ਯੂਨਾਨੀ ਸ਼ਬਦ ਦਾ ਅਨੁਵਾਦ ਆਮ ਤੌਰ ਤੇ ''ਪ੍ਰਭੂ'' (lord ਜਾਂ Lord) ਕੀਤਾ ਜਾਂਦਾ ਹੈ। ਇਹ ਆਮ ਤੌਰ ਤੇ ਯਿਸੂ ਲਈ ਵਰਤਿਆ ਜਾਣਾ ਵਾਲਾ ਸ਼ਬਦ ਹੈ। [2]ਵਾਲਟਰ ਬਾਉਰ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3, ਸੋਧ ਅਤੇ ਸੰਪਾ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 385. ''ਮੁੱਖਹਾਕਮ'' ਲਈ ''ਪ੍ਰੋਕਯੁਰੇਟਰ'' ਸ਼ਬਦ ਸੂਬੇ ਦੇ ਮੁੱਖ ਸ਼ਾਸਕ ਲਈ ਵਰਤਿਆ ਜਾਣ ਵਾਲਾ ਅਹੁਦਾ ਸੀ। ਪਹਿਲੀ ਸਦੀ ਦੇ ਮੱਧ ਵਿਚ ਇਸਦੀ ਜਗ੍ਹਾ ''ਪ੍ਰਿਫੈਕਟ'' ਸ਼ਬਦ ਨੇ ਲੈ ਲਈ। [3]ਉੱਥੇ ਹੀ। [4]ਅਕਾਸ਼ੀ ਪਿੰਡਾਂ ਦੀ ਆਮ ਤੌਰ ਤੇ ਪੂਜਾ ਕੀਤੀ ਜਾਂਦੀ ਸੀ, ਜੋ ਕਿ ਮੂਰਤੀਪੂਜਾ ਦਾ ਇਕ ਰੂਪ ਸੀ, ਜਿਸ ਤੋਂ ਇਸਰਾਏਲੀ ਵੀ ਬਚੇ ਨਹੀਂ ਸਨ (2 ਰਾਜਿਆਂ 21:3; 23:4, 5)। [5]ਬਾਉਰ, 946; ਹੈਨਰੀ ਜੌਰਜ ਲਿੱਡਲ ਐਂਡ ਰੌਬਰਟ ਸਕਾਟ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ,* ਜਿਲਦ 9, ਸੋਧ ਅਤੇ ਵਾਧੂ ਭਾਗ ਨਾਲ ਵਿਸਤਾਰ, ਸੋਧ ਹੈਨਰੀ ਸਟੁਅਰਟ ਜੋਨਸ ਐਂਡ ਰੋਡਰਿਕ ਮਕੈਨਜ਼ੀ (ਆਕਸਫ਼ੋਰਡ: ਕਲੇਰਡਨ ਪ੍ਰੈੱਸ, 1968), 1647. [6]*Stoicheia* ਦੀ ਵਰਤੋਂ ਮਸੀਹੀਅਤ ਦੇ ''ਬੁਨਿਆਦੀ ਨਿਯਮਾਂ'' ਲਈ ਇਬਰਾਨੀਆਂ 5:12 ਵਿਚ ਵੀ ਕੀਤੀ ਗਈ ਹੈ (NASB)। [7]ਇਸ ਵਾਕਅੰਸ਼ ਨੂੰ ਆਮ ਤੌਰ ਤੇ ਨਿਕਯਾ ਦਾ ਅਕੀਦਾ (ਨਾਈਸੀਨ ਕ੍ਰੀਡ, 325 ਈਸਵੀ) ਤੋਂ ਲਿਆ ਦੱਸਿਆ ਜਾਂਦਾ ਹੈ, ਉਸ ਵਾਕ ਵਿਚ ''ਯਥਾਰਥ *[ਸੱਚਾ]* ਪਰਮੇਸ਼ੁਰ ਦਾ ਯਥਾਰਥ *[ਸੱਚਾ]* ਪਰਮੇਸ਼ੁਰ'' ਜੋੜਿਆ ਗਿਆ ਸੀ। ''ਯਥਾਰਥ ਮਨੁੱਖ'' ਸ਼ਬਦ ਕਲੀਸੀਆ ਦੇ ''ਥਰਟੀਨਾਈਨ ਆਰਟਿਕਲਸ ਆਫ਼ ਰਿਲਿਜਨ'' ਸ਼ਾਮਿਲ ਕੀਤਾ ਗਿਆ। ਆਰਟਿਕਲ II (3) ਵਿਚ ਕਿਹਾ ਗਿਆ ਹੈ ਕਿ ''ਖ਼ੁਦਾਈ ਅਤੇ ਮਨੁੱਖਤਾਈ ਇੱਕੋ ਹੀ ਵਿਅਕਤੀ … ਮਸੀਹ, ਯਥਾਰਥ ਪਰਮੇਸ਼ੁਰ ਅਤੇ ਯਥਾਰਥ ਮਨੁੱਖ ਵਿਚ ਮਿਲ ਗਏ ਸਨ।'' (ਥੌਮਸ ਰੋਜਰਸ, *ਦ ਕੈਥੋਲਿਕ ਡਾਕਟ੍ਰਿਨ ਆਫ਼ ਦ ਚਰਚ ਆਫ਼ ਇੰਗਲੈਂਡ,* ਸੰਪਾ. ਜੇ. ਜੇ. ਐਮ. ਪੇਰੋਨ *[ਕੈਂਮਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1854]*, 46)। [8]ਐਫ਼. ਐਫ਼. ਬਰੂਸ, *ਦ ਐਪਿਸਟਲ ਟੂ ਦ ਗਲੇਸ਼ੀਅੰਜ਼,* ਇੰਟਰਨੈਸ਼ਨਲ ਗ੍ਰੀਕ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ

ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982), 196. [9]ਵੇਖੋ ਜ਼ਬੂਰਾਂ 22:1–22; 69:21; ਯਸਾਯਾਹ 53:1–12; ਜ਼ਕਰਯਾਹ 12:10; ਲੂਕਾ 24:25–27, 44–47. [10]ਬਾਉਰ, 475.

[11]ਬੇਨ ਵਿਦ੍ਰਿੰਗਟਨ III, *ਗ੍ਰੇਸ ਇਨ ਗਲੇਸ਼ੀਆ: ਏ ਕਮੈਂਟਰੀ ਆਨ ਸੇਂਟ ਪੌਲ ਟੂ ਦ ਗਲੇਸ਼ੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1998), 288. [12]ਵੇਖੋ ਰਸੂਲਾਂ ਦੇ ਕਰਤੱਬ 1:5–8; 2:16, 17, 32, 33; 10:44, 45; 11:15–17. [13]ਮਸੀਹੀ ਵਿਅਕਤੀ ਪਰਮੇਸ਼ੁਰ ਦੀ ਸੰਤਾਨ ਹੈ ਅਤੇ ਉਸ ਨੂੰ ਪਾਪਾਂ ਦੀ ਮਾਫ਼ੀ ਦੇ ਰਾਹੀਂ ਪਹਿਲਾਂ ਹੀ ਛੁਟਕਾਰਾ (***apolutrosis,*** ਅਪੋਲੁਟਰੋਸਿਸ) ਮਿਲ ਚੁਕਿਆ ਹੈ (ਅਫ਼ਸੀਆਂ 1:7)। ਪਰ ਆਪਣੀ ਦੇਹ ਦੇ ਛੁਟਕਾਰੇ ਦੀ ਰਾਹ ਉਹ ਅਜੇ ਵੀ ਤੱਕਦਾ ਹੈ (ਰੋਮੀਆਂ 8:23); ਭਾਵ ਇਸ ਵਿਚ ਤਕਲੀਫ਼, ਬਿਮਾਰੀ, ਰੋਗ, ਅਤੇ ਮੌਤ ਆ ਸਕਦੀ ਹੈ। ਉਹ ਉਸ ਜਲਾਲੀ, ਨਾ ਮਿਟਣ ਵਾਲੀ, ਰੂਹਾਨੀ ਦੇਹ ਦੀ ਡੀਕ ਕਰਦਾ ਹੈ ਜਿਹੜੀ ਖ਼ੁਦਾ ਨੇ ਆਪਣੀ ਸੰਤਾਨ ਲਈ ਤਿਆਰ ਕੀਤੀ ਹੈ। ਉਸ ਦੇਹ ਵਿਚ ਅਜਿਹੇ ਦੁੱਖ ਨਹੀਂ ਹੋਣਗੇ, ਬਲਕਿ ਜੀ ਉੱਠਣ ਦੇ ਜੀਵਨ ਲਈ ਬਿਲਕੁਲ ਮੇਲ ਖਾਂਦੀ ਹੋਵੇਗੀ (1 ਕੁਰਿੰਥੀਆਂ 15:42–54; ਫ਼ਿਲਿੱਪੀਆਂ 3:20, 21; 1 ਯੂਹੰਨਾ 3:2)। [14]ਐਫ਼. ਐਫ਼. ਬਰੂਸ, *ਰੋਮੰਸ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਡਾਉਨਰਸ ਗ੍ਰੋਵ, ਇਲਿਨੋਇ: ਇੰਟਰਵਰਸਟੀ ਪ੍ਰੈੱਸ, 1985), 164. ਜੌਨ ਬੈਰਿੱਜ (1716–1793) ਦੀਆਂ ਕਵਿਤਾ ਦੀ ਇਹ ਸਤਰਾਂ ਰਿਚਰਡ ਵਿਟਿੰਗਮ, *ਦ ਵਰਕਸ ਆਫ਼ ਦ ਰੇਵ.* ਜੌਨ ਬੈਰਿਜ (ਲੰਦਨ: ਸਿੰਪਕਿਨ, ਮਾਰਸ਼ਲ ਐਂਡ ਕੰ., 1838), 43 ਵਿਚ ਮਿਲਦੀਆਂ ਹਨ। [15]ਆਤਮਾ ਦੇ ਯੁੱਗ ਨੂੰ ਲਿਆਉਣ ਲਈ ਪਰਮੇਸ਼ੁਰ ਨੇ ਇਸਰਾਏਲ ਦ ਇਤਿਹਾਸ ਦੇ ਅੰਦਰ ਕੰਮ ਕੀਤਾ। ਯਿਸੂ ਨੇ ਖੂਹ ਉੱਤੇ ਸਾਮਰੀ ਔਰਤ ਨੂੰ ਦੱਸਿਆ ਸੀ, ''ਮੁਕਤੀ ਯਹੂਦੀਆਂ ਤੋਂ ਹੈ'' (ਯੂਹੰਨਾ 4:22)। ਮਸੀਹ ਅਤੇ ਇੰਜੀਲ ਦੀ ਆਮਦ ਦਾ ਪੂਰਾ ਨਾਟਕ ਇਸ ਵਿਚ ਸ਼ੁਰੂ ਕਰਨ ਦੇ ਪਰਮੇਸ਼ੁਰ ਦੇ ਵਸੀਲੇ ਦੇ ਰੂਪ ਵਿਚ ਮੁੱਖ ਤੌਰ ਤੇ ਇਸਰਾਏਲ ਵਿਚ ਕੇਂਦ੍ਰਿਤ ਹੈ (ਵੇਖੋ ਰੋਮੀਆਂ 9:1–5)। [16]ਅਜਿਹਾ ਹਰ ਮਾਮਲੇ ਵਿਚ ਨਹੀਂ ਹੁੰਦਾ ਸੀ। ਪ੍ਰਾਚੀਨ ਇਸਰਾਏਲ ਵਿਚ ਬਦਲ ਦਿੱਤੇ ਜਾਂਦੇ ਸਨ ਤਾਂ ਜੋ ਗੁਲਾਮ ਗੁਲਾਮ ਰਹਿਣਾ ਚੁਣ ਸਕਣ ਭਾਵੇਂ ਉਹਦੇ ਕੋਲ ਅਜ਼ਾਦ ਹੋਣ ਦੇ ਹੱਕ ਹੋਣ (ਕੂਚ 21:1–6)। [17]''ਗੁਲਾਮੀ ਤੋਂ ਮੁਕਤੀ'' ਦਾ ਅਰਥ ''ਗੁਲਾਮੀ ਤੋਂ ਛੁਟਕਾਰਾ'' ਹੈ। ਇਸ ਤਰ੍ਹਾਂ ਦੇ ਸਮਾਰੋਹ ਵਿਚ ਕਿਸੇ ਗੁਲਾਮ ਨੂੰ ਵੇਚਿਆ ਜਾਣਾ ਜਾਂ ਕਿਸੇ ਦੇਵਤੇ ਨੂੰ ਅਰਪਿਤ ਕੀਤਾ ਜਾਣਾ ਕਿਹਾ ਜਾਂਦਾ ਹੈ ਜਿਸ ਦੇ ਬਾਅਦ ਉਸ ਨੂੰ ਉਸ ਮਾਲਕ ਤੋਂ ਅਜ਼ਾਦ ਜਾਂ ਉਸ ਦੇਵਤੇ ਦਾ ਗੁਲਾਮ ਮੰਨਿਆ ਜਾਂਦਾ ਸੀ। [18]''ਗੁਣਿਆਂ'' ਨਵੇਂ ਨੇਮ ਦੀ ਵਰਤੋਂ ਵਿਚਕਾਰ ਸਬੰਧ ਹੈ। ''ਗੁਣਿਆਂ'' ਲਈ ਯੂਨਾਨੀ ਸ਼ਬਦ (***klēros,*** ਕਲੇਰੋਸ) ਦਾ ਸਬੰਧ 4:7 ਵਿਚ ਅਨੁਵਾਦ ਹੋਏ ''ਅਧਕਾਰੀ'' (***klēronomos,*** ਕਲੇਰੋਨੋਮੋਸ) ਨਾਲ ਹੈ। [19]ਸਾਨੂੰ ਅਜਿਹੇ ਵੱਖੋ ਵੱਖ ਕਥਨਾਂ ਤੋਂ ਬਹੁਤਾ ਪਰੇਸ਼ਾਨ ਹੋਣ ਦੀ ਲੋੜ ਨਹੀਂ ਹੈ, ਕਿਉਂ ਜੋ ਉਹ ਉਨ੍ਹਾਂ ਦਸਤਾਵੇਜ਼ਾਂ ਤੋਂ ਹਨ ਜਿਨ੍ਹਾਂ ਨੂੰ ਸਦੀਆਂ ਤੋਂ ਹਜ਼ਾਰਾਂ ਗ੍ਰੰਥੀਆਂ ਦੇ ਰਾਹੀਂ ਹੱਥ ਨਾਲ ਨਕਲ ਕੀਤਾ ਗਿਆ ਹੈ। ਅਸਲ ਵਿਚ ਐਨੀ ਗਿਣਤੀ ਵਿਚ ਇਨ੍ਹਾਂ ਦਸਤਾਵੇਜ਼ਾਂ ਦਾ ਹੋਣਾ (ਇਕੱਲੀਆਂ ਯੂਨਾਨੀ ਹੱਥਲਿਖਤਾਂ ਹੀ ਤਿੰਨ ਹਜ਼ਾਰ ਦੇ ਕਰੀਬ ਹਨ, ਹੋਰਨਾਂ ਭਾਸ਼ਾ ਵਿਚ ਤਾਂ ਹਜ਼ਾਰਾਂ ਦੀ ਗਿਣਤੀ ਵਿਚ)। ਵਿਦਵਾਨਾਂ ਨੂੰ ਨਵੇਂ ਨੇਮ ਦੀ ਲਿਖਤ ਨੂੰ ਵਿਕਸਿਤ ਕਰਨ ਅਤੇ ਇਸ ਦੇ ਵਿਗਿਆਨ ਨੂੰ ਚਮਕਾਉਣ ਲਈ ਇੱਥੋਂ ਤਕ ਕਿ ਆਲੋਚਨਾ ਕਰਨ ਅਤੇ ਉਨ੍ਹਾਂ ਪਠਨਾਂ ਦੀ ਤੁਲਨਾਤਮਕ ਉਮਰ ਅਤੇ ਸ਼ੁੱਧਤਾ ਮੂਲ ਹੱਥਲਿਖਤਾਂ ਨਾਲ ਬਿਲਕੁਲ ਮੇਲ ਖਾਂਦੀ ਹੈ। (ਇਸ ਖ਼ਾਸ ਹਵਾਲੇ ਦੇ ਅਰਥ ਨੂੰ ਸਪੱਸ਼ਟ ਕਰਨ ਲਈ ਪ੍ਰਾਚੀਨ ਗ੍ਰੰਥੀਆਂ ਨਾਲ ਮੇਲ ਖਾਂਦੀ ਇਕ ਦਿਲਚਸਪ ਗੱਲ NASB ਦੀਆਂ ਕੁਝ ਛਪਾਈਆਂ ਵਿਚ ਮਾਰਜਨ ਨੋਟਸ ਵਿਚ ਵੇਖੀ ਜਾ ਸਕਦੀ ਹੈ ਜਿਸ ਵਿਚ ''ਪਰਮੇਸ਼ੁਰ ਦੇ ਰਾਹੀਂ'' ਦੀ ਵਿਆਖਿਆ ''ਪਰਮੇਸ਼ੁਰ ਦੇ ਕਿਰਪਾ ਭਰੇ ਕੰਮ ਦੇ ਰਾਹੀਂ'' ਕੀਤੀ ਗਈ ਹੈ। ਇਹ ਅਨੁਵਾਦ ਭਾਵੇਂ ਹੂ–ਬ–ਹੂ ਅਨੁਵਾਦ ਨਹੀਂ ਹੈ ਪਰ ਯਕੀਨਨ ਹੀ ਇਸ ਵਿਚ ਉਸ ਵਿਚਾਰ ਦੀ ਸਮਝ ਮਿਲਦੀ ਹੈ ਜਿਹੜਾ ਪੌਲੁਸ ਕਹਿ ਰਿਹਾ ਸੀ।) [20]ਕੁਝ ਸੰਦਰਭਾਂ ਵਿਚ ''ਜਾਣਨਾ'' (***ginōskō,*** ਗਿਨੋਸਕੋ) ਸਰੀਰਕ ਸਬੰਧਾਂ ਲਈ ਕੋਮਲ ਭਾਸ਼ਾ ਦੇ ਰੂਪ ਵਿਚ ਕੰਮ ਕਰਦਾ ਹੈ (ਮੱਤੀ 1:25; ਲੂਕਾ 1:34; ਵੇਖੋ KJV)।

[21]ਵੇਖੋ ਰਸੂਲਾਂ ਦੇ ਕਰਤੱਬ 11:1–3, 17, 18; 1 ਪਤਰਸ 2:10. [22]ਰੌਬਰਟ ਲੋਅਰੀ, ''ਨਥਿੰਗ ਬਟ ਦ ਬਲੱਡ,'' *ਸੌਂਗਸ ਆਫ਼ ਫੇਥ ਐਂਡ ਪ੍ਰੇਜ਼,* ਸੰਕ ਅਤੇ ਸੰਪਾ. ਆਲਟਨ ਐਚ. ਹੌਵਰਡ (ਵੈਸਟ ਮੋਨਰੋ, ਲੁਇਸਿਆਨਾ: ਹੌਵਰਡ ਪਬਲੀਸ਼ਿੰਗ ਕੰ., 1994)। [23]ਬਾਉਰ, 558. [24]ਵੇਖੋ 3:4; 1 ਕੁਰਿੰਥੀਆਂ 15:2, 58; ਫ਼ਿਲਿੱਪੀਆਂ 2:16; 1 ਥੱਸਲੁਨੀਕੀਆਂ 2:1; 3:5. [25]ਵੇਖੋ 1 ਕੁਰਿੰਥੀਆਂ 4:16, 17; 11:1, 2; ਫ਼ਿਲਿੱਪੀਆਂ 1:29, 30; 3:17, 18; ਇਬਰਾਨੀਆਂ 13:7. [26]ਆਰ. ਐਲਨ ਕੌਲ, *ਦ ਐਪਿਸਟਲ ਆਫ਼ ਪੌਲ ਟੂ ਦ ਗਲੇਸ਼ੀਅੰਜ਼,* ਦ ਟਿੰਡੇਲ ਨਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1965), 120. [27]ਬਰੂਸ, *ਗਲੇਸ਼ੀਅੰਜ਼,* 208. [28]ਜੇ. ਬੀ. ਲਾਈਟਫੁਟ, *ਦ ਐਪਿਸਟਲ ਆਫ਼ ਸੇਂਟ ਪੌਲ ਟੂ ਦ ਗਲੇਸ਼ੀਅੰਜ਼,* ਕਲਾਸਿਕ ਕਮੈਂਟਰੀ ਲਾਇਬ੍ਰੇਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1957), 174. [29]ਵਿਲੀਅਮ ਐਮ. ਰੈਮਸੇ, *ਸੇਂਟ ਪੌਲ ਦ ਟਰੈਵਲਰ ਐਂਡ ਦ ਰੋਮਨ ਸਿਟਿਜ਼ਨ,* ਨਿਊ ਏਡੀਸ਼ਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1982), 92–97. [30]ਕੈਨਥ ਐੱਲ. ਬੋਲਸ, *ਗਲੇਸ਼ੀਅੰਜ਼ ਐਂਡ ਇਫ਼ੀਸਿਅੰਜ਼,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1993), 110.

[31]ਕਿਰਿਆ ਰੂਪ (***peirazō***, ਪੇਰਾਜ਼ੋ) ਦੀ ਵਰਤੋਂ ਪ੍ਰਭੂ ਨੂੰ ਉਜਾੜ ਵਿਚ ਲੈ ਕੇ ਜਾਣ ਲਈ ਵਰਤਿਆ ਗਿਆ ਹੈ ''ਸ਼ੈਤਾਨ ਤੋਂ ਪਰਤਾਇਆ ਜਾਵੇ'' (ਮੱਤੀ 4:1)। [32]ਬਾਉਰ, *ਫ੍ਰੈਂਡਸ਼ਿਪ* 309. [33]ਲੂਸਿਅਨ, *ਫ੍ਰੈਂਡਸ਼ਿਪ* 40–41. [34]ਰੌਬਰਟ ਐਲ. ਜੌਨਸਨ, *ਦ ਲੈਟਰ ਆਫ਼ ਪੌਲ ਟੂ ਦ ਗਲੇਸ਼ੀਅੰਜ਼, ਦ ਲਿਵਿੰਗ ਵਰਡ ਕਮੈਂਟਰੀ* (ਆਸਟਿਨ, ਟੈਕਸਸ: ਆਰ. ਬੀ. ਸਵੀਟ ਕੰ., 1969), 120. 4:17 ਦੇ ਸਬੰਧ ਵਿਚ ਲਾਈਟਫੁਟ ਨੇ ਲਿਖਿਆ, ''ਉਨ੍ਹਾਂ ਦੀ ਇੱਛਾ ਤੁਹਾਨੂੰ *ਮਸੀਹ ਵਿੱਚੋਂ* ਕੱਢ ਦੇਣ ਦੀ ਹੈ। ਉਨ੍ਹਾਂ ਇਸ ਤਰ੍ਹਾਂ ਤੁਹਾਨੂੰ ਉਸ ਦੀ ਚਾਪਲੂਸੀ ਕਰਨ ਲਈ ਕੱਢਿਆ ਜਾਏਗਾ'' (ਲਾਈਟਫੁਟ, 176)। ''ਕੱਢਣ'' ਜਾਂ ''ਚਾਪਲੂਸੀ ਕਰਨ'' ਦਾ ਵਿਚਾਰ ਤਾਂ ਇਸ ਵਿਚ ਹੈ ਪਰ ਲਾਈਟਫੁਟ ਦੀ ਵਿਆਖਿਆ ਗਲਤ ਲਗਦੀ ਹੈ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦਾ ਉਦੇਸ਼ ਗਲਾਤੀਆਂ ਨੂੰ ਮਸੀਹ ਨੂੰ ਠੁਕਰਾ ਕੇ ਆਪਣੇ ਗੈਰ ਮਸੀਹੀ ਚੇਲੇ ਬਣਾਉਣ ਲਈ ਪ੍ਰੇਰਣਾ ਦੇਣਾ ਨਹੀਂ ਸੀ। ਗਲਾਤੀਆ ਦੇ ਲੋਕ ਭੋਲੇ ਭਾਲੇ ਹੋ ਸਕਦੇ ਹਨ ਪਰ ਉਨ੍ਹਾਂ ਨੇ ਪ੍ਰਭੂ ਨੂੰ ਨਹੀਂ ਛੱਡਣਾ ਸੀ। ਆਖ਼ਰ ਉਨ੍ਹਾਂ ਨੂੰ ਨਵਾਂ ਜਨਮ ਮਿਲਿਆ ਹੋਇਆ ਸੀ। ਇਸ ਦੇ ਇਲਾਵਾ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਆਮ ਮਸੀਹੀ ਸਨ। ਇਹ ਸੰਭਾਵਨਾ ਘੱਟ ਹੀ ਲਗਦੀ ਹੈ ਕਿ ਇਹ ਭਾਸ਼ਾ ਕਈ ਸ਼ੁਰੂਆਤੀ ਯਹੂਦੀ ਮਸੀਹੀਆਂ ਵਿਚ ਪਾਏ ਜਾਣ ਵਾਲੇ ਆਮ ਵਿਹਾਰ ਨੂੰ ਦਰਸਾਉਂਦੀ ਹੈ (ਕਰਤੱਬ 15:1–6; 2 ਕੁਰਿੰਥੀਆਂ 11:13–15, 22, 23; ਗਲਾਤੀਆਂ 6:12, 13)। [35]***Zēloō*** ਸ਼ਬਦ ਦੇ ਯੂਨਾਨੀ ਭਾਸ਼ਾ ਦਾ ਅਰਥ ਸੀ ''ਉਕਸਾਉਣਾ'' ਅਤੇ ਕਿਸੇ ਹੋਰ ਲਈ ਨਿੱਜੀ ਤਾਰੀਫ਼ ਮਹਿਸੂਸ ਕੀਤੇ ਜਾਣ ਲਈ ਹੋ ਸਕਦਾ ਹੈ। ਇਸ ਨਾਲ ਆਮ ਤੌਰ ਉਸ ਆਦਮੀ ਦੀ ਸਰਗਰਮੀ ਨਾਲ ਨਕਲ ਹੋ ਸਕਦੀ ਹੈ। [36]1:11; 3:15; 4:12, 28, 31; 5:11, 13; 6:1, 18 ਵਿਚ ਗਲਾਤੀਆਂ ਨੂੰ ''ਹੇ ਭਰਾਵੋ'' ਕਿਹਾ ਗਿਆ ਹੈ। [37]ਪੌਲੁਸ ਨੇ ਆਪਣੇ ਖਤਾਂ ਵਿਚ ''ਹੇ ਬੱਚਿਓ'' (***tekna***, ਟੇਕਨਾ) ਸ਼ਬਦ ਦੀ ਵਰਤੋਂ ਕੀਤੀ ਹੈ ਜੋ 4:19 ਵਾਲੀ ਗੱਲ ਨੂੰ ਵਜ਼ਨ ਦਿੰਦੀ ਹੈ। ਪਰ ਇਸ ਸੰਦਰਭ ਵਿਚ ਬੱਚੇ ਜੰਮਣ ਦਾ ਰੂਪਕ ''ਛੋਟੇ ਬੱਚਿਆਂ'' (***teknia***, ਟੇਕਨਾ) ਪੜ੍ਹਨ ਦਾ ਸਮਰਥਨ ਕਰ ਸਕਦਾ ਹੈ (ਵਿਦ੍ਰਿੰਗਟਨ, 315; ਬਾਉਰ, 994.)। [38]ਵੇਖੋ ਰਸੂਲਾਂ ਦੇ ਕਰਤੱਬ 23:6; 24:15; 26:6; 28:20; ਗਲਾਤੀਆਂ 5:5; ਅਫ਼ਸੀਆਂ 1:18; ਕੁਲੁੱਸੀਆਂ 1:5, 6, 23; 1 ਥੱਸਲੁਨੀਕੀਆਂ 4:13–18; ਤੀਤੁਸ 1:1–3. [39]ਕਈ ਸੰਸਕਰਣਾਂ (ਜਿਵੇਂ NASB) ਵਿਚ ''ਸ਼ੀਸ਼ੇ ਵਿਚ ਵੇਖਣ ਵਾਂਗ'' ਹੈ ਪਰ ਜਿਵੇਂ ਕਿ NRSV ਵਿਚ ਹੈ, ਇਸ ਦਾ ਅਨੁਵਾਦ ''ਸ਼ੀਸ਼ੇ ਵਿਚ ਨਜ਼ਰ ਆਇਆ'' ਦਾ ਚੰਗਾ ਕਾਰਣ ਹੈ। ਰਸੂਲਾਂ ਲਈ ਕਹੀ ਗਈ ਗੱਲ ਮੂਸਾ ਦੇ ਆਪਣੇ ਚੇਹਰੇ ਨੂੰ ਢੱਕਣ ਲਈ ਦ੍ਰਿਸ਼ਟਾਂਤ ਸੀ, ਜਿਸ ਤੋਂ ਪਰਮੇਸ਼ੁਰ ਦੇ ਤੇਜ ਦੀ ਝਲਕ ਮਿਲਦੀ ਹੈ। ਮੂਸਾ ਦੇ ਉਲਟ ਨਵੇਂ ਨੇਮ ਦੇ ਸੇਵਕਾਂ ਦੇ ਰੂਪ ਵਿਚ ਰਸੂਲਾਂ ਨੇ ਕੁਝ ਵੀ ਲੁਕਾਇਆ ਨਹੀਂ (2 ਕੁਰਿੰਥੀਆਂ 3:6); ਉਨ੍ਹਾਂ ਨੇ ਪ੍ਰਭੂ ਦੇ ਤੇਜ ਨੂੰ ਵਿਖਾਉਂਦਿਆਂ ''ਅਣਕੱਜੇ ਮੁੱਖ

ਨਾਲ'' ਆਪਣਾ ਸੰਦੇਸ਼ ਦਿੱਤਾ। ***katoptrizō*** (ਕੈਟੋਪਟ੍ਰਿਜ਼ੋ) ਤੋਂ ਕਿਰਿਆ ਸ਼ਬਦ ਮੱਧ ਸੁਰ ਵਿਚ ਹੈ ਅਤੇ ਇਸ ਦਾ ਸਹੀ ਅਨੁਵਾਦ ''ਦਰਸਾਉਣਾ'' ਹੋ ਸਕਦਾ ਹੈ। (ਬਾਉਰ, 535.) [40]ਜੇ. ਡੀ. ਡਗਲਸ ਐਂਡ ਮੈਰਿਲ ਸੀ. ਟੈਨੀ, ਸੰਪਾ. *ਦ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਬਾਈਬਲ,* ਪਿਕਟੋਰੀਅਲ ਐਡਿਸ਼ਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1987), 1025.

[41]*ਥਿਓਲੋਜਿਕਲ ਵਰਡਬੁਕ ਆਫ਼ ਦ ਓਲਡ ਟੈਸਟਾਮੈਂਟ,* ਸੰਪਾ. ਆਰ. ਲੇਅਰਡ ਹੈਰਿਸ, ਗਲੇਸਨ ਐਲ. ਆਰਚਰ ਜੂਨੀ., ਐਂਡ ਬਰੂਸ ਕੇ. ਵਾਲਟੇਕ (ਸ਼ਿਕਾਗੋ: ਮੂਡੀ ਪ੍ਰੈੱਸ, 1980), 1:403 ਵਿਚ ਜੌਨ ਈ. ਹਾਰਟਲੇ, ''***torah.***'' [42]NIV 1984 ਇਨ੍ਹਾਂ ਆਇਤਾਂ ਦੇ ਸਹੀ ਅਨੁਵਾਦ ਦੇ ਕਾਫ਼ੀ ਕਰੀਬ ਹੈ। NASB ਸਣੇ ਕਈ ਸੰਸਕਰਣਾਂ ਵਿਚ ਇਬਰਾਨੀਆਂ 11:11 ਦਾ ਅਨੁਵਾਦ ਇਸ ਤਰ੍ਹਾਂ ਨਾਲ ਕੀਤਾ ਗਿਆ ਹੈ ਜੋ ਸਾਰਾਹ ਨੂੰ ਗਰਭਵਤੀ ਹੋਣ ਦੀ ਸ਼ਕਤੀ ਮਿਲਣ ਦੀ ਗੱਲ ਕਹਿੰਦਾ ਹੈ। ਯੂਨਾਨੀ ਵਿਚ ਇਸ ਆਇਤ ਦੇ ਮੂਲ ਪਠਨ ਦੇ ਬੰਧ ਵਿਚ ਕਈ ਧਰਮਸ਼ਾਸਤਰੀ ਆਲੋਚਨਾਤਮਕ ਸਵਾਲ ਪਾਏ ਜਾਂਦੇ ਹਨ। ਇਹ ਸਵਾਲ ਮੁੱਖ ਸ਼ਬਦ (***steira***, ਸਟੇਰਾ ''ਬਾਂਝ'') ਦੇ ਤਿਲ ਭਰ ਲਿਖੇ ਜਾਣ ਅਤੇ ਸ਼ਾਮਿਲ ਕਿਤੇ ਜਾਣ ਨੂੰ ਕੱਢਣ ਨਾਲ ਸਬੰਧਿਤ ਹੈ। ਤਾਂ ਵੀ ਜੋ ਸਭ ਤੋਂ ਮਹੱਤਵਪੂਰਣ ਅਤੇ ਨਿਰਣਾਇਕ ਗੱਲ ਲਗਦੀ ਹੈ ਉਹ (***eis katabolēn spermatos***, ਈਸ ਕੈਟਾਬੋਲੇਨ ਸਪਰਮਾਟੋਸ) ਵਾਕਅੰਸ਼ ਹੈ ਜਿਸ ਦਾ ਮੂਲ ਅਰਥ ''ਅੰਸ ਦੀ ਸਥਾਪਨਾ ਲਈ'' ਹੈ। ਇਸ ਬੱਚੇ ਨੂੰ ਜੰਮਣ ਜਾਂ ਉਸ ਦੀ ਵਸ਼ਾਵਲੀ ਤੈਅ ਕਰਨ ਵਿਚ ਪੁਰਖ ਦੀ ਭੂਮਿਕਾ ਵਿਚ ਵਰਤਿਆ ਜਾਣਾ ਵਾਲਾ ਤਕਨੀਕੀ ਸ਼ਬਦ ਹੈ। ਇਸ ਕਰਕੇ ਇੱਥੇ ਸਾਰਾਹ ਦੇ ਗਰਭਵਤੀ ਹੋਣ ਦੇ ਯੋਗ ਹੋਣ ਦੀ ਨਹੀਂ ਬਲਕਿ ਅਬਰਾਹਾਮ ਦੇ ਨਿਹਚਾ ਨਾਲ ਜਨਮ ਦੇਣ ਦੇ ਯੋਗ ਹੋਣ ਦੀ ਗੱਲ ਹੈ। ਪੂਰੇ ਸੰਦਰਭ ਵਿਚ ਮੁੱਖ ਕਿਰਦਾਰ ਅਬਰਾਹਾਮ ਸੀ (ਇਬਰਾਨੀਆਂ 11:8–12)। ਹੋਰ ਜਾਣਕਾਰੀ ਲਈ ਵੇਖੋ, ਐਫ਼. ਐਫ਼. ਬਰੂਸ, *ਦ ਐਪਿਸਟਲ ਟੂ ਦ ਹਿਬਰੂਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1964), 299–302. [43]ਬਾਉਰ, 658. [44]ਐਫ਼. ਐਫ਼. ਬਰੂਸ ਨੇ ਧਿਆਨ ਦੁਆਇਆ ਕਿ ਆਪਣੀ ਮਨਬਦਲੀ ਤੋਂ ਪਹਿਲਾਂ ਜੇ ਪੌਲੁਸ ਰੱਬੀਆਂ ਦੀ ਪਾਠਸ਼ਾਲਾ ਵਿਚ ਇਸ ਅਭਿਆਸ ਨੂੰ ਲੈ ਲੈਂਦਾ ਤਾਂ ਉਹਦੀ ਤੁਲਨਾ ਬਿਲਕੁਲ ਫ਼ਰਕ ਹੋਣੀ ਸੀ ਕਿ ''ਇਸਹਾਕ ਚੁਣੇ ਹੋਏ ਲੋਕਾਂ ਦਾ ਪੁਰਖਾ ਸੀ ਜਦਕਿ ਇਸਮਾਏਲੀ ਲੋਕ ਗੈਰਕੌਮ ਹਨ। ਯਹੂਦੀ ਲੋਕ ਅਜ਼ਾਦ ਤੀਵੀਂ [ਸਾਰਾਹ] ਦੀ ਸੰਤਾਨ ਹਨ; ਜਦਕਿ ਗੈਰਕੌਮ ਲੋਕ ਗੋੱਲੀ [ਹਾਜਰਾ] ਦੀ ਸੰਤਾਨ ਹੈ। ਯਹੂਦੀਆਂ ਨੂੰ ਸ਼ਰ੍ਹਾ ਦਾ ਅਜ਼ਾਦ ਕਰਨ ਵਾਲਾ ਗਿਆਨ ਮਿਲਿਆ ਹੈ। ਜਦਕਿ ਗੈਰਕੌਮ ਲੋਕ ਅਗਿਆਨਤਾ ਅਤੇ ਪਾਪ ਦੀ ਗੁਲਾਮੀ ਵਿਚ ਹਨ।'' (ਐਫ਼. ਐਫ਼. ਬਰੂਸ, *ਦ ਐਪਿਸਟਲ ਟੂ ਦ ਗਲੇਸ਼ੀਅੰਜ਼,* ਦ ਨਿਊ ਇੰਟਰਨੈਸ਼ਨਲ ਗ੍ਰੀਕ ਟੈਸਟਾਮੈਂਟ ਕਮੈਂਟਰੀ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982], 218–19)। [45]ਲਿੱਡਲ ਐਂਡ ਸਕੌਟ, 1735. [46]ਲਾਈਟਫੁਟ, 181 ਤੋਂ ਲਿਆ ਗਿਆ। [47]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਗਲੇਸ਼ੀਅੰਜ਼, ਫ਼ਿਲਿੱਪੀਅੰਜ਼, ਕੋਲੋਸ਼ਿਅੰਜ਼* (ਆਸਟਿਨ, ਟੈਕਸਸ: ਫ਼ਰਮ ਫ਼ਾਉਂਡੇਸ਼ਨ ਪਬਲੀਸ਼ਿੰਗ ਹਾਊਸ, 1977), 83 ਤੋਂ ਲਿਆ ਗਿਆ। [48]ਵੇਖੋ 4:30, ਜਿਹੜਾ ਉਤਪਤ 21:10 ਤੋਂ ਦੁਹਰਾਇਆ ਗਿਆ ਹੈ। [49]LXX (ਸਪਤਤੀ) ਵਿਚ (***paizō***, ''ਖੇਡਣਾ'') ਦੇ ਨਾਲ ***tsachaq*** ਦਾ ਅਨੁਵਾਦ ਕੀਤਾ ਗਿਆ ਹੈ। [50]*ਥਿਓਲੋਜਿਕਲ ਵਰਡਬੁਕ ਆਫ਼ ਦ ਓਲਡ ਟੈਸਟਾਮੈਂਟ,* ਸੰਪਾ. ਆਰ. ਲੇਅਰਡ ਹੈਰਿਸ, ਗਲੇਸਨ ਐਲ. ਆਰਚਰ, ਜੂਨੀ. ਐਂਡ ਬਰੂਸ ਕੇ. ਵਾਲਟਰ (ਸ਼ਿਕਾਗੋ: ਮੂਡੀ ਪ੍ਰੈੱਸ, 1980), 2:763. ਵਿਚ ਜੇ. ਬਾਰਟਨ ਪੇਅਨ, ''***tsachaq.***''

[51]ਇਸਮਾਏਲ ਚੋਦਾਂ ਵਰ੍ਹਿਆਂ ਦਾ ਸੀ ਜਦ ਇਸਹਾਕ ਦਾ ਜਨਮ ਹੋਇਆ (ਉਤਪਤ 16:16; 21:5; ਵੇਖੋ 17:24, 25)। ਇਸ ਦੇ ਇਲਾਵਾ ਦੁੱਧ ਛੁਡਾਏ ਜਾਣ ਦੇ ਸਮੇਂ ਇਸਹਾਕ ਤਿੰਨ ਵਰ੍ਹਿਆਂ ਦਾ ਹੀ ਹੋਵੇਗਾ। ਇਸ ਦਾ ਅਰਥ ਇਹ ਹੋਇਆ ਕਿ ਉਤਪਤ 21:8 ਵਿਚ ਜਸ਼ਨ ਦੇ ਸਮੇਂ ਇਸਮਾਏਲ ਸੋਲਾਂ ਵਰ੍ਹਿਆਂ ਦਾ ਹੋਵੇਗਾ। [52]ਜੌਨਸਨ, 131. [53]ਪਰ ਜ਼ਰੂਰੀ ਨਹੀਂ ਹੈ ਕਿ ਅਸੀਂ ਇਹ ਨਿਚੋੜ ਕੱਢੀਏ ਕਿ ਹਾਜਰਾ ਨੂੰ ਤੁੱਛ ਜਾਣੀ

ਗਈ ਤੀਵੀਂ ਵਜੋਂ ਪੇਸ਼ ਕੀਤਾ ਗਿਆ ਸੀ। ਉਤਪਤ 21:14–21 ਵਿਚ ਪਰਮੇਸ਼ੁਰ ਨੇ ਹਾਜਰਾ ਦੀ ਪ੍ਰਾਰਥਨਾ ਸੁਣੀ ਅਤੇ ਉਸ ਦੀ ਨਿਰਾਸ਼ਾ ਵਿਚ ਉਸ ਨੂੰ ਅਤੇ ਇਸਮਾਏਲ ਨੂੰ ਕੱਢੇ ਜਾਣ ਵੇਲੇ ਤਸੱਲੀ ਦਿੱਤੀ ਗਈ। [54]ਵੇਖੋ 3:28; 5:6; 1 ਕੁਰਿੰਥੀਆਂ 7:19; 12:13; ਅਫ਼ਸੀਆਂ 6:8. [55]ਵੇਖੋ ਯੂਹੰਨਾ 3:14–17, 36; 5:24, 39, 40; 11:25, 26; 14:6. [56]ਵੇਖੋ ਮੱਤੀ 26:24, 54; ਲੂਕਾ 24:26, 27, 45, 46. [57]ਵਧੇਰੇ ਜਾਣਕਾਰੀ ਲਈ, ਸਫ਼ੇ 205–7 ਤੇ ਵੇਖੋ *ਵਾਧੂ ਅਧਿਐਨ: ਯੂਨਾਨੀ ਭਾਸ਼ੀਆਂ ਦਾ ਫੈਲਾਅ।* [58]ਘੱਟੋ ਘੱਟ ਅਠਾਰਾਂ ਹੋਰ ਸ਼ਹਿਰਾਂ ਦੇ ਨਾਂਅ ਵੀ ਸਿਕੰਦਰ ਦੇ ਨਾਂਅ ਤੋਂ ਰੱਖੇ ਗਏ ਸਨ। [59]ਪਲੇਟੋ ਫੇਡੋ 109ਅ. [60]ਸ਼ਕਤੀਸ਼ਾਲੀ ਰੋਮੀ ਸ਼ਕਤੀ ਦੇ ਯੂਨਾਨੀ ਭਾਸ਼ਾ ਅਤੇ ਸੱਭਿਆਚਾਰ ਦੇ ਨਾਲ ਮਿਲਨ ਤੋਂ ਜੋ ਨਿੱਕਲਿਆ, ਉਸ ਨੂੰ ''ਰੋਮੀ ਯੂਨਾਨੀਵਾਦ'' ਕਿਹਾ ਜਾਂਦਾ ਹੈ।

[61]ਫ੍ਰਾਂਸਿਸ ਫੋਲਕਸ, *ਦ ਲੈਟਰ ਆਫ਼ ਪੌਲ ਟੂ ਦ ਇਫ਼ਿਸੀਅੰਜ਼,* ਸੋਧਿਆ ਅੰਕ, ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਡਰਮੈਂਸ ਪਬਲੀਸ਼ਿੰਗ ਕੰ., 1989), 111. [62]ਵੇਖੋ ਗਿਣਤੀ 16:22; 27:16; ਇਬਰਾਨੀਆਂ 12:9; ਪ੍ਰਕਾਸ਼ 22:6. [63]''ਗ੍ਰਹਾਂ'' ਲਈ ਯੂਨਾਨੀ ਸ਼ਬਦ (***planētes***, ਪਲੇਨੇਟਸ) ਦਾ ਅਰਥ ''ਘੁਮੱਕੜ'' ਹੋਇਆ ਹੈ। [64]ਇਸ ਸ਼ਬਦ ਦਾ ਮੂਲ ਅਰਥ ਹੈ ''ਹੋਰ ਪਾਉਣ ਦੀ ਇੱਛਾ।'' [65]ਐਫ਼. ਬੱਲਾਸ ਐਂਡ ਏ. ਡੇਬਰੱਨਰ, *ਏ ਗ੍ਰੀਕ ਗ੍ਰਾਮਰ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਅਨੁਵਾਦ ਅਤੇ ਵਿਸਤਾਰ ਰੌਬਰਟ ਡਬਲਯੂ. ਫ਼ੰਕ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1961), 134 (ਨੰਬਰ 258)। [66]ਵਿਲੀਅਮ ਕੌਪਰ, ''ਓ ਫਾਰ ਏ ਕਲੋਜ਼ਰ ਵਾਕ ਵਿਦ ਗਾਡ'' *ਸੌਂਗਸ ਆਫ਼ ਫ਼ੇਥ ਐਂਡ ਪ੍ਰੇਜ਼,* ਕੰਪੋਜਿਸ਼ਨ ਐਂਡ ਐਡਿਟਿੰਗ ਅਲਟੋਨ ਐਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਿੰਗ ਕੰ., 1994)। [67]ਇਕ ਉਦਾਹਰਣ ਫ਼ੇਲਿਕਸ ਦੇ ਨਾਲ ਪੌਲੁਸ ਦਾ ਮੁੱਕਦਮਾ ਹੈ ਜਿਸ ਨੇ ''ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ'' ਦੇ ਵਿਖੇ ਪੌਲੁਸ ਦੀ ਦਲੀਲ ਤੋਂ ''ਭੈ ਖਾਧਾ'' (ਕਰਤੱਬ 24:25)। [68]ਬਾਉਰ, 4. [69]ਡੀ. ਏ. ਕਾਰਸਨ, *ਦ ਗੌਸਪਲ ਅਕਾਰਡਿੰਗ ਟੂ ਜੌਨ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1991), 415–16. [70]ਬਾਉਰ, 211.

[71]ਸਾਨੂੰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ''ਪ੍ਰੇਮ'' (***agapē***, ਅਗਾਪੇ) ਭਾਵਨਾ ਨਾਲੋਂ ਕਿਤੇ ਵਧਕੇ ਹੈ।